@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 12 January 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸੋਮਵਾਰ 12 ਜਨਵਰੀ 2026, 29 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 69, qpatrika@gmail.com ਫੋਨ : 9971359517 www.qaumipatrika.org

## ‘ਕੁੱਤੇ ਇਨਸਾਨੀ ਡਰ ਪਛਾਣਦੇ ਹਨ, ਇਸ ਲਈ ਵੱਢਦੇ ਹਨ’: ਸੁਪਰੀਮ ਕੋਰਟ

ਨਵੀਂ ਦਿੱਲੀ 11 ਜਨਵਰੀ। ਸੁਪਰੀਮ ਕੋਰਟ ਨੇ ਕਿਹਾ ਕਿ ਉਸ ਨੇ ਸੜਕਾਂ ਤੋਂ ਹਰ ਕੁੱਤੇ ਨੂੰ ਹਟਾਉਣ ਦਾ ਨਿਰਦੇਸ਼ ਨਹੀਂ ਦਿੱਤਾ ਹੈ ਅਤੇ ਉਸ ਦਾ ਨਿਰਦੇਸ਼ ਐਨੀਮਲ ਬਰਥ ਕੰਟਰੋਲ ਦੇ ਨਿਯਮਾਂ ਤਹਿਤ ਇਨ੍ਹਾਂ ਆਵਾਰਾ ਕੁੱਤਿਆਂ ਨਾਲ ਨਜਿੱਠਣ ਨਾਲ ਸਬੰਧਤ ਸੀ। ਆਵਾਰਾ ਕੁੱਤਿਆਂ ਦੇ ਮਾਮਲੇ ’ਚ ਦਲੀਲਾਂ ਸੁਣਦੇ ਹੋਏ ਅਦਾਲਤ ਨੇ ਕਿਹਾ ਕਿ ਕੁੱਤੇ ਇਨਸਾਨੀ ਡਰ ਪਛਾਣਦੇ ਹਨ, ਇਸ ਲਈ ਵੱਢਦੇ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਕੁੱਤੇ ਉਨ੍ਹਾਂ ਲੋਕਾਂ ਨੂੰ ਸੁੰਘ ਸਕਦੇ ਹਨ ਜੋ ਜਾਂ ਤਾਂ ਉਨ੍ਹਾਂ ਤੋਂ ਡਰਦੇ ਹਨ ਜਾਂ ਜਿਨ੍ਹਾਂ ਨੂੰ ਪਹਿਲਾਂ ਕੁੱਤੇ ਨੇ ਵੱਢਿਆ ਹੋਵੇ ਅਤੇ ਉਹ ਅਜਿਹੇ ਲੋਕਾਂ ’ਤੇ ਹਮਲਾ ਕਰ ਦਿੰਦੇ ਹਨ। ਜਸਟਿਸ



ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐਨ. ਵੀ. ਅੰਜਾਰੀਆ ਦੀ ਵਿਸ਼ੇਸ਼ ਬੈਂਚ, ਕੁੱਤਾ ਪ੍ਰੇਮੀਆਂ ਵੱਲੋਂ ਦਾਇਰ ਉਨ੍ਹਾਂ ਪਟੀਸ਼ਨਾਂ ’ਤੇ ਸੁਣਵਾਈ ਕਰ ਰਹੀ ਹੈ, ਜਿਨ੍ਹਾਂ ਵਿਚ ਅਦਾਲਤ ਦੇ ਪਿਛਲੇ ਹੁਕਮਾਂ ’ਚ ਸੋਧ ਅਤੇ ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਮੰਗ ਕੀਤੀ ਗਈ ਸੀ। ਬੈਂਚ ਨੇ ਸੀਨੀਅਰ ਐਡਵੋਕੇਟ ਸੀ. ਯੂ. ਸਿੰਘ, ਕ੍ਰਿਸ਼ਨਨ ਵੇਣੂਗੋਪਾਲ, ਧਰੁਵ ਮਹਿਤਾ, ਗੋਪਾਲ ਸ਼ੰਕਰਨਾਰਾਇਣਨ, ਸ਼ਿਆਮ ਦੀਵਾਨ, ਸਿਧਾਰਥ ਲੂਥਰਾ ਅਤੇ ਕਰੁਣਾ ਨੰਦੀ ਸਮੇਤ ਕਈ ਵਕੀਲਾਂ ਦੀਆਂ ਦਲੀਲਾਂ ਸੁਣੀਆਂ। ਆਪਣੀਆਂ ਦਲੀਲਾਂ ਦੌਰਾਨ ਸੀ. ਯੂ. ਸਿੰਘ ਨੇ ਕਿਹਾ ਕਿ ਕੁੱਤਿਆਂ ਨੂੰ ਅਚਾਨਕ ਹਟਾਉਣ ਨਾਲ ਚੂਹਿਆਂ ਦੀ ਗਿਣਤੀ ਵਧ ਜਾਵੇਗੀ, ਜਿਸ ਦੇ ਗੰਭੀਰ ਸਿੱਟੇ ਨਿਕਲਣਗੇ। ਇਸ ’ਤੇ ਜਸਟਿਸ ਮਹਿਤਾ ਨੇ ਹਲਕੇ-ਫੁਲਕੇ ਅੰਦਾਜ਼ ਵਿਚ ਕਿਹਾ ਕਿ ਕੁੱਤੇ ਅਤੇ ਬਿੱਲੀਆਂ ਦੁਸ਼ਮਣ ਹਨ। ਬਿੱਲੀਆਂ ਚੂਹਿਆਂ ਨੂੰ ਮਾਰਦੀਆਂ ਹਨ। ਇਸ ਲਈ ਸਾਨੂੰ ਬਿੱਲੀਆਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ। ਮਾਮਲੇ ਦੀ ਸੁਣਵਾਈ ਦੌਰਾਨ ਇਕ ਵਕੀਲ ਨੇ ਬੁਨਿਆਦੀ ਢਾਂਚੇ ਦੀ ਘਾਟ, ਜਿਸ ’ਚ ਕੁੱਤਿਆਂ ਦੇ ਸ਼ੈਲਟਰ ਵੀ ਸ਼ਾਮਲ ਹਨ, ਦਾ ਜ਼ਿਕਰ ਕੀਤਾ ਤਾਂ ਅਦਾਲਤ ਨੇ ਕਿਹਾ ਕਿ ਅਸੀਂ ਸਾਰੇ ਇਸ ਗੱਲ ਤੋਂ ਜਾਣੂ ਹਾਂ। ਅਦਾਲਤ ਨੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਸਾਨੂੰ ਦੱਸੋ ਕਿ ਹਰ ਹਸਪਤਾਲ ਦੇ ਲਾਂਘਿਆਂ, ਵਾਰਡਾਂ ਅਤੇ ਮਰੀਜ਼ਾਂ ਦੇ ਬਿਸਤਰਿਆਂ ਕੋਲ ਕਿੰਨੇ ਕੁੱਤੇ ਘੁੰਮਦੇ ਦਿਖਾਈ ਦੇਣੇ ਚਾਹੀਦੇ ਹਨ? ਇਕ ਹੋਰ ਵਕੀਲ ਨੇ ਰਿਹਾਇਸ਼ੀ ਕੰਪਲੈਕਸਾਂ ਵਿਚ ਆਵਾਰਾ ਕੁੱਤਿਆਂ ਦੇ ਵਧ ਰਹੇ ਖ਼ਤਰੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਨਤਕ ਰਸਤਿਆਂ ਨੂੰ ਸੁਰੱਖਿਅਤ ਰੱਖਣਾ ਜ਼ਰੂਰੀ ਹੈ।

## ’ਇਕ ਦਿਨ ਹਿਜਾਬ ਪਹਿਨਣ ਵਾਲੀ ਮਹਿਲਾ ਬਣੇਗੀ ਭਾਰਤ ਦੀ ਪ੍ਰਧਾਨ ਮੰਤਰੀ’: ਅਸਦੁਦੀਨ ਓਵੈਸੀ

ਮੁੰਬਈ 11 ਜਨਵਰੀ। ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਿਮੀਨ ਮੁਖੀ ਅਸਦੁਦੀਨ ਓਵੈਸੀ ਨੇ ਇਕ ਵਾਰ ਫਿਰ ਆਪਣੇ ਬਿਆਨ ਨਾਲ ਸਿਆਸੀ ਹਲਕਿਆਂ ’ਚ ਚਰਚਾ ਛੇੜ ਦਿੱਤੀ ਹੈ। 15 ਜਨਵਰੀ ਨੂੰ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਮਹਾਰਾਸ਼ਟਰ ਦੇ ਸੋਲਾਪੁਰ ’ਚ ਇਕ ਜਨਤਕ ਸਭਾ ਨੂੰ ਸੰਬੋਧਨ ਕਰਦਿਆਂ ਓਵੈਸੀ ਨੇ ਕਿਹਾ ਕਿ ਇਕ ਦਿਨ ਹਿਜਾਬ ਪਹਿਨਣ ਵਾਲੀ ਮਹਿਲਾ ਭਾਰਤ ਦੀ ਪ੍ਰਧਾਨ ਮੰਤਰੀ ਬਣੇਗੀ। ਓਵੈਸੀ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਸਾਰੇ ਭਾਈਚਾਰਿਆਂ ਦੇ ਲੋਕਾਂ ਨੂੰ ਬਰਾਬਰ ਦਾ ਦਰਜਾ ਦਿੰਦਾ ਹੈ, ਜਦਕਿ ਪਾਕਿਸਤਾਨ ਦਾ ਸੰਵਿਧਾਨ ਚੋਟੀ ਦੇ ਸੰਵਿਧਾਨਕ ਅਹੁਦਿਆਂ ਨੂੰ ਸਿਰਫ਼ ਇਕ ਭਾਈਚਾਰੇ ਤੱਕ ਸੀਮਿਤ ਰੱਖਦਾ ਹੈ। ਉਨ੍ਹਾਂ ਕਿਹਾ ਕਿ ਸ਼ਾਇਦ ਉਹ ਇਹ ਦੇਖਣ ਲਈ ਜਿਉਂਦੇ ਨਾ ਰਹਿਣ, ਪਰ ਭਵਿੱਖ ’ਚ ਇਹ ਜ਼ਰੂਰ ਹੋਵੇਗਾ। ਭਾਜਪਾ ਦੇ ਸੰਸਦ ਮੈਂਬਰ ਅਨਿਲ ਬੋਂਡੇ ਨੇ ਓਵੈਸੀ ਦੇ ਇਸ ਬਿਆਨ ਨੂੰ ਗੈਰ-ਜ਼ਿੰਮੇਵਾਰਾਨਾ ਅਤੇ ਅੱਧਾ ਸੱਚ ਕਰਾਰ ਦਿੱਤਾ ਹੈ।

# ਸੋਮਨਾਥ ਮੰਦਰ ਦੇ ਪੁਨਰ ਨਿਰਮਾਣ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਅੱਜ ਵੀ ਸਰਗਰਮ: ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ

**ਸਿੰਮੀ ਕੌਰ ਬੱਬਰ**

ਗੁਜਰਾਤ 11 ਜਨਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ’ਸੋਮਨਾਥ ਸਵਾਭਿਮਾਨ ਪਰਵ’ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਸੋਮਨਾਥ ਮੰਦਰ ਦੇ ਪੁਨਰ ਨਿਰਮਾਣ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਅੱਜ ਵੀ ਸਰਗਰਮ ਹਨ। ਉਨ੍ਹਾਂ ਦੇਸ਼ਵਾਸੀਆਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਤਾਕਤਾਂ ਨੂੰ ਹਰਾਉਣ ਲਈ ਭਾਰਤ ਨੂੰ ਸੁਚੇਤ, ਇਕਜੁੱਟ ਅਤੇ ਸ਼ਕਤੀਸ਼ਾਲੀ ਰਹਿਣ ਦੀ ਲੋੜ ਹੈ। ਇਹ ਸਮਾਗਮ ਸਾਲ 1026 ’ਚ ਮਹਿਮੂਦ ਗਜ਼ਨਵੀ ਵੱਲੋਂ ਸੋਮਨਾਥ ਮੰਦਰ ’ਤੇ ਕੀਤੇ ਗਏ ਹਮਲੇ ਦੇ 1,000 ਸਾਲ ਪੂਰੇ ਹੋਣ ਦੀ ਯਾਦ ’ਚ ਕਰਵਾਇਆ ਗਿਆ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸੋਮਨਾਥ ਦਾ ਇਤਿਹਾਸ ਵਿਨਾਸ਼ ਜਾਂ ਹਾਰ ਦਾ ਨਹੀਂ, ਸਗੋਂ ਜਿੱਤ ਅਤੇ ਨਵੀਨੀਕਰਨ ਦਾ ਪ੍ਰਤੀਕ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੱਟੜਪੰਥੀ ਹਮਲਾਵਰ ਹੁਣ ਸਿਰਫ਼ ਇਤਿਹਾਸ ਦੇ ਪੰਨਿਆਂ ਤੱਕ ਸਿਮਟ ਕੇ ਰਹਿ ਗਏ ਹਨ, ਜਦਕਿ ਸੋਮਨਾਥ ਮੰਦਿਰ ਅੱਜ ਵੀ ਸ਼ਾਨ ਨਾਲ ਖੜ੍ਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਡੇ ਤੋਂ ਨਫ਼ਰਤ, ਅੱਤਿਆਚਾਰ ਅਤੇ ਡਰ ਦਾ ਅਸਲ ਇਤਿਹਾਸ ਲੁਕਾਇਆ ਗਿਆ ਅਤੇ ਸਾਨੂੰ ਸਿਰਫ਼



ਇਹ ਪੜ੍ਹਾਇਆ ਗਿਆ ਕਿ ਇਹ ਹਮਲਾ ਸਿਰਫ਼ ਮੰਦਰ ਨੂੰ ਲੁੱਟਣ ਦੀ ਕੋਸ਼ਿਸ਼ ਸੀ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਜਦੋਂ ਆਜ਼ਾਦੀ ਤੋਂ ਬਾਅਦ ਸਰਦਾਰ ਵੱਲਭਭਾਈ ਪਟੇਲ ਨੇ ਮੰਦਰ ਦੇ ਪੁਨਰ ਨਿਰਮਾਣ ਦਾ ਸੰਕਲਪ ਲਿਆ ਸੀ, ਤਾਂ ਉਨ੍ਹਾਂ ਦੇ ਰਾਹ ’ਚ ਵੀ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਤੁਸ਼ਟੀਕਰਨ ਦੀ ਰਾਜਨੀਤੀ ’ਚ ਸ਼ਾਮਲ ਲੋਕ ਕੱਟੜਪੰਥੀ ਸੋਚ ਵਾਲਿਆਂ ਅੱਗੇ ਝੁਕ ਗਏ ਸਨ। ਉਨ੍ਹਾਂ ਮੁਤਾਬਕ, ਇਹੋ ਜਿਹੀਆਂ ਤਾਕਤਾਂ ਅੱਜ ਵੀ ਸਾਡੇ ਵਿਚਕਾਰ ਮੌਜੂਦ ਹਨ ਜੋ ਦੇਸ਼ ਦੀ ਤਰੱਕੀ ’ਚ ਰੁਕਾਵਟ ਪਾਉਂਦੀਆਂ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸੋਮਨਾਥ ਦੀ ਗਾਥਾ ਅਸਲ ’ਚ ਭਾਰਤ ਦੀ ਕਹਾਣੀ ਹੈ। ਜਿਸ ਤਰ੍ਹਾਂ ਵਿਦੇਸ਼ੀ ਹਮਲਾਵਰਾਂ ਨੇ ਕਈ ਵਾਰ ਇਸ ਮੰਦਰ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ, ਉਸੇ ਤਰ੍ਹਾਂ ਭਾਰਤ ਨੂੰ ਵੀ ਕਈ ਵਾਰ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਪਰ 1,000 ਸਾਲਾਂ ਬਾਅਦ ਵੀ ਸੋਮਨਾਥ ਦਾ ਝੰਡਾ ਉੱਚਾ ਲਹਿਰਾ ਰਿਹਾ ਹੈ, ਜੋ ਭਾਰਤ ਦੀ ਅਟੱਲ ਸ਼ਰਧਾ ਅਤੇ ਰਾਸ਼ਟਰੀ ਮਾਣ ਦਾ ਪ੍ਰਤੀਕ ਹੈ। ਉਨ੍ਹਾਂ ਇਸ 1,000 ਸਾਲਾਂ ਦੇ ਸੰਘਰਸ਼ ਨੂੰ ਵਿਸ਼ਵ ਇਤਿਹਾਸ ’ਚ ਬੇਮਿਸਾਲ ਕਰਾਰ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਤਵਾਰ ਨੂੰ ’ਸੋਮਨਾਥ ਸਵਾਭਿਮਾਨ ਪਰਵ’ ਦੇ ਜਸ਼ਨਾਂ ਦੇ ਹਿੱਸੇ ਵਜੋਂ ਗੁਜਰਾਤ ਦੇ ਇਤਿਹਾਸਕ ਸੋਮਨਾਥ ਮੰਦਰ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਵੈਦਿਕ ਮੰਤਰਾਂ ਦੇ ਉਚਾਰਨ ਵਿਚਕਾਰ ਭਗਵਾਨ ਸੋਮਨਾਥ ਦਾ ’ਅਭਿਸ਼ੇਕ’ ਕੀਤਾ ਅਤੇ ’ਆਰਤੀ’ ਉਤਾਰੀ। ਪੂਜਾ ਤੋਂ ਬਾਅਦ ਪੀਐੱਮ ਮੋਦੀ ਨੇ ਮੰਦਰ ਦੇ ਪੁਜਾਰੀਆਂ, ਪ੍ਰਸ਼ਾਸਨ ਅਤੇ ਗੁਰੂਕੁਲ ਦੇ ਬੱਚਿਆਂ ਨਾਲ ਵੀ ਮੁਲਾਕਾਤ ਕੀਤੀ।

## ਤੁਰਕਮਾਨ ਗੇਟ ਹਿੰਸਾ ਮਾਮਲਾ: 5 ਮੁਲਜ਼ਮ 13 ਦਿਨਾਂ ਦੀ ਨਿਆਇਕ ਹਿਰਾਸਤ ’ਚ, ਹੁਣ ਤੱਕ 18 ਗ੍ਰਿਫਤਾਰੀਆਂ

ਨਵੀਂ ਦਿੱਲੀ 11 ਜਨਵਰੀ। ਦਿੱਲੀ ਦੀ ਇੱਕ ਅਦਾਲਤ ਨੇ ਤੁਰਕਮਾਨ ਗੇਟ ਸਥਿਤ ਫ਼ੈਜ਼-ਏ-ਇਲਾਹੀ ਮਸਜਿਦ ਦੇ ਨੇੜੇ ਹੋਈ ਪਥਰਾਅ ਦੀ ਘਟਨਾ ਦੇ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਪੰਜ ਵਿਅਕਤੀਆਂ ਨੂੰ 13 ਦਿਨਾਂ ਦੀ ਨਿਆਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਨ੍ਹਾਂ ਮੁਲਜ਼ਮਾਂ ਦੀ ਪਛਾਣ ਮੁਹੰਮਦ ਆਰਿਬ, ਕਾਸ਼ਿਫ, ਅਦਨਾਨ, ਮੁਹੰਮਦ ਕੈਫ਼ ਅਤੇ ਸਮੀਰ ਵਜੋਂ ਹੋਈ ਹੈ। ਅਦਾਲਤ ਨੇ ਸਾਰੇ ਪੰਜ ਮੁਲਜ਼ਮਾਂ ਦੀ ਜ਼ਮਾਨਤ ਪਟੀਸ਼ਨ ’ਤੇ ਸੁਣਵਾਈ ਲਈ ਸ਼ੁੱਕਰਵਾਰ ਦਾ ਦਿਨ ਤੈਅ ਕੀਤਾ ਹੈ। ਦਿੱਲੀ ਪੁਲਸ ਨੇ ਇਨ੍ਹਾਂ ਖਿਲਾਫ ਭਾਰਤੀ ਨਿਆ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਅਤੇ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣ ਸਬੰਧੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਵਿੱਚ ਹੁਣ ਤੱਕ ਕੁੱਲ 18 ਗ੍ਰਿਫਤਾਰੀਆਂ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਇੱਕ ਨਾਬਾਲਗ ਵੀ ਸ਼ਾਮਲ ਹੈ। ਵੀਰਵਾਰ ਨੂੰ ਛੇ ਹੋਰ ਵਿਅਕਤੀਆਂ – ਅਫਾਨ, ਆਦਿਲ, ਸ਼ਾਹਨਵਾਜ਼, ਹਮਜ਼ਾ, ਅਤਹਰ ਅਤੇ ਉਬੈਦ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਸ ਸੂਤਰਾਂ ਅਨੁਸਾਰ, ਇਹ ਹਿੰਸਾ ਉਦੋਂ ਭੜਕੀ ਜਦੋਂ ਸੋਸ਼ਲ ਮੀਡੀਆ ’ਤੇ ਇਕ ਪੋਸਟ ਰਾਹੀਂ ਇਹ ਅਫ਼ਵਾਹ ਫੈਲਾਈ ਗਈ ਕਿ ਨਾਜਾਇਜ਼ ਕਬਜ਼ਾ ਵਿਰੋਧੀ ਮੁਹਿੰਮ ਦੌਰਾਨ ਮਸਜਿਦ ਨੂੰ ਢਾਹਿਆ ਜਾ ਰਿਹਾ ਹੈ। ਇਸ ਤੋਂ ਬਾਅਦ ਕਰੀਬ 150 ਤੋਂ 200 ਲੋਕਾਂ ਦੀ ਭੀੜ ਇਕੱਠੀ ਹੋ ਗਈ ਅਤੇ ਉਨ੍ਹਾਂ ਨੇ ਪੁਲਸ ਤੇ ਨਗਰ ਨਿਗਮ ($34) ਦੇ ਕਰਮਚਾਰੀਆਂ ’ਤੇ ਪੱਥਰ ਅਤੇ ਕੱਚ ਦੀਆਂ ਬੋਤਲਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਇਸ ਪਥਰਾਅ ਦੌਰਾਨ ਇਲਾਕੇ ਦੇ ਥਾਣਾ ਇੰਚਾਰਜ ਸਮੇਤ ਪੰਜ ਪੁਲਸ ਕਰਮਚਾਰੀ ਜ਼ਖ਼ਮੀ ਹੋ ਗਏ। ਇਹ ਘਟਨਾ ਮੰਗਲਵਾਰ ਅਤੇ ਬੁੱਧਵਾਰ ਦੀ ਦਰਮਿਆਨੀ ਰਾਤ ਨੂੰ ਰਾਮਲੀਲਾ ਮੈਦਾਨ ਦੇ ਨੇੜੇ ਵਾਪਰੀ ਸੀ। ਐਮਸੀਡੀ ($34) ਦੇ ਡਿਪਟੀ ਕਮਿਸ਼ਨਰ ਵਿਵੇਕ ਕੁਮਾਰ ਨੇ ਸਪੱਸ਼ਟ ਕੀਤਾ ਕਿ ਮੁਹਿੰਮ ਦੌਰਾਨ ਲਗਭਗ 36,000 ਵਰਗ ਫੁੱਟ ਨਾਜਾਇਜ਼ ਕਬਜ਼ੇ ਵਾਲੀ ਜਗ?ਹਾ ਨੂੰ ਖਾਲੀ ਕਰਵਾਇਆ ਗਿਆ ਹੈ। ਇਸ ਦੌਰਾਨ ਇੱਕ ਸਿਹਤ ਜਾਂਚ ਕੇਂਦਰ, ਇੱਕ ਵਿਆਹ ਘਰ ਅਤੇ ਦੋ ਚਾਰਦੀਵਾਰੀ ਢਾਹ ਦਿੱਤੀ ਗਈ ਸੀ, ਪਰ ਮਸਜਿਦ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਪਹੁੰਚਾਇਆ ਗਿਆ ਹੈ।

# ‘ਆਪਰੇਸ਼ਨ ਸਿੰਦੂਰ’ ਸਿਰ.ਫ ਰੁਕਿਆ ਹੈ, ਖ਼ਤਮ ਨਹੀਂ ਹੋਇਆ : ਫੌਜ ਮੁਖੀ ਅਨਿਲ ਚੌਹਾਨ

ਕੌਮੀ ਪਤ੍ਰਿਕਾ

ਪੁਣੇ 11 ਜਨਵਰੀ। ਭਾਰਤ ਦੇ ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ ਨੇ ਪਾਕਿਸਤਾਨ ਦੀ ਰੱਖਿਆ ਰਣਨੀਤੀ ਅਤੇ ਭਾਰਤ ਦੀਆਂ ਭਵਿੱਖੀ ਫੌਜੀ ਯੋਜਨਾਵਾਂ ਨੂੰ ਲੈ ਕੇ ਅਹਿਮ ਖੁਲਾਸੇ ਕੀਤੇ ਹਨ। ਉਨ੍ਹਾਂ ਕਿਹਾ ਕਿ ’ਆਪਰੇਸ਼ਨ ਸਿੰਦੂਰ’ ਸਿਰਫ਼ ਰੁਕਿਆ ਹੈ, ਖ਼ਤਮ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ’ਆਪਰੇਸ਼ਨ ਸਿੰਦੂਰ’ ਦੇ ਦਬਾਅ ਕਾਰਨ ਪਾਕਿਸਤਾਨ ਨੂੰ ਆਪਣੇ ਸੰਵਿਧਾਨ ’ਚ ਸੋਧਾਂ ਕਰਨ ਲਈ ਮਜਬੂਰ ਹੋਣਾ ਪਿਆ ਹੈ, ਜੋ ਇਸ ਗੱਲ ਦਾ ਸਬੂਤ ਹੈ ਕਿ ਗੁਆਂਢੀ ਦੇਸ਼ ਲਈ ਹਾਲਾਤ ਠੀਕ ਨਹੀਂ ਰਹੇ। ਪੁਣੇ ਪਬਲਿਕ ਪਾਲਿਸੀ ਫੈਸਟੀਵਲ ਨੂੰ ਸੰਬੋਧਨ ਕਰਦਿਆਂ ਜਨਰਲ ਚੌਹਾਨ ਨੇ ਦੱਸਿਆ ਕਿ ਇਹ ਸੰਵਿਧਾਨਕ ਸੋਧਾਂ ਪਾਕਿਸਤਾਨ ਵੱਲੋਂ ਆਪਣੀਆਂ ਕਮੀਆਂ ਅਤੇ ਅਸਫਲਤਾਵਾਂ ਨੂੰ ਸਵੀਕਾਰ ਕਰਨ ਵਾਂਗ ਹਨ। ਪਾਕਿਸਤਾਨ ਨੇ ਆਪਣੇ ਸੰਵਿਧਾਨ ਦੀ ਧਾਰਾ 243 ’ਚ ਸੋਧ ਕਰਕੇ ’ਚੇਅਰਮੈਨ, ਜੁਆਇੰਟ ਚੀਫ਼ਸ ਆਫ਼ ਸਟਾਫ਼ ਕਮੇਟੀ’ ਦੇ ਅਹੁਦੇ ਨੂੰ ਖ਼ਤਮ ਕਰ ਦਿੱਤਾ ਹੈ। ਇਸ ਦੀ ਥਾਂ ’ਤੇ ’ਚੀਫ਼ ਆਫ਼ ਡਿਫੈਂਸ ਫੋਰਸਿਜ਼’ (346) ਦਾ ਨਵਾਂ ਅਹੁਦਾ ਬਣਾਇਆ ਗਿਆ ਹੈ। ਹਾਲਾਂਕਿ, ਜਨਰਲ ਚੌਹਾਨ ਨੇ ਨੁਕਤਾ ਉਠਾਇਆ ਕਿ ਇਹ ਨਵਾਂ ਅਹੁਦਾ ਫੌਜ ਮੁਖੀ ਦੇ ਅਧੀਨ ਹੀ ਰਹੇਗਾ, ਜੋ ਕਿ ਤਿੰਨਾਂ ਸੇਵਾਵਾਂ ਦੇ ਸਾਂਝੇਦਾਰੀ ਦੇ ਮੂਲ ਸਿਧਾਂਤ ਦੇ



ਉਲਟ ਹੈ। ਇਸ ਤੋਂ ਇਲਾਵਾ, ਪਾਕਿਸਤਾਨ ਨੇ ਆਪਣੀ ਤਾਕਤ ਨੂੰ ਕੇਂਦਰਿਤ ਕਰਨ ਲਈ ‘ਨੈਸ਼ਨਲ ਸਟ?ਰੈਟਜੀ ਕਮਾਂਡ’ ਅਤੇ ‘ਆਰਮੀ ਰੌਕੇਟ ਫੋਰਸਿਜ਼ ਕਮਾਂਡ’ ਦਾ ਗਠਨ ਵੀ ਕੀਤਾ ਹੈ। ਜਨਰਲ ਚੌਹਾਨ ਅਨੁਸਾਰ, ਇਹ ਕਦਮ ਪਾਕਿਸਤਾਨ ਦੀ ‘ਲੈਂਡ-ਸੈਂਟ੍ਰਿਕ’ (ਜ਼ਮੀਨ-ਕੇਂਦ੍ਰਿਤ) ਮਾਨਸਿਕਤਾ ਨੂੰ ਦਰਸਾਉਂਦੇ ਹਨ। ਭਾਰਤ ਦੀਆਂ ਤਿਆਰੀਆਂ ਬਾਰੇ ਗੱਲ ਕਰਦਿਆਂ CDS ਨੇ ਦੱਸਿਆ ਕਿ ਦੇਸ਼ ’ਚ ਸਾਂਝੀਆਂ ਥੀਏਟਰ ਕਮਾਂਡਾਂ ਬਣਾਉਣ ਦਾ ਕੰਮ ਆਪਣੇ ਅੰਤਿਮ ਪੜਾਅ ’ਚ ਹੈ। ਹਾਲਾਂਕਿ ਕੇਂਦਰ ਸਰਕਾਰ ਨੇ ਇਸ ਕੰਮ ਨੂੰ ਪੂਰਾ ਕਰਨ ਲਈ 30 ਮਈ, 2026 ਤੱਕ ਦਾ ਸਮਾਂ ਦਿੱਤਾ ਹੈ, ਪਰ ਭਾਰਤੀ ਹਥਿਆਰਬੰਦ ਬਲ ਇਸ ਢਾਂਚੇ ਨੂੰ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਸਥਾਪਿਤ ਕਰਨ ਲਈ ਯਤਨਸ਼ੀਲ ਹਨ। ਜਨਰਲ ਚੌਹਾਨ ਨੇ ਦੱਸਿਆ ਕਿ ਉੜੀ ਸਰਜੀਕਲ ਸਟ?ਰਾਈਕ, ਡੋਕਲਾਮ, ਗਲਵਾਨ ਟਕਰਾਅ, ਬਾਲਾਕੋਟ ਹਵਾਈ ਹਮਲੇ ਅਤੇ ਆਪਰੇਸ਼ਨ ਸਿੰਦੂਰ ਵਰਗੀਆਂ ਘਟਨਾਵਾਂ ਤੋਂ ਮਿਲੇ ਸਬਕਾਂ ਨੂੰ ਭਾਰਤੀ ਫੌਜੀ ਸੰਗਠਨ ’ਚ ਸ਼ਾਮਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਹੁਣ ਇਕ ਅਜਿਹੀ ਮਿਆਰੀ ਪ੍ਰਣਾਲੀ ਵਿਕਸਿਤ ਕਰ ਰਿਹਾ ਹੈ, ਜੋ ਕਿਸੇ ਵੀ ਤਰ੍ਹਾਂ ਦੀ ਅਚਨਚੇਤ ਸਥਿਤੀ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਹੋ ਸਕੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਆਪ੍ਰੇਸ਼ਨ ਸਿੰਦੂਰ ਫਿਲਹਾਲ ਸਿਰਫ਼ ਰੁਕਿਆ ਹੋਇਆ ਹੈ।

# ਸੁਖਬੀਰ ਬਾਦਲ ਨੇ ਲੌਂਗੋਵਾਲ ਦੀ ਨਗਰ ਕੌਂਸਲ ਪ੍ਰਧਾਨ ਨੂੰ ਅਕਾਲੀ ਦਲ ਵਿਚ ਕਰਵਾਇਆ ਸ਼ਾਮਲ

ਕੌਮੀ ਪਤ੍ਰਿਕਾ

**ਨਵਦੀਪ ਸਿੰਘ ਸਾਹਨੀ**

ਲੌਂਗੋਵਾਲ 11 ਜਨਵਰੀ। ਆਮ ਆਦਮੀ ਪਾਰਟੀ ਨੂੰ ਅੱਜ ਉਸ ਸਮੇਂ ਵੱਡਾ ਸਿਆਸੀ ਝਟਕਾ ਲੱਗਿਆ, ਜਦੋਂ ਇਲਾਕੇ ਦੇ ਸਿਰਕੱਢ ਅਤੇ ਆਮ ਆਦਮੀ ਪਾਰਟੀ ਦੇ ਫਾਉਂਡਰ ਵਰਕਰ ਕਰਮ ਸਿੰਘ ਬਰਾੜ ਅਤੇ ਉਨ੍ਹਾਂ ਦੀ ਨੂੰਹ ਅਤੇ ਸਥਾਨਕ ਨਗਰ ਕੌਂਸਲ ਦੇ ਪ੍ਰਧਾਨ ਬੀਬੀ ਪਰਮਿੰਦਰ ਕੌਰ ਬਰਾੜ ਅਤੇ ਉਨ੍ਹਾਂ ਦੇ ਪਤੀ ਕਮਲ ਬਰਾੜ ਨੇ ਆਪਣੀ ਸਮੁੱਚੀ ਟੀਮ ਸਮੇਤ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਅਤੇ ਸਥਾਨਕ ਅਕਾਲੀ ਟੀਮ ਦੇ ਯਤਨਾਂ ਨਾਲ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਮੂਲੀਅਤ ਕਰ ਲਈ। ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਸ ਸ਼ਮੂਲੀਅਤ ਨੇ ਇਹ ਦੱਸ ਦਿੱਤਾ ਹੈ ਕਿ ਜਿਥੇ ਸੂਬੇ ਦੇ ਲੋਕ ਹੀ ਨਹੀਂ ਸਗੋਂ ਆਮ ਆਦਮੀ ਪਾਰਟੀ ਦੇ ਪੁਰਾਣੇ ਵਰਕਰ ਵੀ ਇਨ੍ਹਾਂ ਦੀਆਂ ਨੀਤੀਆਂ ਤੋਂ ਤੰਗ ਆ ਕੇ ਸ਼੍ਰੋਮਣੀ ਅਕਾਲੀ ਦਲ ਅੰਦਰ ਸ਼ਾਮਲ ਹੋ ਰਹੇ ਹਨ ਅਤੇ ਜਲਦ ਹੀ ਪੰਜਾਬ ਅੰਦਰ ਝਾੜੂ ਤੀਲਾ ਤੀਲਾ ਹੋ ਜਾਵੇਗਾ?। ਉਨ੍ਹਾਂ ਕਿਹਾ ਕਿ ਸੁਨਾਮ ਹਲਕੇ ’ਚ ’ਆਪ’ ਦੇ ਮੌਜੂਦਾ ਪ੍ਰਧਾਨ ਦੇ ਹਲਕੇ ਅੰਦਰ ਵੀ ਪਾਰਟੀ ਖਾਤਮੇ ਵਲ ਵਧ ਰਹੀ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਆਓ ਪੰਜਾਬ ਦੀ ਬਿਹਤਰੀ ਲਈ ਆਪਣੀ ਖੇਤਰੀ ਪਾਰਟੀ ਅਕਾਲੀ ਦਲ ਦੀ ਸਰਕਾਰ



ਬਣਾਈਏ ਕਿਉਂਕਿ ਸੂਬੇ ਅੰਦਰ ਵਿਕਾਸ ਸਿਰਫ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਸਮੇਂ ਹੀ ਹੋਇਆ ਅਤੇ ਦੂਜੀਆਂ ਪਾਰਟੀਆਂ ਨੇ ਸਿਰਫ ਲੁੱਟ ਹੀ ਮਚਾਈ। ਇਸ ਮੌਕੇ ਬਰਾੜ ਪਰਿਵਾਰ ਨੇ ਦੋਸ਼ ਲਗਾਏ ਕਿ ਸਾਨੂੰ ਹਰ ਕਦਮ ਤੇ ਪਾਰਟੀ ਵਲੋਂ ਅਣਗੌਲਿਆ ਕੀਤਾ ਗਿਆ। ਜਿਸ ਸੋਚ ਨੂੰ ਲੈ ਕੇ ਅਸੀਂ ਆਮ ਆਦਮੀ ਪਾਰਟੀ ਵਿਚ ਆਪਣੇ ਵਾਅਦਿਆਂ ਤੋਂ ਕੋਹਾਂ ਦੂਰ ਹੈ। ਉਨ੍ਹਾਂ ਕਿਹਾ ਅੱਜ ਸਾਡਾ ਪਰਿਵਾਰ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿਚ ਆ ਬੇਹੱਦ ਖੁਸ਼ ਹੈ ਅਤੇ ਆਪ ਨੂੰ ਛੜ ਕੇ ਅਸੀਂ ਹਲਕਾ ਮਹਿਸੂਸ ਕਰ ਰਹੇ ਹਾਂ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਤਜਿੰਦਰ ਸਿੰਘ ਸੰਘਰੇੜੀ, ਗਗਨਦੀਪ ਸਿੰਘ ਖੰਡੇਬਾਦ ਹਲਕਾ ਇੰਚਾਰਜ ਲਹਿਰਾ, ਰਣਜੀਤ ਸਿੰਘ ਰੰਧਾਵਾ ਹਲਕਾ ਇੰਚਾਰਜ ਧੂਰੀ, ਹਰਪਾਲ ਸਿੰਘ ਖਡਿਆਲ ਜ਼ਿਲਾ ਇੰਚਾਰਜ, ਪਰਮਜੀਤ ਕੌਰ ਵਿਰਕ ਜ਼ਿਲਾ ਪ੍ਰਧਾਨ, ਡੈਲੀਗੇਟ ਗੁਰਮੀਤ ਸਿੰਘ ਲੱਲੀ, ਸਰਕਲ ਪ੍ਰਧਾਨ ਸੁਖਵਿੰਦਰ ਸਿੰਘ ਚਹਿਲ, ਅਵਤਾਰ ਸਿੰਘ ਦੁੱਲਟ, ਜਸਵੀਰ ਸਿੰਘ ਲੌਂਗੋਵਾਲ, ਅਮਰਜੀਤ ਸਿੰਘ ਬਡਰੁੱਖਾਂ, ਬਿੰਦਰ ਸਿੰਘ ਠੇਕੇਦਾਰ, ਅੰਜਨ ਗੁਪਤਾ, ਬਾਬਾ ਕੁਲਵੰਤ ਸਿੰਘ ਕਾਂਤੀ, ਰਣਜੀਤ ਸਿੰਘ ਕੂਕਾ, ਕਾਲੀ ਤਕੀਪੁਰ, ਸੁਖਦੇਵ ਸਿੰਘ ਸਾਹੋਕੇ,ਗੁਰਸੇਵਕ ਸਿੰਘ ਸਿੱਧੂ,ਨਿਰਮਲ ਸਿੰਘ ਲਖਮੀਰਵਾਲਾ,ਲਖਵਿੰਦਰ ਸਿੰਘ ਸਿੱਧੂ,ਬਿੰਦਰ ਬਿੰਦੀ,ਬਲਕਾਰ ਸਿੰਘ, ਸ਼ੀਸ਼ਪਾਲ ਸਿੰਘ ਜੈਲਦਾਰ,ਗੁਰਜੰਟ ਸਿੰਘ ਰੰਧਾਵਾ,ਗੁਰਪ੍ਰੀਤ ਸਿੰਘ ਮੰਡੇਰ ਆਦਿ ਹਾਜ਼ਰ ਸਨ।

# ਬੰਗਾਲ ਦੇ ਰਾਜਪਾਲ ਨੂੰ ਜਾਨੋਂ ਮਾਰਨ ਦੀ ਧਮਕੀ

ਕੋਲਕਾਤਾ 11 ਜਨਵਰੀ। ਪੱਛਮੀ ਬੰਗਾਲ ਦੇ ਰਾਜਪਾਲ ਸੀਵੀ ਆਨੰਦ ਬੋਸ ਨੂੰ ਈਮੇਲ ਰਾਹੀਂ ਜਾਨੋਂ ਮਾਰਨ ਦੀ ਧਮਕੀ ਮਿਲੀ, ਜਿਸ ਤੋਂ ਬਾਅਦ ਉਨ੍ਹਾਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਲੋਕ ਭਵਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਇਸ ਗੱਲ ਦੀ ਜਾਣਕਾਰੀ ਦਿੱਤੀ। ਅਧਿਕਾਰੀ ਨੇ ਕਿਹਾ ਕਿ ਈਮੇਲ ਭੇਜਣ ਵਾਲੇ ਨੇ ਗਵਰਨਰ ਨੂੰ ਉਡਾ ਕੇ ਮਾਰਨ ਦੀ ਧਮਕੀ ਦਿੱਤੀ ਸੀ। ਅਧਿਕਾਰੀ ਨੇ ਮੀਡੀਆ ਨੂੰ ਦੱਸਿਆ, ਦੋਸ਼ੀ ਨੇ ਈਮੇਲ ਵਿੱਚ ਆਪਣਾ ਮੋਬਾਈਲ ਨੰਬਰ ਵੀ ਦਿੱਤਾ ਹੈ। ਅਸੀਂ ਡੀਜੀਪੀ ਨੂੰ ਸੂਚਿਤ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਤੁਰੰਤ ਉਸ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਵੀ ਇਸ ਸਬੰਧ ਵਿਚ ਸੂਚਿਤ ਕਰ ਦਿੱਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੂੰ ਵੀ ਇਸ ਮਾਮਲੇ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਰਾਜਪਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰਾਜ ਪੁਲਸ ਅਤੇ ਸੀਆਰਪੀਐਫ ਮਿਲ ਕੇ ਕੰਮ ਕਰ ਰਹੇ ਹਨ। ਬੋਸ ਨੂੰ ਜ਼ੈੱਡ-ਪਲੱਸ ਸ਼੍ਰੇਣੀ ਦੀ ਸੁਰੱਖਿਆ ਪ੍ਰਾਪਤ ਹੈ ਅਤੇ ਹੁਣ ਉਨ੍ਹਾਂ ਦੀ ਸੁਰੱਖਿਆ ਲਈ ਲਗਭਗ 60-70 ਕੇਂਦਰੀ ਪੁਲਸ ਕਰਮਚਾਰੀ ਤਾਇਨਾਤ ਹਨ। ਇਸ ਘਟਨਾ ਤੋਂ ਬਾਅਦ ਰਾਜ ਵਿੱਚ ਰਾਜਨੀਤਿਕ ਅਸ਼ਾਂਤੀ ਤੇਜ਼ ਹੋ ਗਈ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਰਾਜ ਸਰਕਾਰ ਦੀ ਕਾਨੂੰਨ ਵਿਵਸਥਾ ਦੀ ਸਥਿਤੀ ’ਤੇ ਸਵਾਲ ਉਠਾਏ ਹਨ। ਭਾਜਪਾ ਆਈਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਇੱਕ ਪੋਸਟ ਵਿੱਚ ਮਮਤਾ ਬੈਨਰਜੀ ਸਰਕਾਰ ’ਤੇ ਨਿਸ਼ਾਨਾ ਸਾਧਿਆ।



ਉਨ੍ਹਾਂ ਕਿਹਾ, ਮਮਤਾ ਬੈਨਰਜੀ ਦੀ ਸਰਕਾਰ ਵਿੱਚ ਤੁਹਾਡਾ ਸਵਾਗਤ ਹੈ, ਜਿੱਥੇ ਰਾਜਪਾਲ ਵੀ ਸੁਰੱਖਿਅਤ ਨਹੀਂ ਹੈ। ਰਾਜ ਦੀ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਚੁੱਕੀ ਹੈ। ਗ੍ਰਹਿ ਮੰਤਰੀ ਮਮਤਾ ਬੈਨਰਜੀ ਕੋਲਾ ਤਸਕਰੀ ਅਤੇ ਮਨੀ ਲਾਂਡਰਿੰਗ ਦੇ ਦੋਸ਼ੀ ਇੱਕ ਨਿੱਜੀ ਫਰਮ ਨੂੰ ਬਚਾਉਣ ਲਈ ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਸਬੂਤ ਖੋਹਣ ਵਿੱਚ ਰੁੱਝੀ ਹੋਈ ਹੈ। ਉਹ ਇੱਕ ਅਸਫਲ ਨੇਤਾ ਹੈ।

# ਪੰਜਾਬ ਸਰਕਾਰ ਨੌਜਵਾਨਾਂ ਨੂੰ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਸਖ਼ਤ ਯਤਨ ਕਰ ਰਹੀ ਹੈ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ

**ਤੇਜਿੰਦਰ ਕੌਰ ਬੱਬਰ**

ਬਠਿੰਡਾ, 11 ਜਨਵਰੀ: ਨੌਜਵਾਨਾਂ ਨੂੰ ਕਰੀਅਰ ਬਣਾਉਣ ਲਈ ਤਿਆਰ ਕਰਨ ਉੱਤੇ ਪੰਜਾਬ ਸਰਕਾਰ ਵੱਲੋਂ ਹੋਰ ਧਿਆਨ ਕੇਂਦਰਿਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਬਠਿੰਡਾ ਦੀ ਜ਼ਿਲ੍ਹਾ ਲਾਇਬ੍ਰੇਰੀ ਵਿਖੇ ਮਿਸ਼ਨ ਪ੍ਰਗਤੀ ਅਧੀਨ ਦਾਖ਼ਲ ਹੋਏ ਉਮੀਦਵਾਰਾਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਇਸ ਵਿੱਚ ਨੌਕਰੀ ਲੱਭਣ ਵਾਲਿਆਂ ਨੂੰ ਨੌਕਰੀ ਦੇਣ ਵਾਲਿਆਂ ਵਿੱਚ ਬਦਲਣ ਲਈ ਵਿਆਪਕ ਯਤਨਾਂ ਦੇ ਹਿੱਸੇ ਵਜੋਂ ਐਸ.ਐਸ.ਬੀ., ਪੁਲਿਸ ਅਤੇ ਹਥਿਆਰਬੰਦ ਬਲਾਂ ਸਮੇਤ ਹੋਰ ਭਰਤੀ ਪ੍ਰੀਖਿਆਵਾਂ ਲਈ ਪੇਂਡੂ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਮੁਫਤ ਅਕਾਦਮਿਕ ਅਤੇ ਸਰੀਰਕ ਸਿਖਲਾਈ ਪ੍ਰਦਾਨ ਕਰਨ ਦੇ ਯਤਨ ਕੀਤੇ ਗਏ ਹਨ। ਬਠਿੰਡਾ ਦੀ ਜ਼ਿਲ੍ਹਾ ਲਾਇਬ੍ਰੇਰੀ ਵਿਖੇ ਮਿਸ਼ਨ ਪ੍ਰਗਤੀ ਤਹਿਤ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਠੰਢ ਦੇ ਬਾਵਜੂਦ ਇਕੱਠੇ ਹੋਏ ਲੋਕਾਂ ਦਾ ਸਵਾਗਤ ਕੀਤਾ ਅਤੇ ਇਸ ਪ੍ਰੋਗਰਾਮ ਨੂੰ ਪੰਜਾਬ ਦੇ ਬੱਚਿਆਂ ਲਈ ਇੱਕ ਸੁਨਹਿਰੀ ਭਵਿੱਖ ਦੀ ਸ਼ੁਰੂਆਤ ਦੱਸਿਆ। ਉਨ੍ਹਾਂ ਕਿਹਾ, “ਪੰਜਾਬ ਸਰਕਾਰ ਨੇ ਜ਼ਿਲ੍ਹਾ ਲਾਇਬ੍ਰੇਰੀ ਵਿਖੇ ਮਿਸ਼ਨ ਪ੍ਰਗਤੀ ਤਹਿਤ ਇਹ ਕੋਚਿੰਗ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜਿੱਥੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਮੁਫ਼ਤ ਕੋਚਿੰਗ ਸ਼ੁਰੂ ਕੀਤੀ ਗਈ ਹੈ। ਇਸ ਦਾ ਉਦੇਸ਼ ਹੋਣਹਾਰ ਵਿਦਿਆਰਥੀਆਂ ਖਾਸ ਕਰਕੇ ਪੇਂਡੂ ਖੇਤਰਾਂ ਦੇ, ਜਿਨ੍ਹਾਂ ਦੀ ਗੁਣਵੱਤਾ ਅਤੇ ਕਿਫਾਇਤੀ ਕੋਚਿੰਗ ਸਹੂਲਤਾਂ ਤੱਕ ਪਹੁੰਚ ਨਹੀਂ ਹੈ, ਨੂੰ ਸਹੂਲਤ ਦੇਣਾ ਹੈ। ਇਸ ਪਹਿਲਕਦਮੀ ਬਾਰੇ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਲੇ ਬੈਚ ਵਿੱਚ 40 ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ÷ਅਕਾਦਮਿਕ ਕੋਚਿੰਗ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਸਰੀਰਕ ਸਿਖਲਾਈ ਵੀ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਪੂਰੀ ਤਰ੍ਹਾਂ ਤੰਦਰੁਸਤ ਰਹਿਣ। ਇਹ ਸਰੀਰਕ ਸਿਖਲਾਈ ਪੰਜਾਬ ਪੁਲਿਸ ਅਤੇ ਸੀ-ਪਾਈਟ ਦੇ ਤਜਰਬੇਕਾਰ ਇੰਸਟ?ਰਕਟਰ ਟ?ਰੇਨਰਾਂ ਦੁਆਰਾ ਸੀ-ਪਾਈਟ ਮੈਦਾਨ ਵਿੱਚ ਦਿੱਤੀ ਜਾ ਰਹੀ ਹੈ। ਇਸ ਸਿਖਲਾਈ ਰਾਹੀਂ, ਵਿਦਿਆਰਥੀਆਂ ਨੂੰ ਐਸ.ਐਸ.ਬੀ., ਪੰਜਾਬ ਪੁਲਿਸ, ਸੀ.ਪੀ.ਓ., ਹਥਿਆਰਬੰਦ ਸੈਨਾਵਾਂ ਅਤੇ ਹੋਰ ਕੇਂਦਰੀ ਅਤੇ ਰਾਜ ਪੱਧਰੀ ਭਰਤੀ ਪ੍ਰੀਖਿਆਵਾਂ ਲਈ ਤਿਆਰ ਕੀਤਾ ਜਾਵੇਗਾ।” ਮੁਕਾਬਲੇ ਵਾਲੇ ਮਾਹੌਲ ਵਿੱਚ ਉਮੀਦਵਾਰਾਂ ਨੂੰ ਦਰਪੇਸ਼ ਚੁਣੌਤੀਆਂ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜ਼ਰੂਰੀ ਅਧਿਐਨ ਸਮੱਗਰੀ ਅਤੇ ਮਹਿੰਗੀਆਂ ਕਿਤਾਬਾਂ ਅਕਸਰ ਵਿਦਿਆਰਥੀਆਂ ਦੀ ਪਹੁੰਚ ਤੋਂ ਬਾਹਰ ਰਹਿੰਦੀਆਂ ਹਨ। ਉਨ੍ਹਾਂ ਆਖਿਆ ÷ਵਿਦਿਆਰਥੀਆਂ ਨੂੰ ਲਾਇਬ੍ਰੇਰੀ ਮੈਂਬਰਾਂ ਵਜੋਂ ਚੁਣਿਆ ਜਾਵੇਗਾ ਅਤੇ ਲੋੜੀਂਦੀਆਂ ਕਿਤਾਬਾਂ ਮੁਫਤ ਪ੍ਰਦਾਨ ਕੀਤੀਆਂ ਜਾਣਗੀਆਂ। ਇਹ ਪ੍ਰੋਗਰਾਮ ਮੌਜੂਦਾ ਬੁਨਿਆਦੀ ਢਾਂਚੇ ਅਤੇ ਸਰੋਤਾਂ ਦੀ ਵਰਤੋਂ ਕਰਕੇ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਮਹੱਤਵਪੂਰਨ ਵਿੱਤੀ ਬੱਚਤ ਹੁੰਦੀ ਹੈ।” ਇਸ ਢਾਂਚੇ ਦਾ ਵਰਣਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪ੍ਰੋਗਰਾਮ ਇੱਕ ਅਧਿਆਪਕ-ਮਾਰਗ ਦਰਸ਼ਕ ਮਾਡਲ ਦੀ ਪਾਲਣਾ ਕਰਦਾ ਹੈ, ਜਿਸ ਵਿੱਚ ਫੈਕਲਟੀ ਮੈਂਬਰ ਖੁਦ ਉਮੀਦਵਾਰ ਹੁੰਦੇ ਹਨ, ਜੋ




ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਮਲ ਹੋਏ ਹਨ। ਮੁੱਖ ਮੰਤਰੀ ਨੇ ਕਿਹਾ ÷ਇਹ ਪਹਿਲਕਦਮੀ ’ਨੌਜਵਾਨਾਂ ਦੀ ਮਦਦ ਕਰਨ ਵਾਲੇ’ ਮਾਡਲ ਵਜੋਂ ਉੱਭਰੀ ਹੈ ਅਤੇ ਇਸ ਨੂੰ ਸਿੱਖਿਆ ਸ਼ਾਸਤਰੀਆਂ, ਯੂਨੀਵਰਸਿਟੀਆਂ, ਪੁਲਿਸ, ਅਥਲੀਟਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਵਿਦਿਆਰਥੀਆਂ ਅਤੇ ਸਮਾਜ ਦੇ ਹਰ ਵਰਗ ਦਾ ਸਮਰਥਨ ਪ੍ਰਾਪਤ ਹੈ। ਇਸ ਸਮੂਹਿਕ ਭਾਗੀਦਾਰੀ ਨੇ ਪ੍ਰੋਗਰਾਮ ਨੂੰ ਇੱਕ ਭਾਈਚਾਰਾ-ਸੰਚਾਲਿਤ ਅਤੇ ਸਹਿਯੋਗੀ ਮਾਡਲ ਵਿੱਚ ਬਦਲ ਦਿੱਤਾ ਹੈ।” ਮਿਸ਼ਨ ਪ੍ਰਗਤੀ ਦੇ ਮਾਰਗਦਰਸ਼ਕ ਫਲਸਫੇ ਨੂੰ ਉਜਾਗਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ÷ਕੋਈ ਵੀ ਪਿੱਛੇ ਨਾ ਰਹੇ÷ ਦੇ ਸਿਧਾਂਤ ’ਤੇ ਅਧਾਰਤ ਹੈ ਅਤੇ ਨੌਜਵਾਨ ਸ਼ਕਤੀਕਰਨ, ਬਰਾਬਰ ਵਿਦਿਅਕ ਮੌਕਿਆਂ ਅਤੇ ਸਰਕਾਰੀ ਸੇਵਾਵਾਂ ਵਿੱਚ ਬਠਿੰਡਾ ਦੇ ਵਿਦਿਆਰਥੀਆਂ ਦੀ ਪ੍ਰਤੀਨਿਧਤਾ ਵਧਾਉਣ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਾਜ਼ਰ ਲੋਕਾਂ ਦਾ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕਰਦਿਆਂ ਵਿਸ਼ਵਾਸ ਪ੍ਰਗਟ ਕੀਤਾ ਕਿ ਇਸ ਪ੍ਰੋਗਰਾਮ ਨਾਲ ਵਿਦਿਆਰਥੀਆਂ ਨੂੰ ਕਾਫ਼ੀ ਲਾਭ ਹੋਵੇਗਾ ਅਤੇ ਪੰਜਾਬ ਦੇ ਸਰਵਪੱਖੀ ਵਿਕਾਸ ਅਤੇ ਇਸ ਦੇ ਲੋਕਾਂ ਦੀ ਖ਼ੁਸ਼ਹਾਲੀ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਸੂਬਾ ਸਰਕਾਰ ਦੇ ਵਿਆਪਕ ਦ੍ਰਿਸ਼ਟੀਕੋਣ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਨੌਕਰੀਆਂ ਭਾਲਣ ਵਾਲਿਆਂ ਦੀ ਬਜਾਏ ਨੌਕਰੀ ਦੇਣ ਵਾਲੇ ਬਣਾ ਕੇ ਉਨ੍ਹਾਂ ਦੀ ਕਿਸਮਤ ਨੂੰ ਬਦਲਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ।

Contd..............page-2

# ਇਕ ਦੂਰਦਰਸ਼ੀ ਯੁੱਗ ਦਾ ਅੰਤ : ਰਾਣਾ ਗਰੁੱਪ ਦੇ ਸੰਸਥਾਪਕ ਡਾ. ਰਘੁਬੀਰ ਸੂਰੀ ਦਾ ਦੇਹਾਂਤ

**ਕੌਮੀ ਪਤ੍ਰਿਕਾ**

ਸਰਹਿੰਦ 11 ਜਨਵਰੀ। ਸਮਾਜ, ਉਦਯੋਗ ਅਤੇ ਆਧਿਆਤਮਿਕ ਜਗਤ ਲਈ ਇਹ ਬੇਹੱਦ ਦੁਖਦਾਈ ਖਬਰ ਹੈ, ਰਾਣਾ ਗਰੁੱਪ ਦੇ ਸੰਸਥਾਪਕ ਡਾ. ਰਘੁਬੀਰ ਸੂਰੀ ਦੇ ਅੱਜ ਦੇਹਾਂਤ ਹੋ ਗਿਆ। ਉਨ੍ਹਾਂ ਦੇ ਚਲੇ ਜਾਣ ਨਾਲ ਦ੍ਰਿਸ਼ਟੀ, ਮੁੱਲਾਂ ਅਤੇ ਨਿਸ਼ਕਾਮ ਸੇਵਾ ਦਾ ਇਕ ਯੁੱਗ ਸਮਾਪਤ ਹੋ ਗਿਆ। ਡਾ. ਰਘੁਬੀਰ ਸੂਰੀ ਕੇਵਲ ਇਕ ਉਦਯੋਗਪਤੀ ਨਹੀਂ ਸਨ, ਸਗੋਂ ਉਹ ਸੰਸਥਾਵਾਂ ਦੇ ਦੂਰਦਰਸ਼ੀ ਨਿਰਮਾਤਾ ਸਨ। ਸਪਸ਼ਟ ਸੋਚ ਅਤੇ ਅਟੱਲ ਸਿਧਾਂਤਾਂ ਨਾਲ ਉਨ੍ਹਾਂ ਨੇ ਰਾਣਾ ਗਰੁੱਪ ਦੀ ਨੀਂਹ ਰੱਖੀ, ਜੋ ਅੱਜ ਰਾਣਾ ਹਸਪਤਾਲ, ਰਾਣਾ ਹੈਰੀਟੇਜ, ਰਿਆਸਤ-ਏ-ਰਾਣਾ, ਰਾਣਾ ਮੋਟਲ ਕਾਸਟਿੰਗ, ਰਾਣਾ ਇੰਜੀਨੀਅਰਿੰਗ ਵਰਕਸ ਅਤੇ ਨਵਦੀਪ ਇੰਡਸਟਰੀਜ਼ ਵਜੋਂ ਮਾਣ ਨਾਲ ਖੜ੍ਹਾ ਹੈ। ਉਨ੍ਹਾਂ ਨੇ ਆਪਣਾ ਪੂਰਾ ਜੀਵਨ ਸਮਾਜ ਦੀ ਭਲਾਈ ਅਤੇ ਧਰਮ ਦੇ ਪ੍ਰਚਾਰ ਲਈ ਸਮਰਪਿਤ ਕੀਤਾ। ਗਹਿਰੀ ਆਧਿਆਤਮਿਕ ਸੋਚ ਵਾਲੇ ਡਾ. ਸੂਰੀ ਹਮੇਸ਼ਾਂ ਲੋਕਾਂ ਨੂੰ ਧਰਮ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੇ ਰਹੇ, ਚੰਗੇ ਤੇ ਮੰਦੇ ਵਿਚਕਾਰ ਸਪਸ਼ਟ ਫਰਕ ਸਮਝਾਇਆ ਅਤੇ ਨੈਤਿਕਤਾ ਤੇ ਸੇਵਾ 'ਤੇ ਆਧਾਰਿਤ ਜੀਵਨ ਜੀਣ ਦੀ ਸਿੱਖ ਦਿੱਤੀ। ਸਮਾਜਿਕ ਅਤੇ ਰਾਸ਼ਟਰੀ ਅੰਦੋਲਨਾਂ ਵਿਚ ਉਨ੍ਹਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਰਿਹਾ। ਉਨ੍ਹਾਂ ਨੇ ਪੰਜ ਸਾਲ ਤੱਕ ਰਾਸ਼ਟਰੀ ਸਵੈਸੇਵਕ ਸੰਘ ਦੇ ਪ੍ਰਚਾਰਕ ਵਜੋਂ ਸੇਵਾ ਨਿਭਾਈ, ਸੱਤਿਆਗ੍ਰਹ ਅੰਦੋਲਨਾਂ ਵਿਚ ਸਰਗਰਮ ਭਾਗ ਲਿਆ ਅਤੇ ਰਾਮ ਮੰਦਰ ਅੰਦੋਲਨ ਨਾਲ ਵੀ ਨਿਸ਼ਠਾ ਨਾਲ ਜੁੜੇ ਰਹੇ। ਇਕ ਭਗਤੀਮਈ ਅਤੇ ਸਿਧਾਂਤਨਿਸ਼ਠ ਆਤਮਾ ਵਜੋਂ ਡਾ. ਰਘੁਬੀਰ ਸੂਰੀ ਨੇ ਪੀੜ੍ਹੀਆਂ ਤੋਂ ਪਰੇ ਆਦਰ ਹਾਸਲ ਕੀਤਾ। ਮੌਤ ਤੋਂ ਬਾਅਦ ਵੀ ਡਾ. ਸੂਰੀ ਨੇ ਜੀਵਨਾਂ ਨੂੰ ਰੋਸ਼ਨ ਕੀਤਾ। ਗੁਰੂ ਕ੍ਰਿਪਾ ਸੇਵਾ ਸੰਸਥਾਨ ਦੇ ਪ੍ਰਧਾਨ ਸੀਏ ਅਸ਼ਵਨੀ ਗਰਗ ਦੀ ਪ੍ਰੇਰਣਾ ਨਾਲ ਦੁਖੀ ਪਰਿਵਾਰ ਨੇ ਨੇਤਰਦਾਨ ਲਈ ਸਹਿਮਤੀ ਦਿੱਤੀ, ਜਿਸ ਨਾਲ ਦੁੱਖ ਮਨੁੱਖਤਾ ਦੀ ਸੇਵਾ ਵਿਚ ਬਦਲ ਗਿਆ। ਉਨ੍ਹਾਂ ਦੇ ਯਤਨਾਂ ਨਾਲ ਪੀਜੀਆਈ ਚੰਡੀਗੜ੍ਹ



ਦੀ ਡਾਕਟਰਾਂ ਦੀ ਟੀਮ ਤੁਰੰਤ ਬੁਲਾਈ ਗਈ, ਜਿਨ੍ਹਾਂ ਨੇ ਸਫਲਤਾਪੂਰਵਕ ਨੇਤਰ ਪ੍ਰਾਪਤ ਕੀਤੇ ਇਸ ਤਰ੍ਹਾਂ ਡਾ. ਰਘੁਬੀਰ ਸੂਰੀ ਦੀ ਦ੍ਰਿਸ਼ਟੀ ਸਦਾ ਲਈ ਹੋਰਾਂ ਦੇ ਜੀਵਨ ਵਿਚ ਜੀਵੰਤ ਰਹੇਗੀ। ਅੰਤਿਮ ਸੰਸਕਾਰ ਮੌਕੇ ਹਜ਼ਾਰਾਂ ਸ਼ਰਧਾਲੂ, ਅਨੁਯਾਈ ਅਤੇ ਸ਼ੁਭਚਿੰਤਕ ਇਕੱਠੇ ਹੋਏ ਅਤੇ ਸਮਾਜ, ਸੇਵਾ ਅਤੇ ਧਰਮ ਲਈ ਸਮਰਪਿਤ ਜੀਵਨ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਗੰਭੀਰ ਮੌਕੇ 'ਤੇ ਕਈ ਪ੍ਰਮੁੱਖ ਹਸਤੀਆਂ ਹਾਜ਼ਰ ਰਹੀਆਂ, ਜਿਨ੍ਹਾਂ ਵਿਚ ਸੀਨੀਅਰ ਭਾਜਪਾ ਨੇਤਾ ਤਰੁਣ ਚੁੱਘ, ਵਿਧਾਇਕ ਲਖਬੀਰ ਸਿੰਘ ਰਾਏ, ਦਿਦਾਰ ਸਿੰਘ ਭੱਟੀ (ਜ਼ਿਲ੍ਹਾ ਭਾਜਪਾ ਪ੍ਰਧਾਨ), ਭਾਜਪਾ ਨੇਤਾ ਪ੍ਰਦੀਪ ਗਰਗ ਅਤੇ ਸੰਜੀਵ ਕੁਮਾਰ (ਡਿਪਟੀ ਡਾਇਰੈਕਟਰ, ਲੋਕਲ ਬਾਡੀਜ਼) ਸ਼ਾਮਲ ਸਨ। ਇਸ ਤੋਂ ਇਲਾਵਾ ਜਿਨ੍ਹਾਂ ਨੇ ਆਪਣੇ ਆਖ਼ਰੀ ਦਰਸ਼ਨ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ, ਉਨ੍ਹਾਂ ਵਿਚ ਜਗਦੀਸ਼ ਵਰਮਾ, ਅਸ਼ੋਕ ਸੂਦ, ਗੁਲਸ਼ਨ ਰਾਏ ਬੋਬੀ, ਸੰਜੇ ਮਕਕਨ, ਦੇਵਿੰਦਰ ਭੱਟ, ਵਿਨੀਤ ਗੁਪਤਾ, ਅਸ਼ਵਨੀ ਬਿਠਾਰ, ਰੋਹਿਤ ਸ਼ਰਮਾ, ਰਾਕੇਸ਼ ਮਿੱਤਰ, ਅਸ਼ੁਤੋਸ਼ ਬਟਿਸ਼, ਐਡਵੋਕੇਟ ਨਰਿੰਦਰ ਸ਼ਰਮਾ, ਨਰਿੰਦਰ ਰਾਣਾ, ਸੁਨੀਲ ਬੈਕਟਰ, ਮਨੋਜ ਬੋਬੀ, ਵਿਨੋ ਗੁਪਤਾ, ਰਾਕੇਸ਼ ਗੁਪਤਾ, ਸੁਨੀਲ ਵਰਮਾ, ਅਮ੍ਰਿਤਪਾਲ ਰਾਜੂ, ਮੋਹਨ ਸਿੰਘ ਪਟਵਾਰੀ, ਸੁਮਿਤ ਮੋਦੀ, ਸੁਰਿੰਦਰ ਭਾਰਦਵਾਜ, ਪ੍ਰਦੀਪ ਕੁਮਾਰ, ਪਵਨ ਕਾਲਰਾ, ਵਿਸ਼ਾਲ ਵਰਮਾ, ਦੀਪਕ ਵਰਮਾ, ਚਰਨਜੀਵ ਸ਼ਰਮਾ, ਅਰੁਣ ਸੂਰੀ, ਮਹੇਸ਼ ਚੰਦ ਸ਼ਰਮਾ (ਪ੍ਰਿੰਸੀਪਲ), ਰਾਜੇਸ਼ ਚੋਪੜਾ, ਤਰਸੇਮ ਲਾਲ ਉੱਪਲ, ਰਾਜੇਸ਼ ਉੱਪਲ, ਰਵਿੰਦਰ ਬਬਲਾ, ਡਾ. ਮਹੇਸ਼ ਕੁਮਾਰ, ਡਾ. ਦੀਪਕ ਜੋਤ, ਜਗਜੀਤ ਕੋਕੀ, ਚਰਨਜੀਵ ਸਦਦੇਵ, ਗੰਗਾ ਰਾਮ, ਵਿਜੇ ਵਰਮਾ, ਸੁਮਿਤ ਗੁਪਤਾ, ਸਿਕੰਦਰ ਤਲਵਾੜਾ, ਸੁਮਿਤ ਕੁਮਾਰ ਸ਼ਰਮਾ, ਅਜੇ ਮੋਦੀ, ਮੋਹਿੰਦਰਪਾਲ ਗੁਪਤਾ, ਡਾ. ਕੇ.ਪੀ.ਐਸ. ਸੰਧੂ, ਸਨੀ ਚੋਪੜਾ, ਪਵਨ ਕੁਮਾਰ, ਰਾਜਿੰਦਰ ਵਰਮਾ, ਸੁਸ਼ੀਲ ਬਿਠਾਰ, ਪਵਨ ਵਰਮਾ, ਅਸ਼ਵਨੀ ਗਰਗ ਅਤੇ ਵਿਜੇ ਪਾਠਕ ਸਮੇਤ ਹੋਰ ਕਈ ਮਾਣਯੋਗ ਵਿਅਕਤੀ ਸ਼ਾਮਲ ਸਨ। ਡਾ. ਰਘੁਬੀਰ ਸੂਰੀ ਦੀ ਧਰਮਪਤਨੀ ਰਮਾ ਸੂਰੀ ਅਤੇ ਉਨ੍ਹਾਂ ਦੇ ਪੁੱਤਰ ਡਾ. ਹਿਤੇਂਦਰ ਸੂਰੀ ਅਤੇ ਵਿਕਾਸ ਸੂਰੀ ਨੇ ਇਸ ਦੁੱਖ ਦੀ ਘੜੀ ਵਿਚ ਨਾਲ ਖੜ੍ਹੇ ਰਹਿਣ ਵਾਲਿਆਂ ਸਭ ਦਾ ਦਿਲੋਂ ਧੰਨਵਾਦ ਕੀਤਾ।

# ਤੰਦੂਰੀ ਰੋਟੀ ਖਾਣ ਦੇ ਸ਼ੌਕੀਨ ਸਾਵਧਾਨ! ਇਹ ਵੀਡੀਓ ਦੇਖ ਤੁਹਾਨੂੰ ਵੀ ਆਉਣਗੀਆਂ ਕਚੀਚੀਆਂ

**ਕੌਮੀ ਪਤ੍ਰਿਕਾ**

ਗਾਜ਼ੀਆਬਾਦ 11 ਜਨਵਰੀ। ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਜ਼ਿਲ੍ਹੇ ਵਿੱਚ ਇੱਕ ਸ਼ਰਮਨਾਕ ਅਤੇ ਘਿਣਾਉਣੀ ਘਟਨਾ ਸਾਹਮਣੇ ਆਈ ਹੈ। ਜਿਥੇ ਮਧੂਬਨ ਬਾਪੂਧਾਮ ਇਲਾਕੇ ਵਿੱਚ ਦੁਹਾਈ ਰੈਪਿਡ ਸਟੇਸ਼ਨ ਨੇੜੇ ਸਥਿਤ ਚਿਕਨ ਪੁਆਇੰਟ ਨਾਮਕ ਇੱਕ ਦੁਕਾਨ ਦੇ ਇੱਕ ਕਰਮਚਾਰੀ ਨੇ ਰੋਟੀਆਂ ਪਕਾਉਣ ਤੋਂ ਪਹਿਲਾਂ ਉਨ੍ਹਾਂ 'ਤੇ ਥੁੱਕ ਦਿੱਤਾ। ਤੰਦੂਰ ਵਿਚ ਥੁੱਕ ਲੱਗਾ ਕੇ ਰੋਟੀਆਂ ਬਣਾਉਣ ਵਾਲੇ ਨੌਜਵਾਨ ਦੀ ਇਸ ਹਰਕਤ ਦੀ ਲੋਕਾਂ ਨੇ ਵੀਡੀਓ ਬਣਾ ਲਈ, ਜੋ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਗਈ। ਵੀਡੀਓ ਵਾਇਰਲ ਹੋਣ ਤੋਂ ਬਾਅਦ ਰਸੋਈਏ ਨੂੰ ਵੀਰਵਾਰ ਸ਼ਾਮ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਏਸੀਪੀ ਕਵੀਨਗਰ ਸੂਰਿਆਬਲੀ ਮੌਰਿਆ ਨੇ ਦੱਸਿਆ ਕਿ 8 ਜਨਵਰੀ ਨੂੰ ਵਰਧਮਾਨਪੁਰਮ ਪੁਲਸ ਸਟੇਸ਼ਨ ਖੇਤਰ ਤੋਂ ਇੱਕ ਵੀਡੀਓ ਮਿਲੀ ਸੀ, ਜਿਸ ਵਿੱਚ ਇੱਕ ਨੌਜਵਾਨ ਰੋਟੀਆਂ 'ਤੇ ਥੁੱਕ ਕੇ ਤੰਦੂਰ ਵਿਚ ਸੇਕਦਾ ਹੋਇਆ ਦਿਖਾਈ ਦੇ ਰਿਹਾ ਸੀ। ਪੁਲਸ ਵਲੋਂ ਜਦੋਂ ਇਸ ਮਾਮਲੇ ਦੀ ਜਾਂਚ ਕੀਤੀ ਗਈ ਤਾਂ ਇਹ ਸਹੀ ਸੀ। ਇਸ ਤੋਂ ਬਾਅਦ ਦੋਸ਼ੀ ਕਾਰੀਗਰ ਜਾਵੇਦ ਅੰਸਾਰੀ (ਮੁਰਾਦਨਗਰ ਦਾ ਰਹਿਣ ਵਾਲਾ) ਨੂੰ ਹਿਰਾਸਤ ਵਿੱਚ ਲੈ ਲਿਆ। ਉਸ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਕਾਰਵਾਈ ਕੀਤੀ ਜਾ ਰਹੀ ਹੈ। ਪੁਲਸ ਨੇ ਇਸ ਘਟਨਾ ਬਾਰੇ ਖੁਰਾਕ ਵਿਭਾਗ ਨੂੰ ਵੀ ਸੂਚਿਤ ਕਰ ਦਿੱਤਾ ਹੈ ਤਾਂ ਜੋ ਦੁਕਾਨ ਦੀ ਜਾਂਚ ਕੀਤੀ ਜਾ ਸਕੇ ਅਤੇ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ। ਪੁਲਸ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਦੋਸ਼ੀ ਪਾਏ ਜਾਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪੁਲਸ ਦੇ ਅਨੁਸਾਰ, ਕੁਝ ਗਾਹਕਾਂ ਨੇ ਰਸੋਈਏ ਨੂੰ ਆਟੇ ਅਤੇ ਰੋਟੀਆਂ 'ਤੇ ਥੁੱਕਣ ਤੋਂ ਬਾਅਦ ਤੰਦੂਰ ਵਿਚ ਲਗਾਉਂਦੇ ਦੇਖ ਲਿਆ, ਜਿਸ ਦੀ ਉਨ੍ਹਾਂ ਨੇ ਵੀਡੀਓ ਬਣਾ ਲਈ, ਜੋ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਵਿਆਪਕ ਤੌਰ 'ਤੇ ਵਾਇਰਲ ਕਰ ਦਿੱਤੀ। ਵੀਡੀਓ ਨੂੰ ਦੇਖ ਲੋਕ ਕਈ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੁਲਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਮਾਲਕ ਘਟਨਾ ਸਮੇਂ ਦੁਕਾਨ 'ਤੇ ਮੌਜੂਦ ਸੀ।

### ਬੇਕਾਬੂ ਟਰੱਕ ਨੇ ਨੌਜਵਾਨ ਨੂੰ ਦਰੜਿਆ

ਲੁਧਿਆਣਾ 11 ਜਨਵਰੀ। ਚੰਡੀਗੜ੍ਹ ਰੋਡ ਸਥਿਤ ਵੀਰ ਪੈਲੇਸ ਚੌਕ 'ਚ ਇਕ ਤੇਜ਼ ਰਫ਼ਤਾਰ ਟਰੱਕ ਨੇ ਮੋਟਰਸਾਈਕਲ ਸਵਾਰ ਨੌਜਵਾਨ ਨੂੰ ਆਪਣੀ ਲਪੇਟ 'ਚ ਲੈ ਲਿਆ। ਹਾਦਸਾ ਇੰਨਾ ਭਿਆਨਕ ਸੀ ਕਿ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਦੀਪਕ ਕੁਮਾਰ ਵਜੋਂ ਹੋਈ ਹੈ। ਵੇਖਣ ਵਾਲਿਆਂ ਦਾ ਕਹਿਣਾ ਹੈ ਕਿ ਟੱਕਰ ਮਾਰਨ ਤੋਂ ਬਾਅਦ ਮੁਲਜ਼ਮ ਚਾਲਕ ਨੇ ਟਰੱਕ ਨਹੀਂ ਰੋਕਿਆ ਅਤੇ ਦੀਪਕ ਨੂੰ ਕਾਫ਼ੀ ਦੂਰ ਤੱਕ ਘੜੀਸਦਾ ਹੋਇਆ ਲੈ ਗਿਆ। ਭਿਆਨਕ ਤੌਰ 'ਤੇ ਘੜੀਸਣ ਅਤੇ ਗੰਭੀਰ ਸੱਟਾਂ ਆਉਣ ਕਾਰਨ ਦੀਪਕ ਕੁਮਾਰ ਦੀ ਘਟਨਾ ਵਾਲੀ ਜਗ੍ਹਾ 'ਤੇ ਹੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਮੌਕੇ 'ਤੇ ਭਾਰੀ ਭੀੜ ਇਕੱਠੀ ਹੋ ਗਈ। ਸੂਚਨਾ ਤੋਂ ਬਾਅਦ ਥਾਣਾ ਫੋਕਲ ਪੁਆਇੰਟ ਦੀ ਪੁਲਸ ਪੁੱਜੀ।

## ਪੰਜਾਬ ਸਰਕਾਰ ਨੌਜਵਾਨਾਂ ਨੂੰ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਸਖ਼ਤ ਯਤਨ ਕਰ ਰਹੀ ਹੈ: ਮੁੱਖ ਮੰਤਰੀ ਮਾਨ

Contd..........................Front page

ਉਨ੍ਹਾਂ ਕਿਹਾ "ਪੰਜਾਬ ਸਿੱਖਿਆ ਕ੍ਰਾਂਤੀ ਦੇ ਇੱਕ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰ ਗਿਆ ਹੈ ਅਤੇ ਇਹ ਕ੍ਰਾਂਤੀ ਵਿਦਿਆਰਥੀਆਂ ਨੂੰ ਭਵਿੱਖਮੁਖੀ ਮੁਕਾਬਲਿਆਂ ਲਈ ਤਿਆਰ ਕਰਕੇ ਅਤੇ ਉਨ੍ਹਾਂ ਨੂੰ ਜੀਵਨ ਵਿੱਚ ਉੱਤਮਤਾ ਪ੍ਰਾਪਤ ਕਰਨ ਦੇ ਯੋਗ ਬਣਾ ਕੇ ਨਤੀਜੇ ਦੇ ਰਹੀ ਹੈ। ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਲਈ ਬੇਮਿਸਾਲ ਕਦਮ ਚੁੱਕੇ ਗਏ ਹਨ, ਜਦੋਂ ਕਿ ਉਨ੍ਹਾਂ ਦੀ ਬੇਅੰਤ ਊਰਜਾ ਨੂੰ ਚੈਨਲਾਈਜ਼ ਕਰਨ ਲਈ ਸਮਾਨਾਂਤਰ ਯਤਨ ਕੀਤੇ ਜਾ ਰਹੇ ਹਨ।" ਮਿਸਾਲ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਇੱਕ ਰਨਵੇਅ ਇੱਕ ਜਹਾਜ਼ ਨੂੰ ਸੁਚਾਰੂ ਢੰਗ ਨਾਲ ਉਡਾਣ ਭਰਨ ਦੇ ਯੋਗ ਬਣਾਉਂਦਾ ਹੈ, ਉਸੇ ਤਰ੍ਹਾਂ ਨੌਜਵਾਨਾਂ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸੂਬਾ ਸਰਕਾਰ ਉਸਾਰੂ ਮਾਹੌਲ ਪੈਦਾ ਕਰ ਰਹੀ ਹੈ। ਅਤੀਤ ਨੂੰ ਯਾਦ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਨਿਰਾਸ਼ਾਜਨਕ ਹੈ ਕਿ ਇੱਕ ਸਮੇਂ ਗਲਤ ਨੀਤੀਆਂ ਨੇ ਗਰੀਬ ਬੱਚਿਆਂ ਨੂੰ ਉਨ੍ਹਾਂ ਦੇ ਸਿੱਖਿਆ ਦੇ ਅਧਿਕਾਰ ਤੋਂ ਵਾਂਝਾ ਰੱਖਿਆ ਸੀ ਪਰ ਹੁਣ ਇਹ ਯਕੀਨੀ ਬਣਾਉਣ ਲਈ ਦ੍ਰਿੜ੍ਹ ਯਤਨ ਕੀਤੇ ਜਾ ਰਹੇ ਹਨ ਕਿ ਪੰਜਾਬ ਦੇ ਬੱਚੇ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਣ ਅਤੇ ਜ਼ਿੰਦਗੀ ਵਿੱਚ ਨਵੀਆਂ ਉਚਾਈਆਂ ਛੂਹ ਸਕਣ।

# ਭਾਰਤੀ ਆਟੋ ਡਰਾਈਵਰ 'ਤੇ ਆਇਆ ਗੋਰੀ ਦਾ ਦਿਲ !

ਨੈਸ਼ਨਲ ਡੈਸਕ 11 ਜਨਵਰੀ। ਕਹਿੰਦੇ ਹਨ ਕਿ ਕਿਸਮਤ ਕਦੋਂ ਅਤੇ ਕਿੱਥੇ ਬਦਲ ਜਾਵੇ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਅਜਿਹੀ ਹੀ ਇੱਕ ਅਨੋਖੀ ਦਾਸਤਾਨ ਜੈਪੁਰ ਦੀਆਂ ਸੜਕਾਂ ਤੋਂ ਸ਼ੁਰੂ ਹੋ ਕੇ ਫਰਾਂਸ ਤੱਕ ਜਾ ਪਹੁੰਚੀ ਹੈ, ਜਿੱਥੇ ਇੱਕ ਸਾਧਾਰਨ ਆਟੋ ਰਿਕਸ਼ਾ ਚਾਲਕ ਅਤੇ ਫਰਾਂਸ ਤੋਂ ਆਈ ਇੱਕ ਮੁਟਿਆਰ ਦੀ ਮੁਹੱਬਤ ਨੇ ਸਰਹੱਦਾਂ ਦੀਆਂ ਸਾਰੀਆਂ ਦੀਵਾਰਾਂ ਤੋੜ ਦਿੱਤੀਆਂ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇਸ ਕਹਾਣੀ ਮੁਤਾਬਕ, ਫਰਾਂਸ ਦੀ ਰਹਿਣ ਵਾਲੀ ਸਾਰਾ ਭਾਰਤ ਘੁੰਮਣ ਆਈ ਸੀ। ਜੈਪੁਰ ਵਿੱਚ ਉਸ ਦੀ ਮੁਲਾਕਾਤ ਇੱਕ ਸਥਾਨਕ ਆਟੋ ਡਰਾਈਵਰ ਨਾਲ ਹੋਈ, ਜਿਸ ਨੇ ਲਗਭਗ ਦੋ ਹਫ਼ਤਿਆਂ ਤੱਕ ਸਾਰਾ ਨੂੰ ਆਪਣੇ ਆਟੋ ਵਿੱਚ ਪੂਰਾ ਸ਼ਹਿਰ ਘੁਮਾਇਆ। ਇਸੇ ਦੌਰਾਨ ਹੋਈ ਆਮ ਗੱਲਬਾਤ ਹੌਲੀ-ਹੌਲੀ ਗੂੜ੍ਹੀ ਦੋਸਤੀ ਅਤੇ ਫਿਰ ਪਿਆਰ ਵਿੱਚ ਬਦਲ ਗਈ। ਭਾਵੇਂ ਦੋਵਾਂ ਦੀ ਭਾਸ਼ਾ, ਸੰਸਕ੍ਰਿਤੀ ਅਤੇ ਦੇਸ਼ ਵੱਖੋ-ਵੱਖਰੇ ਸਨ, ਪਰ



ਦਿਲਾਂ ਦੇ ਜਜ਼ਬਾਤ ਇੱਕ ਹੋ ਗਏ। ਜਦੋਂ ਸਾਰਾ ਵਾਪਸ ਯੂਰਪ ਪਰਤੀ, ਤਾਂ ਦੂਰੀਆਂ ਨੇ ਰਿਸ਼ਤੇ ਦਾ ਇਮਤਿਹਾਨ ਲੈਣਾ ਸ਼ੁਰੂ ਕਰ ਦਿੱਤਾ। ਦੋਵਾਂ ਨੇ ਵਿਆਹ ਕਰਨ ਦਾ ਫੈਸਲਾ ਕੀਤਾ, ਪਰ ਰਾਹ ਵਿੱਚ ਕਈ ਮੁਸ਼ਕਿਲਾਂ ਸਨ। ਸਾਰਾ ਦੇ ਪਰਿਵਾਰ ਨੇ ਇਸ ਰਿਸ਼ਤੇ ਦਾ ਵਿਰੋਧ ਕੀਤਾ ਕਿਉਂਕਿ ਨੌਜਵਾਨ ਸਿਰਫ਼ 10ਵੀਂ ਫੇਲ੍ਹ ਸੀ ਅਤੇ ਪੇਸ਼ੇ ਤੋਂ ਇੱਕ ਆਟੋ ਡਰਾਈਵਰ ਸੀ। ਇਸ ਕਾਰਨ ਉਸ ਦਾ ਫਰਾਂਸ ਦਾ ਵੀਜ਼ਾ ਵੀ ਕਈ ਵਾਰ ਰਿਜੈਕਟ ਹੋਇਆ। ਪਰ ਦੋਵਾਂ ਨੇ ਹਿੰਮਤ ਨਹੀਂ ਹਾਰੀ ਅਤੇ ਲਗਾਤਾਰ ਇੱਕ-ਦੂਜੇ ਦੇ ਸੰਪਰਕ ਵਿੱਚ ਰਹੇ। ਆਖ਼ਰਕਾਰ, ਕਈ ਕੋਸ਼ਿਸ਼ਾਂ ਤੋਂ ਬਾਅਦ ਨੌਜਵਾਨ ਫਰਾਂਸ ਪਹੁੰਚਣ ਵਿੱਚ ਕਾਮਯਾਬ ਰਿਹਾ ਅਤੇ ਦੋਵਾਂ ਨੇ ਵਿਆਹ ਕਰਵਾ ਲਿਆ। ਅੱਜ ਇਸ ਜੋੜੇ ਨੂੰ ਵਿਆਹੇ ਹੋਏ 13 ਸਾਲ ਹੋ ਚੁੱਕੇ ਹਨ ਅਤੇ ਉਨ੍ਹਾਂ ਦਾ ਇੱਕ ਖੁਸ਼ਹਾਲ ਪਰਿਵਾਰ ਹੈ, ਜਿਸ ਵਿੱਚ ਦੋ ਪਿਆਰੇ ਬੱਚੇ ਹਨ। ਇਹ ਜੋੜਾ ਹਰ ਸਾਲ ਦੀਵਾਲੀ ਅਤੇ ਕ੍ਰਿਸਮਸ ਦੋਵੇਂ ਤਿਉਹਾਰ ਬੜੀ ਧੂਮਧਾਮ ਨਾਲ ਮਨਾਉਂਦਾ ਹੈ। ਨੌਜਵਾਨ ਮੁਤਾਬਕ, ਲੋਕ ਕਹਿੰਦੇ ਸਨ ਕਿ ਉਹ ਉਸਨੂੰ ਛੱਡ ਦੇਵੇਗੀ, ਪਰ ਉਨ੍ਹਾਂ ਦੀ ਸੱਚੀ ਮੁਹੱਬਤ ਨੇ ਸਭ ਨੂੰ ਗਲਤ ਸਾਬਤ ਕਰ ਦਿੱਤਾ ਹੈ।

# ਮਾਂ ਦੇ ਹੱਥ ਪੈਰ ਬੰਨ੍ਹ ਅੱਖਾਂ ਮੂਹਰੇ ਮਾਰ'ਤਾ ਸੀ ਪੁੱਤ, ਪੁਲਸ ਨੇ ਸੁਲਝਾਈ ਅੰਨ੍ਹੇ ਕਤਲ ਦੀ ਗੁੱਥੀ

ਲਹਿਰਾਗਾਗਾ 11 ਜਨਵਰੀ। ਲਹਿਰਾਗਾਗਾ ਵਿਚ ਹੋਏ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੰਗਰੂਰ ਪੁਲਸ ਨੇ ਟਰੇਸ ਕਰਦੇ ਹੋਏ ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਦਿਲ ਦਹਿਲਾ ਦੇਣ ਵਾਲੀ ਵਾਰਦਾਤ 2 ਤੇ 3 ਜਨਵਰੀ ਦੀ ਦਰਮਿਆਨੀ ਰਾਤ ਨੂੰ ਵਾਪਰੀ ਸੀ, ਜਿਸ ਵਿਚ 47 ਸਾਲਾ ਕ੍ਰਿਸ਼ਨ ਕੁਮਾਰ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਸੀ। ਪੁਲਸ ਜਾਂਚ ਮੁਤਾਬਕ ਕਾਤਲਾਂ ਨੇ ਪਹਿਲਾਂ ਬਜ਼ੁਰਗ ਮਾਂ ਦੇ ਹੱਥ ਪੈਰ ਬੰਨ੍ਹ ਕੇ ਉਸ ਨੂੰ ਲਾਚਾਰ ਕੀਤਾ। ਇਸ ਤੋਂ ਬਾਅਦ ਮ੍ਰਿਤਕ ਕ੍ਰਿਸ਼ਨ ਕੁਮਾਰ ਦੇ ਮੂੰਹ 'ਤੇ ਕੱਪੜਾ ਬੰਨ੍ਹ ਕੇ ਸਾਂਹ ਘੋਟ ਕੇ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਵਾਰਦਾਤ ਤੋਂ ਬਾਅਦ ਦੋਸ਼ੀ ਘਰ ਵਿੱਚੋਂ ਕਰੀਬ 15 ਹਜ਼ਾਰ ਰੁਪਏ ਨਗਦੀ ਅਤੇ ਸੋਨੇ-ਚਾਂਦੀ ਦੇ ਗਹਿਣੇ ਲੁੱਟ ਕੇ ਫਰਾਰ ਹੋ ਗਏ ਸਨ। ਘਟਨਾ ਸਮੇਂ ਘਰ ਵਿ ਚ ਸਿਰਫ ਮਾਂ ਅਤੇ ਪੁੱਤਰ ਹੀ ਮੌਜੂਦ ਸਨ। ਪੁਲਿਸ ਨੇ ਦੱਸਿਆ ਕਿ ਦੋਸ਼ੀਆਂ ਨੇ ਬਹੁਤ ਘੱਟ ਸਬੂਤ ਛੱਡੇ, ਜਿਸ ਕਾਰਨ ਇਹ ਅੰਨਾ ਕਤਲ ਟਰੇਸ ਕਰਨਾ ਕਾਫ਼ੀ ਮੁਸ਼ਕਿਲ ਸਾਬਤ ਹੋਇਆ। ਹਾਲਾਂਕਿ ਤਕਨੀਕੀ ਜਾਂਚ ਅਤੇ ਮਿਹਨਤ ਨਾਲ ਪੁਲਿਸ ਨੇ ਮਾਮਲੇ ਦੀ ਗੁੱਥੀ ਸੁਲਝਾ ਲਈ। ਜਾਣਕਾਰੀ ਅਨੁਸਾਰ ਮ੍ਰਿਤਕ ਕ੍ਰਿਸ਼ਨ ਕੁਮਾਰ ਦੜੇ-ਸੱਟੇ ਦੇ ਕੰਮ ਨਾਲ ਜੁੜਿਆ ਹੋਇਆ ਸੀ ਅਤੇ ਤਿੰਨੋ ਦੋਸ਼ੀਆਂ ਨੇ ਉਸ ਤੋਂ ਲਗਭਗ 40 ਹਜ਼ਾਰ ਰੁਪਏ ਲੈਣੇ ਸਨ। ਪੈਸੇ ਨਾ ਮਿਲਣ ਕਾਰਨ ਗੁੱਸੇ ਵਿੱਚ ਆ ਕੇ ਦੋਸ਼ੀਆਂ ਨੇ ਇਸ ਖੌਫ਼ਨਾਕ ਵਾਰਦਾਤ ਨੂੰ ਅੰਜਾਮ ਦਿੱਤਾ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਦੀ ਪਛਾਣ ਅਕਾਸ਼ਦੀਪ ਸ਼ਰਮਾ, ਸੰਨੀ ਕੁਮਾਰ ਅਤੇ ਮਨਪ੍ਰੀਤ ਸਿੰਘ ਵਜੋਂ ਹੋਈ ਹੈ, ਜਿਨ੍ਹਾਂ ਦੀ ਉਮਰ 21 ਤੋਂ 25 ਸਾਲ ਦਰਮਿਆਨ ਹੈ ਅਤੇ ਤਿੰਨੇ ਮਜ਼ਦੂਰੀ ਦਾ ਕੰਮ ਕਰਦੇ ਸਨ। ਪੁਲਸ ਨੇ ਲੁੱਟਿਆ ਹੋਇਆ ਸਮਾਨ ਵੀ ਬਰਾਮਦ ਕਰ ਲਿਆ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਅਗਲੀ ਜਾਂਚ ਜਾਰੀ ਹੈ।

# ਸਹੁਰੇ ਘਰ ਪਤਨੀ ਨੂੰ ਲੈਣ ਆਏ ਨੌਜਵਾਨ ਦੀ ਸ਼ੱਕੀ ਹਾਲਾਤਾਂ 'ਚ ਮੌਤ, ਕਮਰੇ 'ਚ ਪੱਖੇ ਨਾਲ ਲਟਕਦੀ ਮਿਲੀ ਲਾਸ਼

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 11 ਜਨਵਰੀ। ਦੱਖਣੀ-ਪੂਰਬੀ ਦਿੱਲੀ ਦੇ ਬਦਰਪੁਰ ਇਲਾਕੇ ਤੋਂ ਇਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ, ਜਿੱਥੇ 32 ਸਾਲਾ ਇਕ ਨੌਜਵਾਨ ਦੀ ਉਸ ਦੇ ਸਹੁਰੇ ਘਰ ਵਿਚ ਫਾਹੇ ਨਾਲ ਲਟਕਦੀ ਲਾਸ਼ ਬਰਾਮਦ ਹੋਈ ਹੈ। ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਘਟਨਾ ਐਤਵਾਰ ਸਵੇਰੇ ਕਰੀਬ 9 ਵਜੇ ਬਦਰਪੁਰ ਦੇ ਗੌਤਮਪੁਰੀ ਇਲਾਕੇ ਵਿਚ ਵਾਪਰੀ। ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਅਜਬ ਸਿੰਘ ਵਜੋਂ ਹੋਈ ਹੈ, ਜੋ ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਦਾ ਰਹਿਣ ਵਾਲਾ ਸੀ। ਦੱਸਿਆ ਜਾ ਰਿਹਾ ਹੈ ਕਿ ਅਜਬ ਸਿੰਘ ਦੀ ਪਤਨੀ ਘਰੇਲੂ ਕਲੇਸ਼ ਕਾਰਨ ਆਪਣੇ ਪੇਕੇ ਦਿੱਲੀ ਆ ਕੇ ਰਹਿ ਰਹੀ ਸੀ। ਅਜਬ ਸਿੰਘ ਉਸ ਨੂੰ ਵਾਪਸ ਲੈ ਕੇ ਜਾਣ ਲਈ ਆਪਣੇ ਸਹੁਰੇ ਘਰ ਆਇਆ ਸੀ। ਪੁਲਸ ਅਧਿਕਾਰੀ ਅਨੁਸਾਰ, ਜਦੋਂ ਸਹੁਰੇ ਪਰਿਵਾਰ ਦੇ ਮੈਂਬਰਾਂ ਨੇ ਪਤਨੀ ਨੂੰ ਨਾਲ ਭੇਜਣ ਤੋਂ ਮਨ੍ਹਾ ਕਰ ਦਿੱਤਾ, ਤਾਂ



ਅਜਬ ਸਿੰਘ ਨੇ ਖ਼ੁਦ ਨੂੰ ਘਰ ਦੀ ਪਹਿਲੀ ਮੰਜ਼ਿਲ 'ਤੇ ਸਥਿਤ ਇਕ ਕਮਰੇ ਵਿਚ ਬੰਦ ਕਰ ਲਿਆ। ਸੂਚਨਾ ਮਿਲਣ 'ਤੇ ਜਦੋਂ ਪੁਲਿਸ ਮੌਕੇ 'ਤੇ ਪਹੁੰਚੀ, ਤਾਂ ਕਮਰਾ ਅੰਦਰੋਂ ਬੰਦ ਸੀ। ਪੁਲਿਸ ਨੇ ਦਰਵਾਜ਼ਾ ਤੋੜ ਕੇ ਦੇਖਿਆ ਤਾਂ ਅਜਬ ਸਿੰਘ ਪੱਖੇ ਨਾਲ ਲਟਕਦੇ ਫੰਦੇ ਨਾਲ ਝੂਲ ਰਿਹਾ ਸੀ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਅਜਬ ਸਿੰਘ ਵਿਆਹੁਤਾ ਜ਼ਿੰਦਗੀ ਵਿਚ ਚੱਲ ਰਹੇ ਕਲੇਸ਼ ਕਾਰਨ ਕਾਫੀ ਮਾਨਸਿਕ ਤਣਾਅ ਵਿਚ ਸੀ। ਮੌਕੇ 'ਤੇ ਮੌਜੂਦ ਅਜਬ ਸਿੰਘ ਦੇ ਪਿਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਵੀ ਕਿਸੇ ਸਾਜ਼ਿਸ਼ ਦਾ ਸ਼ੱਕ ਜ਼ਾਹਰ ਨਹੀਂ ਕੀਤਾ ਹੈ। ਪੁਲਸ ਨੂੰ ਮੌਕੇ ਤੋਂ ਕੋਈ ਸੁਸਾਈਡ ਨੋਟ ਨਹੀਂ ਮਿਲਿਆ ਹੈ। ਲਾਸ਼ ਨੂੰ ਪੋਸਟਮਾਰਟਮ ਲਈ ਏਮਜ਼ ਦੇ ਮੁਰਦਾਘਰ ਵਿਚ ਭੇਜ ਦਿੱਤਾ ਗਿਆ ਹੈ ਅਤੇ ਪੁਲਿਸ ਮਾਮਲੇ ਦੀ ਅਗਲੇਰੀ ਕਾਰਵਾਈ ਕਰ ਰਹੀ ਹੈ।

# ਰੂਹ ਕੰਬਾਊ ਹਾਦਸਾ: ਤੇਲੰਗਾਨਾ 'ਚ ਚਾਰ ਵਿਦਿਆਰਥੀਆਂ ਦੀ ਮੌਤ

ਹੈਦਰਾਬਾਦ 11 ਜਨਵਰੀ। ਤੇਲੰਗਾਨਾ ਦੇ ਹੈਦਰਾਬਾਦ ਵਿੱਚ ਮਿਰਜ਼ਾਗੁੜਾ ਨੇੜੇ ਉਸ ਸਮੇਂ ਹਫ਼ੜਾ-ਦਫ਼ੜੀ ਮਚ ਗਈ, ਜਦੋਂ ਇੱਕ ਤੇਜ਼ ਰਫ਼ਤਾਰ ਕਾਰ ਸੜਕ ਕਿਨਾਰੇ ਦਰੱਖਤ ਨਾਲ ਟਕਰਾ ਗਈ। ਇਸ ਹਾਦਸੇ ਵਿਚ ਕਾਰ ਸਵਾਰ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਹੋਰ ਜ਼ਖਮੀ ਹੋ ਗਿਆ। ਇਸ ਮਾਮਲੇ ਦੀ ਜਾਂਚ ਦੌਰਾਨ ਪੁਲਸ ਨੇ ਦੱਸਿਆ ਕਿ ਇਹ ਹਾਦਸਾ ਮੋਕੀਲਾ ਪੁਲਸ ਸਟੇਸ਼ਨ ਖੇਤਰ ਵਿੱਚ ਸਵੇਰੇ 1 ਤੋਂ 1:30 ਵਜੇ ਦੇ ਵਿਚਕਾਰ ਵਾਪਰਿਆ ਹੈ। ਇਸ ਮਾਮਲੇ ਦੀ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਹਾਦਸੇ ਦਾ ਕਾਰਨ ਵਾਹਨ ਦਾ ਤੇਜ਼ ਰਫ਼ਤਾਰ ਸੀ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਇਕ ਅਧਿਕਾਰੀ ਨੇ ਦੱਸਿਆ, ਕਾਰ ਵਿੱਚ ਪੰਜ ਕਾਲਜ ਵਿਦਿਆਰਥੀ ਸਵਾਰ ਸਨ, ਜਿਨ੍ਹਾਂ ਦੀ ਉਮਰ 18 ਤੋਂ 21 ਸਾਲ ਦੇ ਵਿਚਕਾਰ ਸੀ। ਡਰਾਈਵਰ ਨੇ ਕਾਰ ਤੋਂ ਆਪਣਾ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਕਾਰ ਸੜਕ ਕਿਨਾਰੇ ਇੱਕ ਦਰੱਖਤ ਨਾਲ ਟਕਰਾ ਗਈ, ਜਿਸ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦੋ ਹਿੱਸਿਆਂ ਵਿੱਚ ਵੰਡ ਗਈ। ਅਧਿਕਾਰੀ ਨੇ ਕਿਹਾ ਕਿ ਇੱਕ ਵਿਦਿਆਰਥੀ ਹਾਦਸੇ ਵਿੱਚ ਬਚ ਗਿਆ ਅਤੇ ਹਸਪਤਾਲ ਵਿੱਚ ਇਲਾਜ ਅਧੀਨ ਹੈ।

# ਪੰਜਾਬ 'ਚੋਂ ਮਿਲੀ 100 ਕਰੋੜ ਦੀ ਹੈਰੋਇਨ! ਫੜੇ ਗਏ 4 ਵੱਡੇ ਤਸਕਰ

ਚੰਡੀਗੜ੍ਹ 11 ਜਨਵਰੀ। ਪੰਜਾਬ 'ਚ ਨਸ਼ਿਆਂ ਦੇ ਕਾਲੇ ਕਾਰੋਬਾਰ 'ਚ ਸ਼ਾਮਲ 4 ਵੱਡੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਤੋਂ 19.980 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਅੰਤਰਰਾਸ਼ਟਰੀ ਬਾਜ਼ਾਰ ਵਿਚ ਇਸ ਦੀ ਕੀਮਤ 100 ਕਰੋੜ ਦੇ ਕਰੀਬ ਦੱਸੀ ਜਾ ਰਹੀ ਹੈ। ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਰਹੱਦ ਪਾਰ ਤਸਕਰੀ 'ਤੇ ਇਕ ਵੱਡੀ ਕਾਰਵਾਈ ਕਰਦਿਆਂ ਐਂਟੀ ਨਾਰਕੋਟਿਕਸ ਟਾਸਕ ਫੋਰਸ, ਬਾਰਡਰ ਰੇਂਜ ਵੱਲੋਂ ਬੀ.ਐੱਸ.ਐੱਫ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ, 19.980 ਕਿੱਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਅਤੇ ਸਪਲਾਈ ਚੇਨ ਦਾ ਪ੍ਰਬੰਧਨ ਕਰਨ ਵਾਲੇ ਮੁੱਖ ਸੰਚਾਲਕ ਸਮੇਤ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀਆਂ ਦੇ ਸਬੰਧ ਪਾਕਿਸਤਾਨ ਅਧਾਰਤ ਹੈਂਡਲਰਾਂ ਨਾਲ ਹਨ ਅਤੇ ਉਹ ਪੰਜਾਬ ਵਿਚ ਨਸ਼ੇ ਦੀ ਸਪਲਾਈ ਕਰਦੇ ਸਨ। ਐੱਨ.ਡੀ.ਪੀ.ਐੱਸ. ਐਕਟ ਦੇ ਤਹਿਤ ਇਕ ਐੱਫ.ਆਈ.ਆਰ. ਦਰਜ ਕੀਤੀ ਗਈ ਹੈ ਅਤੇ ਸਰਹੱਦ ਪਾਰ ਹੈਂਡਲਰਾਂ ਦੀ ਪਛਾਣ ਕਰਨ, ਸਪਲਾਈ ਰੂਟਾਂ ਦਾ ਪਤਾ ਲਗਾਉਣ ਅਤੇ ਪੂਰੇ ਨੈੱਟਵਰਕ ਨੂੰ ਖਤਮ ਕਰਨ ਲਈ ਜਾਂਚ ਜਾਰੀ ਹੈ। ਪੰਜਾਬ ਪੁਲਸ ਨਸ਼ਿਆਂ ਨੂੰ ਅਤੇ ਪੰਜਾਬ ਵਿਚ ਕੰਮ ਕਰ ਰਹੇ ਸਰਹੱਦ ਪਾਰਲੇ ਨਾਰਕੋ ਨੈੱਟਵਰਕਾਂ ਨੂੰ ਖ਼ਤਮ ਕਰਨ ਲਈ ਆਪਣੀ ਵਚਨਬੱਧਤਾ 'ਤੇ ਦ੍ਰਿੜ ਹੈ।

# ਪੁਲਸ ਦੀ ਵੱਡੀ ਕਾਰਵਾਈ! ਵਿਦੇਸ਼ੀ ਪਿਸਤੌਲਾਂ ਤੇ ਜ਼ਿੰਦਾ ਕਾਰਤੂਸਾਂ ਸਣੇ 3 ਗੈਂਗਸਟਰ ਕਾਬੂ, ਗੈਂਗਵਾਰ ਦੀ ਸੀ ਤਿਆਰੀ

**ਕੌਮੀ ਪਤ੍ਰਿਕਾ**

ਬਠਿੰਡਾ 11 ਜਨਵਰੀ। ਬਠਿੰਡਾ 'ਚ ਸੰਭਾਵਿਤ ਗੈਂਗਵਾਰ ਦੀ ਵੱਡੀ ਸਾਜ਼ਿਸ਼ ਨੂੰ ਸਮੇਂ ਸਿਰ ਨਾਕਾਮ ਕਰਦਿਆਂ ਥਾਣਾ ਥਰਮਲ ਪੁਲਸ ਨੇ ਤਿੰਨ ਗੈਂਗਸਟਰਾਂ ਨੂੰ ਚਾਰ ਵਿਦੇਸ਼ੀ ਪਿਸਤੌਲਾਂ ਅਤੇ 26 ਜਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਤੋਂ ਇੱਕ ਬਿਨਾਂ ਨੰਬਰ ਦੀ ਵਰਨਾ ਕਾਰ ਵੀ ਬਰਾਮਦ ਕੀਤੀ ਗਈ ਹੈ। ਪੁਲਸ ਨੇ ਮੁਲਜ਼ਮਾਂ ਦੀ ਪਛਾਣ ਕੁਲਦੀਪ ਸਿੰਘ ਉਰਫ਼ ਗਿੱਲ ਪੱਟੀ, ਗੁਰਵਿੰਦਰ ਸਿੰਘ ਨਿਵਾਸੀ ਕੋਟਸ਼ਮੀਰ ਅਤੇ ਗਗਨਦੀਪ ਸਿੰਘ ਨਿਵਾਸੀ ਭੋਖੜਾ, ਜ਼ਿਲ੍ਹਾ ਬਠਿੰਡਾ ਵਜੋਂ ਕੀਤੀ ਹੈ। ਤਿੰਨਾਂ ਖ਼?ਲਾਫ਼ ਥਾਣਾ ਥਰਮਲ 'ਚ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਥਰਮਲ ਦੇ ਐੱਸਐੱਚਓ ਗੁਦਰਸ਼ਨ ਸਿੰਘ ਨੇ ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪੁਲਸ ਪਾਰਟੀ ਬੀਤੇ ਦਿਨ ਟਰਾਂਸਪੋਰਟ ਨਗਰ ਨੇੜੇ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ



ਕਰ ਰਹੀ ਸੀ। ਇਸ ਦੌਰਾਨ ਇੱਕ ਬਿਨਾਂ ਨੰਬਰ ਦੀ ਵਰਨਾ ਕਾਰ ਨੂੰ ਰੋਕ ਕੇ ਤਲਾਸ਼ੀ ਲਈ ਗਈ, ਜਿਸ 'ਚ ਸਵਾਰ ਤਿੰਨਾਂ ਨੌਜਵਾਨਾਂ ਕੋਲੋਂ ਚਾਰ ਵਿਦੇਸ਼ੀ ਪਿਸਤੌਲ ਤੇ 26 ਜਿੰਦਾ ਕਾਰਤੂਸ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਕਾਰ ਸੰਬੰਧੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਕਿੱਥੋਂ ਲਿਆਂਦੀ ਗਈ ਅਤੇ ਕਿਸ ਦੇ ਨਾਮ 'ਤੇ ਹੈ। ਪੁਲਸ ਸੂਤਰਾਂ ਮੁਤਾਬਕ ਸ਼ੁਰੂਆਤੀ ਪੁੱਛਗਿੱਛ 'ਚ ਮੁਲਜ਼ਮਾਂ ਨੇ ਕਬੂਲਿਆ ਹੈ ਕਿ ਉਹ ਬਠਿੰਡਾ 'ਚ ਗੈਂਗਵਾਰ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸਨ ਅਤੇ ਉਨ੍ਹਾਂ ਦੇ ਨਿਸ਼ਾਨੇ 'ਤੇ ਜ਼ਿਲ੍ਹੇ ਦਾ ਇੱਕ ਵਾਂਟਡ ਗੈਂਗਸਟਰ ਸੀ। ਹਾਲਾਂਕਿ ਇਸ ਬਾਰੇ ਪੁਲਸ ਅਧਿਕਾਰੀਆਂ ਵੱਲੋਂ ਹਜੇ ਤੱਕ ਅਧਿਕਾਰਿਕ ਪੁਸ਼ਟੀ ਨਹੀਂ ਕੀਤੀ ਗਈ ਹੈ। ਪੁਲਸ ਹੁਣ ਮੁਲਜ਼ਮਾਂ ਦੇ ਅਪਰਾਧਿਕ ਰਿਕਾਰਡ, ਹਥਿਆਰਾਂ ਦੀ ਸਪਲਾਈ ਲਾਈਨ ਅਤੇ ਉਨ੍ਹਾਂ ਦੇ ਸੰਪਰਕਾਂ ਦੀ ਗਹਿਰੀ ਜਾਂਚ ਕਰ ਰਹੀ ਹੈ। ਇਸ ਕਾਰਵਾਈ ਨੂੰ ਜ਼ਿਲ੍ਹੇ ਵਿੱਚ ਕਾਨੂੰਨ-ਵਿਵਸਥਾ ਬਣਾਈ ਰੱਖਣ ਦੀ ਦਿਸ਼ਾ ਵਿੱਚ ਵੱਡੀ ਸਫਲਤਾ ਮੰਨਿਆ ਜਾ ਰਿਹਾ ਹੈ।

# ਆਵਾਰਾ ਕੁੱਤੇ ਨਾਲ 3 ਮਿੰਟ ਤੱਕ ਲੜਦੀ ਰਹੀ ਭੈਣ ਨੇ ਬਚਾਈ ਛੋਟੇ ਭਰਾ ਦੀ ਜਾਨ

ਰਾਜਗੜ੍ਹ 11 ਜਨਵਰੀ। ਮੱਧ ਪ੍ਰਦੇਸ਼ ਦੇ ਰਾਜਗੜ੍ਹ ਜ਼ਿਲ੍ਹੇ ਦੇ ਖਿਲਚੀਪੁਰ ਤੋਂ ਬਹਾਦਰੀ ਅਤੇ ਸਮਝਦਾਰੀ ਦੀ ਇੱਕ ਅਜਿਹੀ ਮਿਸਾਲ ਸਾਹਮਣੇ ਆਈ ਹੈ, ਜਿਸ ਦੀ ਚਰਚਾ ਹਰ ਪਾਸੇ ਹੋ ਰਹੀ ਹੈ। ਇੱਥੇ ਇੱਕ 8 ਸਾਲ ਦੀ ਮਾਸੂਮ ਬੱਚੀ ਲੀਜ਼ਾ ਨੇ ਆਪਣੇ 5 ਸਾਲ ਦੇ ਛੋਟੇ ਭਰਾ ਕ੍ਰਿਸ਼ ਨੂੰ ਇੱਕ ਖ਼ੂੰਖਾਰ ਆਵਾਰਾ ਕੁੱਤੇ ਦੇ ਹਮਲੇ ਤੋਂ ਬਚਾਉਣ ਲਈ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ। ਜਾਣਕਾਰੀ ਅਨੁਸਾਰ, ਇਹ ਘਟਨਾ ਖਿਲਚੀਪੁਰ ਨਗਰ ਦੇ ਵਾਰਡ ਨੰਬਰ 3 ਸੋਮਵਾਰੀਆ ਦੀ ਹੈ। ਇੱਕ ਮਜ਼ਦੂਰ ਸੁਰੇਸ਼ ਰਾਓ ਦੀ ਧੀ ਲੀਜ਼ਾ ਅਤੇ ਪੁੱਤਰ ਕ੍ਰਿਸ਼ ਆਪਣੀ ਭੂਆ ਦੇ ਘਰ ਗਏ ਹੋਏ ਸਨ। ਜਦੋਂ ਦੋਵੇਂ ਬੱਚੇ ਘਰ ਦੇ ਬਾਹਰ ਖੇਡ ਰਹੇ ਸਨ, ਤਾਂ ਅਚਾਨਕ ਇੱਕ ਅਵਾਰਾ ਕੁੱਤੇ ਨੇ 5 ਸਾਲਾ ਕ੍ਰਿਸ਼ 'ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਬੁਰੀ ਤਰ੍ਹਾਂ ਨੋਚਣ ਲੱਗਾ। ਆਪਣੇ ਭਰਾ ਦੀਆਂ ਚੀਕਾਂ ਸੁਣ ਕੇ 8 ਸਾਲਾ ਲੀਜ਼ਾ ਬਿਨਾਂ ਡਰੇ ਕੁੱਤੇ ਨਾਲ ਭਿੜ ਗਈ। ਉਹ ਲਗਭਗ 3 ਮਿੰਟ ਤੱਕ ਨਿਹੱਥੇ ਹੀ ਉਸ ਖ਼ੂੰਖਾਰ ਕੁੱਤੇ ਨਾਲ ਸੰਘਰਸ਼ ਕਰਦੀ ਰਹੀ ਅਤੇ ਅਖੀਰ ਆਪਣੇ ਭਰਾ ਨੂੰ ਉਸ ਦੇ ਚੁੰਗਲ ਵਿੱਚੋਂ ਛੁਡਵਾ ਲਿਆ। ਇਸ ਸੰਘਰਸ਼ ਦੌਰਾਨ ਲੀਜ਼ਾ ਖੁਦ ਵੀ ਜ਼ਖਮੀ ਹੋ ਗਈ। ਆਪਣੀ ਟੀ-ਸ਼ਰਟ ਨਾਲ ਬੰਨ੍ਹੀ ਪੱਟੀ ਹਮਲੇ ਤੋਂ ਬਾਅਦ ਜਦੋਂ ਲੀਜ਼ਾ ਨੇ ਦੇਖਿਆ ਕਿ



ਕ੍ਰਿਸ਼ ਦੇ ਸਿਰ ਵਿੱਚੋਂ ਤੇਜ਼ੀ ਨਾਲ ਖ਼ੂਨ ਵਹਿ ਰਿਹਾ ਹੈ, ਤਾਂ ਉਸ ਨੇ ਕੜਾਕੇ ਦੀ ਠੰਢ ਦੀ ਪ੍ਰਵਾਹ ਕੀਤੇ ਬਿਨਾਂ ਆਪਣੀ ਟੀ-ਸ਼ਰਟ ਉਤਾਰ ਕੇ ਭਰਾ ਦੇ ਸਿਰ 'ਤੇ ਬੰਨ੍ਹ ਦਿੱਤੀ ਤਾਂ ਜੋ ਖ਼ੂਨ ਵਹਿਣਾ ਬੰਦ ਹੋ ਸਕੇ। ਬਾਅਦ ਵਿੱਚ ਆਸ-ਪਾਸ ਦੇ ਲੋਕਾਂ ਨੇ ਇਕੱਠੇ ਹੋ ਕੇ ਕੁੱਤੇ ਨੂੰ ਉੱਥੋਂ ਭਜਾਇਆ। ਦੋਵਾਂ ਜ਼ਖਮੀ ਭੈਣ-ਭਰਾਵਾਂ ਨੂੰ ਤੁਰੰਤ ਖਿਲਚੀਪੁਰ ਦੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ

## ਸਕੂਲਾਂ ਲਈ ਨਵੇਂ ਹੁਕਮ ਜਾਰੀ! ਵਿਦਿਆਰਥੀਆਂ ਦੀ ਸਿਹਤ ਦੇ ਮੱਦੇਨਜ਼ਰ ਲਿਆ ਗਿਆ ਫ਼ੈਸਲਾ

ਲੁਧਿਆਣਾ 11 ਜਨਵਰੀ। ਲੁਧਿਆਣਾ ਕਮਿਸ਼ਨਰੇਟ ਪੁਲਸ ਵੱਲੋਂ ਸ਼ਹਿਰ ਦੇ ਸਾਰੇ ਸਕੂਲਾਂ ਲਈ ਸਖ਼ਤ ਹੁਕਮ ਜਾਰੀ ਕੀਤੇ ਹਨ। ਇਸ ਤਹਿਤ ਸਮੂਹ ਸਕੂਲਾਂ ਅੰਦਰ ਛੋਟੀ ਉਮਰ ਦੇ ਬੱਚਿਆਂ ਵੱਲੋਂ ਇਲੈਕਟ?ਰਾਨਿਕ ਸਿਗਰਟ (ਵੇਪ) ਦੀ ਵਰਤੋਂ ਕਰਨ, ਗੈਰ ਕਾਨੂੰਨੀ ਹੁੱਕਾ ਬਾਰ ਚਲਾਉਣ, ਹੁੱਕਾ ਬਾਰ ਵਿਚ ਵਰਤੇ ਜਾਣ ਵਾਲੇ ਕੈਮੀਕਲ, ਤੰਬਾਕੂ, ਸ਼ਰਾਬ, ਸਿਗਰਟ ਤੇ ਇਲੈਕਟ?ਰਾਨਿਕ ਸਿਗਰਟ (ਵੇਪ) ਵਰਤਣ ਅਤੇ ਲੋਕਲ ਮਾਰਕੀਟ ਵਿਚ ਵੇਪ ਵੇਚਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਲੁਧਿਆਣਾ ਦੇ ਰੁਪਿੰਦਰ ਸਿੰਘ ਨੇ ਕਿਹਾ ਕਿ ਬੱਚਿਆਂ ਵੱਲੋਂ ਤੰਬਾਕੂ, ਸ਼ਰਾਬ, ਸਿਗਰਟ ਤੇ ਇਲੈਕਟ?ਰਾਨਿਕ ਸਿਗਰਟ (ਵੇਪ) ਦੀ ਵਰਤੋਂ 'ਤੇ ਉਨ੍ਹਾਂ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਅ ਪੈਂਦਾ ਹੈ, ਇਸ ਲਈ ਇਹ ਸਖ਼ਤ ਕਦਮ ਚੁੱਕਿਆ ਗਿਆ ਹੈ। ਰੁਪਿੰਦਰ ਸਿੰਘ ਵੱਲੋਂ ਜਾਰੀ ਹੁਕਮਾਂ ਮੁਤਾਬਕ ਜੇਕਰ ਕਿਸੇ ਸਕੂਲ ਜਾਂ ਹੁੱਕਾ ਬਾਰ ਅੰਦਰ ਛੋਟੀ ਉਮਰ ਦਾ ਬੱਚਾ ਜਾਂ ਨੌਜਵਾਨ ਕੈਮੀਕਲ, ਤੰਬਾਕੂ, ਸ਼ਰਾਬ, ਸਿਗਰਟ ਤੇ ਇਲੈਕਟ?ਰਾਨਿਕ ਸਿਗਰਟ (ਵੇਪ) ਦੀ ਵਰਤੋਂ ਕਰਦਾ ਪਾਇਆ ਜਾਂਦਾ ਹੈ ਤਾਂ ਹੁੱਕਾ ਬਾਰ ਦੇ ਮਾਲਕ ਤੇ ਸਟਾਫ, ਸਕੂਲ ਦੇ ਮਾਲਕ ਤੇ ਸਟਾਫ਼ ਅਤੇ ਬੱਚਿਆਂ ਦੇ ਮਾਪਿਆਂ ਖ਼?ਲਾਫ਼ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਇਹ ਹੁਕਮ ਅਗਲੇ 2 ਮਹੀਨਿਆਂ ਤਕ ਲਾਗੂ ਰਹੇਗਾ।

# ਗੈਂਗਸਟਰ ਦਾ ਗੁਰਗਾ ਪੁਲਸ ਮੁਕਾਬਲੇ ਮਗਰੋਂ ਗ੍ਰਿਫਤਾਰ, ਵਪਾਰੀ ਤੋਂ ਮੰਗੀ ਸੀ ਇਕ ਕਰੋੜ ਦੀ ਫਿਰੌਤੀ

**ਕੌਮੀ ਪਤ੍ਰਿਕਾ**

ਨਵਾਂਸ਼ਹਿਰ 11 ਜਨਵਰੀ। ਨਵਾਂਸ਼ਹਿਰ ਦੇ ਬੰਗਾ ਰੋਡ 'ਤੇ ਇਕ ਵਪਾਰੀ ਦੀ ਬੰਦ ਦੁਕਾਨ ਦੇ ਸ਼ਟਰ 'ਤੇ ਚਾਰ ਫਾਇਰ ਕਰਨ ਵਾਲੇ ਗੈਂਗਸਟਰ ਰੋਹਿਤ ਗੋਦਾਰਾ ਦੇ ਇਕ ਗੁਰਗੇ ਨੂੰ ਪੁਲਸ ਨੇ ਜਬਰਦਸਤ ਮੁਕਾਬਲੇ ਤੋਂ ਬਾਅਦ ਗ੍ਰਿਫਤਾਰ ਕੀਤਾ ਹੈ, ਜਦੋਂ ਕਿ ਉਸਦਾ ਸਾਥੀ ਰਾਤ ਦੇ ਹਨੇਰੇ ਅਤੇ ਧੁੰਦ ਦਾ ਫਾਇਦਾ ਉਠਾਉਂਦੇ ਫਰਾਰ ਹੋਣ ਵਿਚ ਕਾਮਯਾਬ ਹੋ ਗਿਆ। ਐੱਸ.ਐੱਸ.ਪੀ. ਤੁਸ਼ਾਰ ਗੁਪਤਾ ਨੇ ਕਿਹਾ ਕਿ ਨਵਾਂਸ਼ਹਿਰ ਦੇ ਇਕ ਵਪਾਰੀ ਨੂੰ ਗੈਂਗਸਟਰ ਵੱਲੋਂ ਲਗਾਤਾਰ ਫਿਰੌਤੀ ਦੀਆਂ ਕਾਲਾਂ ਆ ਰਹੀਆਂ ਸਨ। ਇਸੇ ਗੈਂਗਸਟਰ ਦੇ ਗੁਰਗਿਆਂ ਵੱਲੋਂ ਇਕ ਦਿਨ ਪਹਿਲਾਂ ਵੀ ਲੁਧਿਆਣਾ ਵਿਚ ਵੀ ਇਕ ਵਿਅਕਤੀ ਨੂੰ ਨਿਸ਼ਾਨਾ ਬਣਾਇਆ ਸੀ ਜਿਸ 'ਤੇ ਪੁਲਸ ਨੂੰ ਠੋਸ ਜਾਣਕਾਰੀ ਸੀ ਕਿ ਉਕਤ ਗੈਂਗਸਟਰ ਦੇ ਗੁਰਗੇ ਨਵਾਂਸ਼ਹਿਰ ਵਿਚ ਉਕਤ ਵਪਾਰੀ ਨੂੰ ਵੀ ਨਿਸ਼ਾਨਾ ਬਣਾ ਸਕਦੇ ਹਨ ਜਿਸ ਨੂੰ ਲੈ ਕੇ ਵਿਸ਼ੇਸ਼ ਪੁਲਸ ਟੀਮਾਂ ਬਣਾ ਕੇ ਉਕਤ ਵਪਾਰੀ ਦੇ ਘਰ ਅਤੇ ਦੁਕਾਨ ਦੇ ਬਾਹਰ ਸਿਵਲ ਵਰਦੀ ਅਤੇ ਨਿੱਜੀ ਵਾਹਨਾਂ ਵਿਚ ਤਾਇਨਾਤ ਕੀਤੀਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਸ਼ੁੱਕਰਵਾਰ ਦੇਰ ਰਾਤ, ਲਗਭਗ 10:30 ਵਜੇ, ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨਾਂ ਨੇ ਵਪਾਰੀ ਦੀ ਦੁਕਾਨ ਦੇ ਬਾਹਰ ਲਗਭਗ ਚਾਰ ਫਾਇਰ ਕੀਤੇ ਜਿਸ 'ਤੇ ਦੁਕਾਨ ਦੇ ਨੇੜੇ ਤਾਇਨਾਤ ਪੁਲਸ ਪਾਰਟੀ ਨੇ ਨਿੱਜੀ ਵਾਹਨ ਵਿਚ ਉਕਤ ਗੁਰਗਿਆਂ ਦਾ ਪਿੱਛਾ ਕੀਤਾ। ਗੁਰਗਿਆਂ ਨੇ ਪਿੱਛਾ ਕਰ ਰਹੀ ਪੁਲਸ ਪਾਰਟੀ 'ਤੇ ਲਗਭਗ ਅੱਠ ਗੋਲੀਆਂ ਚਲਾਈਆਂ, ਜਦੋਂ ਕਿ ਪੁਲਸ ਪਾਰਟੀ ਨੇ ਸਵੈ-ਰੱਖਿਆ ਵਿਚ ਮੋਟਰਸਾਈਕਲ ਸਵਾਰ ਮੁਲਜ਼ਮਾਂ 'ਤੇ ਵੀ ਗੋਲੀ ਚਲਾਈ। ਉਨ੍ਹਾਂ ਦਾ ਮੋਟਰਸਾਈਕਲ ਬੰਗਾ ਰੋਡ 'ਤੇ ਸਤਲੁਜ ਪੰਪ ਦੇ ਨੇੜੇ ਸੜਕ 'ਤੇ ਡਿੱਗ ਗਿਆ ਅਤੇ ਮੁਲਜ਼ਮਾਂ ਨੇ ਨੇੜਲੇ ਮੁਹੱਲੇ ਵਿਚ ਗਲੀ ਵਿਚੋਂ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਇਕ ਮੁਲਜ਼ਮ ਜਿਸ ਦੀ ਪਛਾਣ ਗੁਰਬੇਜ ਸਿੰਘ ਉਰਫ਼ ਭੇਜਾ ਵਜੋਂ ਹੋਈ ਹੈ, ਨੂੰ ਪੁਲਸ ਫਾਇਰਿੰਗ ਵਿਚ ਦੋ ਗੋਲੀਆਂ ਲੱਗੀਆਂ, ਨੂੰ ਗ੍ਰਿਫਤਾਰ ਕਰ ਲਿਆ, ਜਦੋਂ ਕਿ ਉਸਦਾ ਸਾਥੀ ਹਨੇਰੇ ਤੇ ਸੰਘਣੀ ਧੁੰਦ ਦਾ ਫਾਇਦਾ ਉਠਾਉਂਦੇ ਹੋਏ ਫਰਾਰ ਹੋ ਗਿਆ। ਪੁਲਸ ਨੇ ਗ੍ਰਿਫ਼ਤਾਰ ਮੁਲਜ਼ਮ ਤੋਂ ਦੋ ਪਿਸਤੌਲ ਵੀ ਬਰਾਮਦ ਕੀਤੇ। ਐੱਸ.ਐੱਸ.ਪੀ. ਨੇ ਕਿਹਾ ਕਿ ਦੂਜੇ ਮੁਲਜ਼ਮ ਨੂੰ ਵੀ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਪੁਲਸ ਸੂਤਰਾਂ ਅਨੁਸਾਰ, ਜਰਮਨੀ ਵਿਚ ਬੈਠੇ ਗੈਂਗਸਟਰ ਰੋਹਿਤ ਗੋਦਾਰਾ ਲੰਬੇ ਸਮੇਂ ਤੋਂ ਵਪਾਰੀ ਨੂੰ ਇਕ ਕਰੋੜ ਰੁਪਏ ਦੀ ਫਿਰੌਤੀ ਦੇਣ ਦੀ ਮੰਗ ਕਰਦੇ ਹੋਏ ਤੰਗ-ਪ੍ਰੇਸ਼ਾਨ ਕਰ ਰਿਹਾ ਸੀ। ਗੈਂਗਸਟਰ ਨੇ ਵਪਾਰੀ ਨੂੰ 24 ਘੰਟੇ ਦਾ ਅਲਟੀਮੇਟਮ ਦਿੰਦਿਆਂ ਉਸ 'ਤੇ ਹਮਲਾ ਕਰਨ ਦੀ ਧਮਕੀ ਦਿੱਤੀ ਸੀ। ਇਸ ਧਮਕੀ ਦੇ ਚਲਦੇ ਹੀ ਰੋਹਿਤ ਗੋਦਾਰਾ ਦੇ ਦੋ ਗੁਰਗਿਆਂ ਨੇ ਬੀਤੀ ਰਾਤ ਬੰਦ ਦੁਕਾਨ ਦੇ ਸ਼ਟਰ "ਤੇ ਚਾਰ ਗੋਲੀਆਂ ਚਲਾ ਕਰ ਵਪਾਰੀ ਨੂੰ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ ਸੀ। ਦੱਸਿਆ ਜਾ ਰਿਹਾ ਹੈ ਕਿ ਉਕਤ ਵਪਾਰੀ ਪਿਛਲੇ ਪੰਜ ਸਾਲਾਂ ਤੋਂ ਗੈਂਗਸਟਰ ਵੱਲੋਂ ਫਿਰੌਤੀ ਦੀ ਮੰਗ ਕੀਤੇ ਜਾਣ ਵਾਲਿਆਂ ਫੋਨ ਕਾਲਾਂ ਤੋਂ ਪ੍ਰੇਸ਼ਾਨ ਸੀ। ਇਸ ਤੋਂ ਪਹਿਲਾਂ ਵੀ ਵਪਾਰੀ ਦੀ ਬੰਦ ਦੁਕਾਨ 'ਤੇ ਪੰਜ ਰਾਉਂਡ ਗੋਲੀਆਂ ਚਲਾਈਆਂ ਗਈਆਂ ਸਨ। ਪੁਲਸ ਵਲੋਂ ਬੀਤੀ ਰਾਤ ਪੁਲਸ ਮੁਕਾਬਲੇ ਵਿਚ ਗ੍ਰਿਫਤਾਰ ਕੀਤੇ ਗਏ ਗੈਂਗਸਟਰ ਰੋਹਿਤ ਗੋਦਾਰਾ ਦੇ ਗੁਰਗੇ ਗੁਰਬੇਜ ਸਿੰਘ ਉਰਫ ਭੇਜਾ 'ਤੇ ਪਹਿਲਾਂ ਹੀ ਕਈ ਗੰਭੀਰ ਮਾਮਲੇ ਦਰਜ ਹਨ। ਪੁਲਸ ਸੂਤਰਾਂ ਅਨੁਸਾਰ, ਦੋਸ਼ੀ 'ਤੇ ਫਿਰੌਤੀ ਮੰਗਣ, ਡਰੋਨ ਨਾਲ ਹਥਿਆਰ ਮੰਗਵਾਉਣ, ਕਤਲ ਦੀ ਕੋਸ਼ਿਸ਼ ਅਤੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲੇ ਦਰਜ ਹਨ।

### ਟਰਾਲੀ ਤੇ ਟਾਟਾ 407 'ਚ ਹੋਈ ਟੱਕਰ

ਜਲੰਧਰ 11 ਜਨਵਰੀ। ਰਾਮਾ ਮੰਡੀ-ਹੁਸ਼ਿਆਰਪੁਰ ਰੋਡ 'ਤੇ ਇੰਪੀਰੀਅਲ ਮੈਨਰ ਨੇੜੇ ਸੜਕ ਵਿਚਕਾਰ ਖਰਾਬ ਹਾਲਤ ਵਿਚ ਖੜ੍ਹੀ ਇੱਟਾਂ ਨਾਲ ਲੱਦੀ ਹੋਈ ਟਰਾਲੀ ਨਾਲ ਟਾਟਾ-407 ਗੱਡੀ ਦੀ ਟੱਕਰ ਹੋ ਗਈ, ਜਿਸ ਦੇ ਬਾਅਦ ਦੋਵੇਂ ਵਾਹਨ ਬੁਰੀ ਤਰ੍ਹਾਂ ਨਾਲ ਨੁਕਸਾਨੇ ਗਏ ਅਤੇ ਟਾਟਾ-407 ਦਾ ਡਰਾਈਵਰ, ਜੋਕਿ ਰਾਮਾ ਮੰਡੀ ਵੱਲੋਂ ਆ ਰਿਹਾ ਸੀ, ਆਪਣੀ ਗੱਡੀ ਵਿਚ ਹੀ ਫਸ ਗਿਆ, ਜਿਸ ਨੂੰ ਭਾਰੀ ਮੁਸ਼ੱਕਤ ਨਾਲ ਬਾਹਰ ਕੱਢ ਕੇ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ। ਮਾਮਲੇ ਦੀ ਜਾਂਚ ਕਰ ਰਹੇ ਥਾਣਾ ਰਾਮਾ ਮੰਡੀ ਦੇ ਏ.ਐੱਸ.ਆਈ. ਸਤਨਾਮ ਸਿੰਘ ਨੇ ਦੱਸਿਆ ਕਿ ਟਾਟਾ-407 ਦੇ ਡਰਾਈਵਰ ਦੀ ਪਛਾਣ ਮੁਕੇਸ਼ ਕੁਮਾਰ ਪੁੱਤਰ ਅਰਜੁਨ ਦਾਸ ਨਿਵਾਸੀ ਪਿੰਡ ਜੌਹਲ, ਜ਼ਿਲ੍ਹਾ ਜਲੰਧਰ ਦੇ ਰੂਪ ਵਿਚ ਹੋਈ ਹੈ

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਨੋਇਡਾ ਏਅਰਪੋਰਟ ਤੋਂ ਜਲਦੀ ਸ਼ੁਰੂ ਹੋਣਗੀਆਂ ਉਡਾਣਾਂ, ਪਰ ਰਸਤਿਆਂ 'ਚ ਜਾਮ ਬਣਿਆ ਚੁਣੌਤੀ

**ਕੌਮੀ ਪੱਤ੍ਰਿਕਾ**

ਨੋਇਡਾ 11 ਜਨਵਰੀ। ਜੇਵਰ ਵਿੱਚ ਨੋਇਡਾ ਇੰਟਰਨੈਸ਼ਨਲ ਏਅਰਪੋਰਟ ਦਾ ਨਿਰਮਾਣ ਕੀਤਾ ਗਿਆ ਹੈ, ਜਿਸ ਦੇ ਉਦਘਾਟਨ ਨੂੰ ਲੈ ਕੇ ਤਿਆਰੀਆਂ ਤੇਜ਼ੀ ਨਾਲ ਚੱਲ ਰਹੀਆਂ ਹਨ। ਹਾਲਾਂਕਿ, ਜਿੱਥੇ ਇੱਕ ਪਾਸੇ ਹਵਾਈ ਅੱਡਾ ਇਸ ਮਹੀਨੇ ਜਲਦ ਸ਼ੁਰੂ ਹੋਣ ਜਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਦਿੱਲੀ-ਐਨ.ਸੀ.ਆਰ. ਤੋਂ ਏਅਰਪੋਰਟ ਤੱਕ ਪਹੁੰਚਣ ਵਾਲੇ ਮੁੱਖ ਰਸਤਿਆਂ 'ਤੇ ਲੱਗਣ ਵਾਲੇ ਭਾਰੀ ਜਾਮ ਨੇ ਪ੍ਰਸ਼ਾਸਨ ਅਤੇ ਜਨਤਾ ਦੀ ਚਿੰਤਾ ਵਧਾ ਦਿੱਤੀ ਹੈ। ਇਸ ਰਾਸਤੇ ਤੋਂ ਲੰਘਣ ਵਾਲੇ ਲੋਕਾਂ ਨੂੰ ਕਾਫ਼ੀ ਸਮਾਂ ਜਾਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਵਾਹਨਾਂ ਦੀਆਂ ਲੰਮੀਆਂ ਲਾਈਨਾਂ ਲੱਗ ਜਾਂਦੀਆਂ ਹਨ। ਮਾਹਰਾਂ ਅਨੁਸਾਰ ਏਅਰਪੋਰਟ ਸ਼ੁਰੂ ਹੋਣ ਤੋਂ ਬਾਅਦ ਨੋਇਡਾ-ਗ੍ਰੇਨੋ ਐਕਸਪ੍ਰੈਸ-ਵੇਅ, ਯਮੁਨਾ ਐਕਸਪ੍ਰੈਸ-ਵੇਅ, ਮਹਾਮਾਇਆ ਫਲਾਈਓਵਰ ਅਤੇ ਫਿਲਮ ਸਿਟੀ ਮਾਰਗ 'ਤੇ ਵਾਹਨਾਂ ਦਾ ਦਬਾਅ ਕਈ ਗੁਣਾ ਵਧ ਜਾਵੇਗਾ। ਮੌਜੂਦਾ ਸਮੇਂ ਵਿੱਚ ਵੀ ਇਨ੍ਹਾਂ ਰਸਤਿਆਂ 'ਤੇ ਸਵੇਰੇ-ਸ਼ਾਮ ਲੰਬਾ ਜਾਮ ਦੇਖਣ ਨੂੰ ਮਿਲ ਰਿਹਾ ਹੈ। ਜੇਕਰ ਸਮਾਂ ਰਹਿੰਦਿਆਂ ਬਦਲਵੇਂ ਰਸਤੇ ਤਿਆਰ ਨਾ ਕੀਤੇ ਗਏ, ਤਾਂ ਯਾਤਰੀਆਂ ਲਈ ਏਅਰਪੋਰਟ ਤੱਕ ਪਹੁੰਚਣਾ ਇੱਕ ਸੀਮਤ ਹੈ। ਮਹਾਮਾਇਆ



ਵੱਡੀ ਜੰਗ ਜਿੱਤਣ ਵਰਗਾ ਹੋਵੇਗਾ। ਚਿੱਲਾ ਬਾਰਡਰ: ਅਕਸ਼ਰਧਾਮ ਵਾਲੇ ਪਾਸੇ ਤੋਂ ਆਉਣ ਵਾਲੇ ਵਾਹਨ ਇੱਥੇ ਬੁਰੀ ਤਰ੍ਹਾਂ ਫਸਦੇ ਹਨ। 10 ਮਿੰਟ ਦਾ ਸਫ਼ਰ ਤੈਅ ਕਰਨ ਲਈ ਇੱਕ ਘੰਟਾ ਲੱਗ ਰਿਹਾ ਹੈ। ਇੱਥੇ ਐਲੀਵੇਟਿਡ ਰੋਡ ਦਾ ਕੰਮ ਚੱਲ ਰਿਹਾ ਹੈ, ਜਿਸ ਨੂੰ ਪੂਰਾ ਹੋਣ ਵਿੱਚ ਅਜੇ ਤਿੰਨ ਸਾਲ ਹੋਰ ਲੱਗ ਸਕਦੇ ਹਨ। ਡੀ.ਐਨ.ਡੀ. (4©4): ਦਿੱਲੀ ਤੋਂ ਨੋਇਡਾ ਵਿੱਚ ਦਾਖਲ ਹੁੰਦੇ ਹੀ ਜਾਮ ਸ਼ੁਰੂ ਹੋ ਜਾਂਦਾ ਹੈ। ਲੂਪ ਦੀ ਚੌੜਾਈ ਵਧਾਉਣ ਦੀ ਯੋਜਨਾ ਫਿਲਹਾਲ ਸਿਰਫ ਕਾਗਜ਼ਾਂ ਤੱਕ ਹੀ ਫਲਾਈਓਵਰ: ਕਾਲਿੰਦੀ ਕੁੰਜ ਵਾਲੇ ਪਾਸੇ ਤੋਂ ਆਉਣ ਵਾਲਾ ਟ?ਰੈਫਿਕ ਇੱਥੇ ਲੱਗੇ ਲੂਪ ਦੀ ਘੱਟ ਚੌੜਾਈ ਕਾਰਨ ਰੁਕ ਜਾਂਦਾ ਹੈ। ਅਜੇ ਤੱਕ ਇਸ ਦੇ ਹੱਲ ਲਈ ਕੋਈ ਠੋਸ ਯੋਜਨਾ ਨਹੀਂ ਬਣੀ। ਫਿਲਮ ਸਿਟੀ ਫਲਾਈਓਵਰ: ਸੈਕਟਰ-18 ਵੱਲੋਂ ਆਉਣ ਵਾਲਾ ਟ?ਰੈਫਿਕ ਇੱਥੇ ਫਸਦਾ ਹੈ। ਸੜਕ ਨੂੰ ਚੌੜਾ ਕਰਨ ਦੀ ਮੰਗ ਲੰਬੇ ਸਮੇਂ ਤੋਂ ਲਟਕ ਰਹੀ ਹੈ। ਨੋਇਡਾ ਅਥਾਰਟੀ ਦੇ ਸੀ.ਈ.ਓ. ਅਨੁਸਾਰ ਜਾਮ ਨੂੰ ਘਟਾਉਣ ਲਈ ਕਈ ਪ੍ਰੋਜੈਕਟਾਂ 'ਤੇ ਕੰਮ ਚੱਲ ਰਿਹਾ ਹੈ। ਚਿੱਲਾ ਐਲੀਵੇਟਿਡ ਰੋਡ ਅਤੇ ਯਮੁਨਾ ਪੁਸ਼ਤੇ 'ਤੇ ਨਵੀਂ ਸੜਕ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾ ਰਿਹਾ ਹੈ। ਦੂਜੇ ਪਾਸੇ, ਸੇਵਾਮੁਕਤ ਆਈ.ਪੀ.ਐਸ. ਦਾ ਕਹਿਣਾ ਹੈ ਕਿ ਸਿਰਫ ਏਅਰਪੋਰਟ ਬਣਾਉਣਾ ਕਾਫੀ ਨਹੀਂ ਹੈ, ਸਗੋਂ ਨੋਇਡਾ-ਗ੍ਰੇਟਰ ਨੋਇਡਾ ਐਕਸਪ੍ਰੈਸ-ਵੇਅ ਦੇ ਬਦਲ ਵਜੋਂ ਨਵੀਆਂ ਸੜਕਾਂ ਨੂੰ ਜਲਦੀ ਤੋਂ ਜਲਦੀ ਚਾਲੂ ਕਰਨਾ ਲਾਜ਼ਮੀ ਹੈ।

## ਜੇਲ੍ਹ 'ਚੋਂ ਮੋਬਾਈਲ ਅਤੇ ਚਾਰਜ਼ਰ ਬਰਾਮਦ

ਤਰਨਤਾਰਨ 10 ਜਨਵਰੀ। ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਵਿਚ ਕੀਤੀ ਗਈ ਤਲਾਸ਼ੀ ਮੁਹਿੰਮ ਦੌਰਾਨ ਮੋਬਾਈਲ ਅਤੇ ਚਾਰਜ਼ਰ ਬਰਾਮਦ ਹੋਣ ਦੇ ਮਾਮਲੇ ਵਿਚ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਚਾਰ ਮੁਲਜ਼ਮਾਂ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਸਬੰਧੀ ਸਹਾਇਕ ਸੁਪਰਡੈਂਟ ਜਸਵੰਤ ਸਿੰਘ ਨੇ ਦੱਸਿਆ ਕਿ ਜੇਲ ਵਿਚ ਕੀਤੀ ਗਈ ਚੈਕਿੰਗ ਦੌਰਾਨ ਹਵਾਲਾਤੀ ਧਰਮਿੰਦਰ ਸਿੰਘ ਵਾਸੀ ਢੋਟਾ, ਜਗਰੂਪ ਸਿੰਘ ਵਾਸੀ ਵੜਿੰਗ ਸੂਬਾ ਸਿੰਘ, ਲਵਪ੍ਰੀਤ ਸਿੰਘ ਵਾਸੀ ਧਾਰੜ ਅਤੇ ਸਰਵਣ ਸਿੰਘ ਵਾਸੀ ਬਹਿੜਵਾਲ ਦੇ ਕੋਲੋਂ ਇਕ ਟਚ ਸਕ੍ਰੀਨ ਮੋਬਾਈਲ, ਦੋ ਕੀਪੈਡ ਮੋਬਾਈਲ ਅਤੇ ਇਕ ਮੋਬਾਈਲ ਚਾਰਜ਼ਰ ਬਰਾਮਦ ਹੋਇਆ ਹੈ। ਜਿਸ ਸਬੰਧੀ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 19 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਦੋ ਨਾਮਜ਼ਦ

ਤਰਨਤਾਰਨ 10 ਜਨਵਰੀ। ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਧੋਖਾਧੜੀ ਕਰਕੇ 19 ਲੱਖ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਵਿਚ ਦੋ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ 'ਚ ਹਰਪ੍ਰੀਤ ਸਿੰਘ ਪੁੱਤਰ ਧਰਮ ਸਿੰਘ ਵਾਸੀ ਵੈਰੋਵਾਲ ਬਾਵਿਆਂ ਨੇ ਦੱਸਿਆ ਕਿ ਪ੍ਰਭਦੀਪ ਸਿੰਘ ਅਤੇ ਲਵਦੀਪ ਸਿੰਘ ਨੇ ਹਮਸਲਾਹ ਹੋ ਕੇ ਆਈ.ਆਈ.ਐੱਫ.ਐੱਫ. ਫਾਇਨਾਂਸ ਕੰਪਨੀ ਬ੍ਰਾਂਚ ਖਡੂਰ ਸਾਹਿਬ ਨਾਲ 19 ਲੱਖ ਰੁਪਏ ਦੀ ਠੱਗੀ ਮਾਰੀ ਹੈ, ਜਿਸ ਦਾ ਪਤਾ ਚੱਲਣ 'ਤੇ ਉਨ੍ਹਾਂ ਤੁਰੰਤ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ। ਇਸ ਸਬੰਧੀ ਏ.ਐੱਸ.ਆਈ. ਪ੍ਰਤਾਪ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਤੋਂ ਬਾਅਦ ਪ੍ਰਭਦੀਪ ਸਿੰਘ ਅਤੇ ਲਵਦੀਪ ਸਿੰਘ ਵਾਸੀਆਨ ਖਡੂਰ ਸਾਹਿਬ ਦੇ ਖ਼ਿਲਾਫ਼ ਮੁਕੱਦਮਾ ਨੰਬਰ 12 ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਆੜ੍ਹਤੀ ਨੇ ਜ਼ਹਿਰੀਲੀ ਦਵਾਈ ਨਿਗਲ ਕੀਤੀ ਖ਼ੁਦਕੁਸ਼ੀ, ਗੱਲੇ 'ਚੋਂ ਮਿਲਿਆ ਸੁਸਾਈਡ ਨੋਟ

ਬਟਾਲਾ 11 ਜਨਵਰੀ। ਬਟਾਲਾ ਦੀ ਦਾਣਾ ਮੰਡੀ 'ਚ ਆੜ੍ਹਤ ਦਾ ਕੰਮ ਕਰਦੇ ਵਿਅਕਤੀ ਵੱਲੋਂ ਬੀਤੇ ਦਿਨੀਂ ਜ਼ਹਿਰੀਲੀ ਦਵਾਈ ਨਿਗਲ ਲਈ ਗਈ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਇਸ ਤੋਂ ਪਹਿਲਾਂ ਆੜ੍ਹਤੀ ਨੇ ਇਕ ਸੁਸਾਈਡ ਨੋਟ ਵੀ ਲਿਖਿਆ ਸੀ। ਥਾਣਾ ਸਿਵਲ ਲਾਈਨ ਦੀ ਪੁਲਸ ਨੇ ਮ੍ਰਿਤਕ ਦੀ ਮਾਤਾ ਵੱਲੋਂ ਦਰਜ ਕਰਵਾਏ ਬਿਆਨ ਅਤੇ ਸੁਸਾਈਡ ਨੋਟ ਦੇ ਆਧਾਰ 'ਤੇ 11 ਲੋਕਾਂ ਖਿਲਾਫ ਮਾਮਲਾ ਦਰਜ ਕਰ ਦਿੱਤਾ ਹੈ। ਇਸ ਸਬੰਧੀ ਜਾਂਚ ਅਫਸਰ ਐੱਸ. ਆਈ. ਨਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ 'ਚ ਮ੍ਰਿਤਕ ਦੀ ਮਾਤਾ ਪਰਮਜੀਤ ਕੌਰ ਪਤਨੀ ਸਤਨਾਮ ਸਿੰਘ ਵਾਸੀ ਪਿੰਡ ਕੋਟਲਾ ਬਾਮਾ ਨੇ ਲਿਖਵਾਇਆ ਹੈ ਕਿ ਉਸਦਾ ਲੜਕਾ ਕਰਨਦੀਪ ਸਿੰਘ (37) ਬਟਾਲਾ ਦੀ ਦਾਣਾ ਮੰਡੀ 'ਚ ਆੜ੍ਹਤ ਦਾ ਕੰਮ ਕਰਦਾ ਸੀ ਅਤੇ ਬੀਤੀ 25 ਦਸੰਬਰ 2025 ਨੂੰ ਉਸਦੇ ਲੜਕੇ ਨੇ ਆਪਣੇ ਦਾਣਾ ਮੰਡੀ ਸਥਿਤ ਦਫਤਰ ਵਿਚ ਕੋਈ ਜ਼ਹਿਰੀਲੀ ਦਵਾਈ ਖਾ ਲਈ, ਜਿਸ ਦੇ ਚਲਦਿਆਂ ਬੀਤੇ ਦਿਨ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਕਰਨਦੀਪ ਸਿੰਘ ਵੱਲੋਂ ਲਿਖਿਆ ਇਕ ਸੁਸਾਈਡ ਨੋਟ ਉਸਦੀ ਮਾਤਾ ਨੂੰ ਦੁਕਾਨ ਦੇ ਗੱਲੇ 'ਚੋਂ ਮਿਲਿਆ ਹੈ, ਜਿਸ ਵਿਚ ਉਸਨੇ ਲਿਖਿਆ ਕਿ ਉਸਦੇ ਕਈ ਵਿਅਕਤੀਆਂ ਕੋਲੋਂ ਪੈਸੇ ਲੈਣ ਸੀ, ਜੋ ਉਸਨੂੰ ਵਾਪਸ ਨਹੀਂ ਕਰ ਰਹੇ ਸੀ। ਇਨ੍ਹਾਂ ਸਾਰਿਆਂ ਤੋਂ ਤੰਗ ਆ ਕੇ ਉਸਦੇ ਲੜਕੇ ਨੇ ਜ਼ਹਿਰੀਲੀ ਦਵਾਈ ਖਾ ਲਈ। ਐੱਸ. ਆਈ. ਨਰਜੀਤ ਸਿੰਘ ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਉਕਤ 11 ਵਿਅਕਤੀਆਂ ਖਿਲਾਫ ਬਣਦੀ ਧਾਰਾ ਹੇਠ ਥਾਣਾ ਸਿਵਲ ਲਾਈਨ ਵਿਖੇ ਮੁਕੱਦਮਾ ਦਰਜ ਕਰ ਦਿੱਤਾ ਗਿਆ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.


**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.


**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.


**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.


**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.


**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.


**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.


**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.


**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose


**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.


**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.


**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.


**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.


**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਅਧਿਆਪਕਾਂ ਦਾ ਗਿਆਨ ਅਤੇ ਤਕਨਾਲੋਜੀ ਦੇ ਨਵੇਂ ਰੁਝਾਨਾਂ ਨਾਲ ਜੁੜਨਾ ਬਹੁਤ ਜ਼ਰੂਰੀ: ਉਪ-ਕੁਲਪਤੀ ਡਾ. ਜਗਦੀਪ ਸਿੰਘ

## ਪੰਜਾਬੀ ਯੂਨੀਵਰਸਿਟੀ ਦੇ ਯੂ.ਜੀ.ਸੀ.-ਮਾਲਵੀਆ ਮਿਸ਼ਨ ਟੀਚਰ ਟ੍ਰੇਨਿੰਗ ਸੈਂਟਰ ਵਿਖੇ ਅਧਿਆਪਕਾਂ ਲਈ ਦੋ ਆਨਲਾਈਨ ਕੋਰਸ ਸ਼ੁਰੂ



**ਪਟਿਆਲਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਯੂ.ਜੀ.ਸੀ.-ਮਾਲਵੀਆ ਮਿਸ਼ਨ ਟੀਚਰ ਟ੍ਰੇਨਿੰਗ ਸੈਂਟਰ (ਐੱਮ.ਐੱਮ.ਟੀ.ਟੀ.ਸੀ.) ਵਿਖੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਦੋ ਆਨਲਾਈਨ ਕੋਰਸਾਂ ਦਾ ਉਦਘਾਟਨ ਕੀਤਾ ਗਿਆ।

'ਗੁਰੂ ਦਕਸ਼ਤਾ ਫ਼ੈਕਲਟੀ ਇੰਡਕਸ਼ਨ ਪ੍ਰੋਗਰਾਮ' ਅਤੇ 'ਰਿਫਰੈਸ਼ਰ ਕੋਰਸ ਇਨ ਰਿਸਰਚ ਮੈਥੋਡੋਲੋਜੀ ਐਂਡ ਐਥਿਕਸ' ਨਾਮਕ ਇਹ ਦੋਵੇਂ ਕੋਰਸ ਆਨਲਾਈਨ ਮੋਡ ਵਿੱਚ ਸ਼ੁਰੂ ਕੀਤੇ ਗਏ ਹਨ।

ਉਦਘਾਟਨੀ ਸੈਸ਼ਨ ਦੌਰਾਨ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ (ਹਰਿਆਣਾ) ਦੇ ਉਪ-ਕੁਲਪਤੀ ਪ੍ਰੋ. ਸੋਮ ਨਾਥ ਸਚਦੇਵਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਅਜਿਹੇ ਰਿਫਰੈਸ਼ਰ ਕੋਰਸਾਂ ਦੀ ਲੋੜ ਬਾਰੇ ਆਪਣੇ ਵਿਚਾਰ ਪ੍ਰਗਟਾਏ। ਉਨ੍ਹਾਂ ਕਿਹਾ ਕਿ ਅਧਿਆਪਨ ਇੱਕ ਅਜਿਹਾ ਪੇਸ਼ਾ ਹੈ ਜਿਸ ਵਿੱਚ ਨਿਰੰਤਰ ਅਪਡੇਟ ਦੀ ਲੋੜ ਹੁੰਦੀ ਹੈ। ਅਧਿਆਪਕ ਨੂੰ ਸਮੇਂ ਦੇ ਹਾਣ ਦਾ ਹੋ ਕੇ ਤੁਰਨਾ ਹੁੰਦਾ ਹੈ। ਉਸ ਨੂੰ ਗਿਆਨ ਅਤੇ ਤਕਨਾਲੋਜੀ ਦੇ ਨਵੇਂ ਰੁਝਾਨਾਂ ਨਾਲ ਆਪਣੀ ਵਾਬਸਤਗੀ ਰੱਖਣੀ ਹੁੰਦੀ ਹੈ। ਇਸ ਮਕਸਦ ਲਈ ਅਜਿਹੇ ਕੋਰਸ ਭਰਪੂਰ ਮਦਦਗਾਰ ਸਾਬਤ ਹੋ ਸਕਦੇ ਹਨ।

ਪ੍ਰੋ. ਸੋਮ ਨਾਥ ਸਚਦੇਵਾ ਨੇ ਕਿਹਾ ਕਿ ਅਜਿਹੇ ਕੋਰਸ ਉੱਚ ਸਿੱਖਿਆ ਸੰਸਥਾਵਾਂ ਵਿੱਚ ਅਧਿਆਪਨ ਮੁਹਾਰਤ ਅਤੇ ਖੋਜ ਯੋਗਤਾ ਵਧਾਉਣ ਪੱਖੋਂ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਆਪਣੇ ਸੰਬੋਧਨ ਵਿੱਚ ਨੈਤਿਕ ਮੁੱਲਾਂ ਸਹਿਤ ਕੀਤੀ ਜਾਂਦੀ ਖੋਜ ਨੂੰ ਗਿਆਨ ਸਿਰਜਣ ਦਾ ਮੂਲ ਅਧਾਰ ਦੱਸਿਆ ਅਤੇ ਐੱਮ.ਐੱਮ.ਟੀ.ਟੀ.ਸੀ. ਦੇ ਯਤਨਾਂ ਦੀ ਸ਼ਲਾਘਾ ਕੀਤੀ।

ਐੱਮ.ਐੱਮ.ਟੀ.ਟੀ.ਸੀ. ਦੇ ਡਾਇਰੈਕਟਰ ਪ੍ਰੋ. ਰਮਨ ਮੈਣੀ ਨੇ ਆਪਣੇ ਧੰਨਵਾਦੀ ਭਾਸ਼ਣ ਦੌਰਾਨ ਇਹਨਾਂ ਪ੍ਰੋਗਰਾਮਾਂ ਦੇ ਮਕਸਦ ਅਤੇ ਰੂਪ-ਰੇਖਾ ਬਾਰੇ ਵਿਸਥਾਰ ਵਿੱਚ ਦੱਸਿਆ।

ਉਨ੍ਹਾਂ ਕੋਰਸ ਕੋਆਰਡੀਨੇਟਰਾਂ, ਡਾ. ਨਿਰਮਲ ਸਿੰਘ ਅਤੇ ਡਾ. ਧਨਦੀਪ ਸਿੰਘ (ਗੁਰੂ ਦਕਸ਼ਤਾ ਫੈਕਲਟੀ ਇੰਡਕਸ਼ਨ ਪ੍ਰੋਗਰਾਮ), ਡਾ. ਸੁਰੇਸ਼ ਕੁਮਾਰ ਅਤੇ ਡਾ. ਭਾਰਤੀ ਸਪਰਾ (ਰਿਫਰੈਸ਼ਰ ਕੋਰਸ)—ਦੀ ਸਮਰਪਿਤ ਯੋਜਨਾਬੰਦੀ ਦੀ ਸ਼ਲਾਘਾ ਕੀਤੀ।

# 'ਯੁੱਧ ਨਸ਼ਿਆਂ ਵਿਰੁੱਧ' ਦੇ ਨਾਮ 'ਤੇ ਪੰਜਾਬ ਦੇ ਕਰੋੜਾਂ ਰੁਪਏ ਇਸ਼ਤਿਹਾਰਾਂ 'ਚ ਬਰਬਾਦ: ਸਰਬਜੀਤ ਸਿੰਘ ਝਿੰਜਰ ਵੱਲੋਂ ਪਹਿਲੇ ਚਰਨ 'ਤੇ ਵਾਈਟ ਪੇਪਰ ਦੀ ਮੰਗ

## ਯੂਥ ਅਕਾਲੀ ਦਲ ਦੇ ਪ੍ਰਧਾਨ ਨੇ ਵੱਡੇ ਡਰੱਗ ਮਾਫ਼ੀਆ ਦੀਆਂ ਗ੍ਰਿਫ਼ਤਾਰੀਆਂ, ਅਸਲ ਬਰਾਮਦਗੀਆਂ ਅਤੇ ਨਸ਼ਾ-ਵਿਰੋਧੀ ਮੁਹਿੰਮ ਤੇ ਇਸ਼ਤਿਹਾਰਾਂ ਉੱਤੇ ਹੋਏ ਖਰਚੇ ਦਾ ਖੁਲਾਸਾ ਕਰਨ ਦੀ ਕੀਤੀ ਮੰਗ

**ਚੰਡੀਗੜ੍ਹ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਅੱਜ ਆਮ ਆਦਮੀ ਪਾਰਟੀ ਸਰਕਾਰ ਦੀ ਬਹੁਤ ਪ੍ਰਚਾਰਿਤ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੈ ਕੇ ਅਰਵਿੰਦ ਕੇਜਰੀਵਾਲ ਤੋਂ ਸਿੱਧੇ ਜਵਾਬਾਂ ਦੀ ਮੰਗ ਕੀਤੀ। ਉਨ੍ਹਾਂ ਨੇ ਕੇਜਰੀਵਾਲ ਨੂੰ ਪੰਜਾਬ ਦਾ ਅਸਲ ਫ਼ੈਸਲਾ ਕਰਨ ਵਾਲਾ ਦੱਸਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਿਰਫ਼ ਇਕ ਕਠਪੁਤਲੀ ਬਣ ਕੇ ਰਹਿ ਗਿਆ ਹੈ, ਜੋ ਕਿ ਅੱਜ ਕਰਵਾਏ ਗਏ ਪ੍ਰੋਗਰਾਮ ਤੋਂ ਵੀ ਸਾਫ਼ ਹੋ ਗਿਆ ਹੈ। ਪੰਜਾਬ ਨਾਲ ਸੰਬੰਧਤ ਸਾਰੀਆਂ ਨੀਤੀਆਂ, ਪ੍ਰਚਾਰ ਅਤੇ ਯੋਜਨਾਵਾਂ ਨਾਲ ਜੁੜੇ ਮਹੱਤਵਪੂਰਨ ਫ਼ੈਸਲੇ ਦਿੱਲੀ ਤੋਂ ਲਏ ਜਾ ਰਹੇ ਹਨ।

ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਜਦੋਂ ਮੁਹਿੰਮ ਦਾ ਦੂਜਾ ਚਰਨ ਵੱਡੇ ਪ੍ਰਚਾਰ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ, ਤਾਂ ਅਰਵਿੰਦ ਕੇਜਰੀਵਾਲ ਨੂੰ ਪਹਿਲੇ ਚਰਨ ਦੇ ਅਸਲੀ ਨਤੀਜਿਆਂ ਬਾਰੇ ਪੰਜਾਬ ਦੇ ਲੋਕਾਂ ਸਾਹਮਣੇ ਇਕ ਵਾਈਟ ਪੇਪਰ ਪੇਸ਼ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਵਾਲ ਉਠਾਇਆ ਕਿ ਨਸ਼ਿਆਂ ਖ਼ਿਲਾਫ਼ ਲੜਾਈ ਦੇ ਨਾਮ 'ਤੇ ਫ਼ਲੈਕਸ, ਹੋਰਡਿੰਗਾਂ, ਰਾਜਨੀਤਿਕ ਇਸ਼ਤਿਹਾਰਾਂ ਅਤੇ ਪੇਡ ਨਿਊਜ਼—ਚਾਹੇ ਪੰਜਾਬ ਅੰਦਰ ਹੋਣ ਜਾਂ ਰਾਜ ਤੋਂ ਬਾਹਰ—'ਤੇ ਲੋਕਾਂ ਦਾ ਕਿੰਨਾ ਕਰੋੜਾਂ ਰੁਪਇਆ ਖਰਚ ਕੀਤਾ ਗਿਆ।

ਮੁਹਿੰਮ ਦੀ ਭਰੋਸੇਯੋਗਤਾ 'ਤੇ ਗੰਭੀਰ ਸਵਾਲ ਚੁੱਕਦਿਆਂ, ਝਿੰਜਰ ਨੇ ਅਰਵਿੰਦ ਕੇਜਰੀਵਾਲ ਨੂੰ ਸਪਸ਼ਟ ਕਰਨ ਲਈ ਕਿਹਾ ਕਿ ਕਿੰਨੇ ਵੱਡੇ ਡਰੱਗ ਮਾਫ਼ੀਆ, ਸੰਗਠਿਤ ਡਰੱਗ ਕਾਰਟੇਲ, ਕਿੰਗਪਿਨ ਅਤੇ ਨਸ਼ਾ ਤਸਕਰੀ ਦੇ ਫਾਇਨੈਂਸਰ ਅਸਲ ਵਿੱਚ ਗ੍ਰਿਫ਼ਤਾਰ ਕੀਤੇ ਗਏ ਅਤੇ ਉਨ੍ਹਾਂ ਖ਼ਿਲਾਫ਼ ਕਿੰਨੇ ਮਜ਼ਬੂਤ, ਅਦਾਲਤ ਵਿੱਚ ਟਿਕਣ ਯੋਗ ਕੇਸ ਦਰਜ ਕੀਤੇ ਗਏ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਜਾਣਨਾ ਚਾਹੁੰਦੇ ਹਨ ਕਿ ਕੀ ਸਰਕਾਰ ਨੇ ਤਾਕਤਵਰ ਡਰੱਗ ਨੈੱਟਵਰਕ ਤੋੜਨ ਦੀ ਹਿੰਮਤ ਦਿਖਾਈ ਜਾਂ ਇਹ ਮੁਹਿੰਮ ਸਿਰਫ਼ ਦਿਖਾਵੇ ਲਈ ਛੋਟੇ ਨਸ਼ੇੜੀਆਂ ਅਤੇ ਸੜਕ-ਪੱਧਰੀ ਤਸਕਰਾਂ ਤੱਕ ਹੀ ਸੀਮਿਤ ਰਹੀ।



ਉਨ੍ਹਾਂ ਨੇ ਅੱਗੇ ਅਸਲ ਨਸ਼ੀਲੇ ਪਦਾਰਥਾਂ ਦੀਆਂ ਬਰਾਮਦਗੀਆਂ ਬਾਰੇ ਜ਼ਿਲ੍ਹਾ-ਵਾਰ, ਤਸਦੀਕਸ਼ੁਦਾ ਅੰਕੜਿਆਂ ਦੀ ਮੰਗ ਕੀਤੀ ਅਤੇ ਕਿਹਾ ਕਿ ਪ੍ਰੈੱਸ ਰਿਲੀਜ਼ਾਂ ਅਤੇ ਵਧਾ-ਚੜ੍ਹਾ ਕੇ ਕੀਤੇ ਦਾਅਵੇ ਠੋਸ ਤੱਥਾਂ ਦੀ ਥਾਂ ਨਹੀਂ ਲੈ ਸਕਦੇ। ਝਿੰਜਰ ਨੇ ਕਿਹਾ, ਨਸ਼ਿਆਂ ਵਿਰੁੱਧ ਅਸਲੀ ਜੰਗ ਦੀ ਪੈਮਾਇਸ਼ ਟੁੱਟੇ ਹੋਏ ਕਾਰਟੇਲਾਂ ਅਤੇ ਸਜ਼ਾ ਪਾਏ ਕਿੰਗਪਿਨਾਂ ਨਾਲ ਹੁੰਦੀ ਹੈ, ਨਾ ਕਿ ਪੋਸਟਰਾਂ, ਨਾਅਰਿਆਂ ਅਤੇ ਇਸ਼ਤਿਹਾਰਾਂ ਨਾਲ।

ਸਰਬਜੀਤ ਸਿੰਘ ਝਿੰਜਰ ਨੇ ਇਹ ਵੀ ਕਿਹਾ ਕਿ ਇਕ ਪਾਸੇ ਆਮ ਆਦਮੀ ਪਾਰਟੀ ਸਰਕਾਰ ਇਸ਼ਤਿਹਾਰਾਂ ਅਤੇ ਪ੍ਰਚਾਰ ਸਮਾਗਮਾਂ 'ਤੇ ਕਰੋੜਾਂ ਰੁਪਏ ਬਰਬਾਦ ਕਰ ਰਹੀ ਹੈ, ਦੂਜੇ ਪਾਸੇ ਪੰਜਾਬ ਵਿੱਚ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਲਗਾਤਾਰ ਵੱਧ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸੂਬੇ ਭਰ ਵਿੱਚ ਪਰਿਵਾਰ ਆਪਣੇ ਨੌਜਵਾਨ ਪੁੱਤਰਾਂ ਅਤੇ ਧੀਆਂ ਨੂੰ ਓਵਰਡੋਜ਼ ਅਤੇ ਨਸ਼ੇ ਦੀ ਲਤ ਕਾਰਨ ਗੁਆ ਰਹੇ ਹਨ, ਪਰ ਸਰਕਾਰ ਜਾਨਾਂ ਬਚਾਉਣ ਦੀ ਬਜਾਏ ਸਿਰਫ਼ ਦਿਖਾਵੇ 'ਤੇ ਧਿਆਨ ਦੇ ਰਹੀ ਹੈ। ਉਨ੍ਹਾਂ ਨੇ ਕਿਹਾ, ਇਹ ਆਮ ਆਦਮੀ ਪਾਰਟੀ ਸਰਕਾਰ ਦੀ ਨਾਕਾਮੀ ਦਾ ਸਭ ਤੋਂ ਦਰਦਨਾਕ ਸਬੂਤ ਹੈ। ਜੇ ਇਹ ਸੱਚਮੁੱਚ 'ਯੁੱਧ' ਹੁੰਦਾ, ਤਾਂ ਪਹਿਲੀ ਤਰਜੀਹ ਮੌਤਾਂ ਰੋਕਣੀ ਹੁੰਦੀ, ਨਾ ਕਿ ਬੈਨਰ ਛਪਵਾਉਣੀ।

ਉਨ੍ਹਾਂ ਨੇ ਕਿਹਾ, ਅੱਜ ਦੇ ਸਮਾਗਮ ਨੇ ਇਕ ਵਾਰ ਫਿਰ ਬੇਨਕਾਬ ਕਰ ਦਿੱਤਾ ਹੈ ਕਿ ਪੰਜਾਬ ਨੂੰ ਅਸਲ ਵਿੱਚ ਕੌਣ ਚਲਾ ਰਿਹਾ ਹੈ। ਭਗਵੰਤ ਮਾਨ ਨੂੰ ਸਿਰਫ਼ ਇਕ ਚਿਹਰਾ ਬਣਾ ਕੇ ਰੱਖਿਆ ਗਿਆ ਹੈ, ਜਦਕਿ ਹਕੂਮਤ ਦਿੱਲੀ ਤੋਂ ਅਰਵਿੰਦ ਕੇਜਰੀਵਾਲ ਚਲਾ ਰਹੇ ਹਨ। ਜੇ ਕੇਜਰੀਵਾਲ ਪੰਜਾਬ ਦੇ ਨੌਜਵਾਨਾਂ ਨੂੰ ਬਚਾਉਣ ਲਈ ਸਚਮੁੱਚ ਗੰਭੀਰ ਹਨ, ਤਾਂ ਉਨ੍ਹਾਂ ਨੂੰ ਪੀਆਰ ਮੁਹਿੰਮਾਂ ਦੇ ਪਿੱਛੇ ਲੁਕਣਾ ਛੱਡ ਕੇ ਇਨ੍ਹਾਂ ਸਵਾਲਾਂ ਦੇ ਜਵਾਬ ਖੁਦ ਦੇਣੇ ਚਾਹੀਦੇ ਹਨ।

ਜਵਾਬਦੇਹੀ ਦੀ ਮੰਗ ਕਰਦਿਆਂ, ਝਿੰਜਰ ਨੇ ਕਿਹਾ ਕਿ ਵਾਈਟ ਪੇਪਰ ਵਿੱਚ ਇਹ ਵੀ ਖੁਲਾਸਾ ਕੀਤਾ ਜਾਣਾ ਚਾਹੀਦਾ ਹੈ ਕਿ 'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਚਰਨ ਵਿੱਚ ਇਸ਼ਤਿਹਾਰਾਂ 'ਤੇ ਕਰਦਾਤਾਵਾਂ ਦਾ ਹੋਰ ਕਿੰਨਾ ਪੈਸਾ ਬਰਬਾਦ ਕਰਨ ਦੀ ਯੋਜਨਾ ਹੈ। ਉਨ੍ਹਾਂ ਕਿਹਾ, ਪੰਜਾਬ ਨੂੰ ਨਸ਼ਿਆਂ ਵਿਰੁੱਧ ਠੋਸ ਕਾਰਵਾਈ ਦੀ ਲੋੜ ਹੈ, ਨਾ ਕਿ ਸੁਰਖੀਆਂ ਦੀ, ਨਤੀਜਾ-ਕੇਂਦਰਿਤ ਲੜਾਈ ਦੀ ਲੋੜ ਹੈ ਜੋ ਉੱਪਰ ਬੈਠੇ ਡਰੱਗ ਕਾਰਟੇਲਾਂ ਅਤੇ ਕਿੰਗਪਿਨਾਂ ਨੂੰ ਨਿਸ਼ਾਨਾ ਬਣਾਏ, ਕਾਨੂੰਨੀ ਕਾਰਵਾਈ, ਪੁਨਰਵਾਸ ਅਤੇ ਸਜ਼ਾਵਾਂ 'ਤੇ ਧਿਆਨ ਕੇਂਦਰਿਤ ਕਰੇ ਅਤੇ ਵੱਧ ਰਹੀਆਂ ਨਸ਼ਾ-ਸੰਬੰਧੀ ਮੌਤਾਂ 'ਤੇ ਰੋਕ ਲਗਾਏ। ਪੰਜਾਬ ਦੇ ਨੌਜਵਾਨਾਂ ਨੂੰ ਨਾਅਰੇ ਨਹੀਂ, ਠੋਸ ਕਾਰਵਾਈ ਚਾਹੀਦੀ ਹੈ।

# ਉੱਤਰਾਖੰਡ ਰਾਜ ਵਿੱਚੋਂ ਅੰਕਿਤਾ ਭੰਡਾਰੀ ਨੂੰ ਇਨਸਾਫ਼ ਦਿਵਾਉਣ ਸਬੰਧੀ ਪਟਿਆਲਾ ਵਿਖੇ ਉੱਤਰਾਖੰਡ ਦੀਆਂ ਸੰਸਥਾਵਾਂ ਦੀ ਮੀਟਿੰਗ ਆਯੋਜਿਤ

**ਪਟਿਆਲਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰਾਖੰਡ ਨਾਲ ਸਬੰਧਤ ਸੰਸਥਾਵਾਂ ਦੀ ਇੱਕ ਜਰੂਰੀ ਬੈਠਕ ਗੜਵਾਲ ਸਭਾ ਭਵਨ ਵਿਰਕ ਕਲੋਨੀ ਪਟਿਆਲਾ ਵਿਖੇ ਬੁਲਾਈ ਗਈ। ਇਸ ਬੈਠਕ ਵਿੱਚ ਉੱਤਰਾਖੰਡ ਰਾਜ ਵਿੱਚੋਂ ਅੰਕਿਤਾ ਭੰਡਾਰੀ, ਪੌੜੀ ਜਿਲੇ ਦੇ ਗੰਗਾ—ਭੋਗਪੁਰ ਵਿੱਚ ਬਣਤਾਰਾ ਰਿਜੋਰਟ ਦੇ ਇੱਕ ਰਿਸੈਪਸਨਿਸਟ ਤੌਰ ਤੇ ਕੰਮ ਕਰਦੀ ਸੀ। ਜਿਸ ਨਾਲ ਕਥਿਤ ਤੌਰ ਤੇ ਬਲਾਤਕਾਰ ਹੋਇਆ ਅਤੇ ਉਸ ਤੋਂ ਬਾਅਦ ਉਸ ਦੀ ਹੱਤਿਆ ਕਰ ਦਿੱਤੀ ਗਈ। ਇਸ ਮਾਮਲੇ ਵਿੱਚ ਰਾਜਨੀਤਿਕ ਰੂਪ ਵਿੱਚ ਪ੍ਰਭਾਵਸ਼ਾਲੀ ਵਿਅਕਤੀਆਂ ਦੇ ਨਾਮ ਸਾਹਮਣੇ ਆਉਣ ਤੇ ਅਤੇ ਸਹੀ ਤਰੀਕੇ ਨਾਲ ਜਾਂਚ ਨਾ ਹੋਣ ਦੇ ਕਾਰਨ ਜਿਸ ਨੂੰ ਰਾਸ਼ਟਰ ਪੱਧਰ ਤੇ ਸਮਰਥਨ ਮਿਲ ਰਿਹਾ ਹੈ। ਜਿਸ ਸਬੰਧ ਵਿੱਚ ਉਤਰਾਖੰਡ ਰਾਜ ਵਿੱਚ ਜੰਨ ਅੰਦੋਲਨ ਬੜੀ ਜ਼ੋਰ ਤੇ ਚੱਲ ਰਿਹਾ ਹੈ। ਜਿਸ ਵਿੱਚ ਉੱਥੇ ਦੀ ਜਨਤਾ ਫਾਸਟ ਟਰੈਕ ਸੁਣਵਾਈ, ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਅਤੇ ਨਿਰਪੱਖ ਕਾਰਵਾਈ ਦੀ ਮੰਗ ਕਰ ਰਹੀ ਹੈ। ਪਰ ਉਤਰਾਖੰਡ ਸਰਕਾਰ ਦੇ ਕੰਨਾਂ ਵਿੱਚ ਜੂੰ ਤੱਕ ਨਹੀਂ ਸਿਰਕ ਰਹੀ। ਅੱਜ ਦੀ ਬੈਠਕ ਵਿੱਚ ਪਟਿਆਲਾ ਵਿਖੇ ਉੱਤਰਾਖੰਡ ਦੀਆਂ ਸੰਸਥਾਵਾਂ ਦੇ ਪ੍ਰਧਾਨ ਅਤੇ ਸਕੱਤਰ ਹਾਜਰ ਹੋਏ ਅਤੇ ਉਹਨਾਂ ਦੇ ਪ੍ਰਧਾਨਾਂ/ਸਕੱਤਰਾਂ ਵੱਲੋਂ ਆਪਣੇ—ਆਪਣੇ ਵਿਚਾਰ ਉਕਤ ਮੁੱਦੇ ਤੇ ਰੱਖੇ ਗਏ। ਬਾਅਦ ਵਿੱਚ ਸਰਵ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਅੰਕਿਤਾ ਭੰਡਾਰੀ ਦੇ ਕੇਸ ਨੂੰ ਬੱਲ ਦੇਣ ਲਈ ਸਥਾਨਕ ਸੰਸਥਾਵਾਂ ਵੱਲੋਂ ਇੱਕ ਰੈਲੀ / ਕੈਂਡਲ ਮਾਰਚ ਪਟਿਆਲਾ ਵਿਖੇ ਕੱਢਿਆ ਜਾਵੇ ਅਤੇ ਭਾਰਤ ਸਰਕਾਰ ਨੂੰ ਜਿਲ੍ਹਾ ਅਧਿਕਾਰੀ ਪਟਿਆਲਾ ਦੇ ਰਾਹੀਂ ਸੀ.ਬੀ.ਆਈ. ਦੀ ਜਾਂਚ ਕਰਵਾਉਣ ਦਾ ਮੰਗ ਪੱਤਰ ਦਿੱਤਾ ਜਾਵੇ। ਇਸ ਮੁੱਦੇ ਤੇ ਅਗਲੀ ਬੈਠਕ ਮਿਤੀ 08—01—2026 ਨੂੰ ਗੜਵਾਲ ਸਭਾ ਭਵਨ ਵਿਰਕ ਕਲੋਨੀ ਪਟਿਆਲਾ ਵਿਖੇ 2:00 ਵਜੇ ਤੋਂ 5:00 ਵਜੇ ਤੱਕ ਦੁਬਾਰਾ ਵਿਚਾਰ ਵਟਾਂਦਰਾ ਕਰਨ ਲਈ ਰੱਖੀ ਗਈ ਹੈ। ਜਿਸ ਵਿੱਚ ਰੈਲੀ ਕੱਢਣ ਅਤੇ ਕੈਂਡਲ ਮਾਰਚ ਕਰਨ ਲਈ ਅਗਲੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ। ਇਸ ਬੈਠਕ ਵਿੱਚ ਜ਼ੋ ਸਥਾਨਕ ਸੰਸਥਾਵਾਂ ਹਾਜਰ ਸਨ ਉਹਨਾ ਵਿੱਚ ਪ੍ਰਮਾਰਥ ਸਮਿਤੀ, ਜਨ ਜਾਗਰਨ ਸਮਿਤੀ, ਪੌੜੀ ਗੜ੍ਹਵਾਲ ਸਭਾ, ਉਤਰਾਂਚਲ ਸਮਾਜ ਸੁਧਾਰ ਸੰਸਥਾ, ਉਤਰਾਖੰਡ ਸਭਾ, ਗੜਵਾਲ ਸਭਾ, ਹਿਲਾਂਸ ਸਾਂਸਕ੍ਰਿਤੀਕ ਕਲਾਂ ਮੰਚ, ਉਤਾਰਾਚਲੀ ਕਲਚਰਲ ਅਤੇ ਵੈਲਫੇਅਰ ਸੋਸਾਇਟੀ ਪਟਿਆਲਾ ਆਦਿ ਹਾਜਰ ਆਏ। ਇਸ ਬੈਠਕ ਵਿੱਚ ਸਰਵ ਸੰਮਤੀ ਨਾਲ ਇੱਕ ਕਮੇਟੀ ਦਾ ਗਠਨ ਵੀ ਕੀਤਾ ਗਿਆ। ਜਿਸ ਵਿੱਚ ਉਕਤ ਸੰਸਥਾਵਾਂ ਦੇ ਪ੍ਰਤੀਨੀਧੀ ਸ਼ਾਮਲ ਕੀਤੇ ਗਏ, ਜਿਨ੍ਹਾਂ ਨੂੰ ਅਗਲੀ ਬੈਠਕ ਬੁਲਾਉਣ ਦਾ ਪੂਰਾ ਅਧਿਕਾਰ ਪ੍ਰਾਪਤ ਹੋਵੇਗਾ ਜਿਨ੍ਹਾਂ ਵਿੱਚ ਉਤਮ ਸਿੰਘ ਬਾਗੜੀ, ਮੁਲਾਇਮ ਸਿੰਘ ਰਾਣਾ, ਭਗਤ ਸਿੰਘ ਭੰਡਾਰੀ ਸਾਰੇ ਸੰਯੋਜਕ, ਰਾਜਿੰਦਰ ਸਿੰਘ ਪਵਾਰ, ਬਿਰੇਂਦਰ ਪਟਵਾਲ, ਨਵੀਨ ਸਿੰਘ ਰਾਵਤ, ਮਾਧਵ ਸਿੰਘ ਬਿਸ਼ਟ, ਜਗਦੀਸ਼ ਪ੍ਰਸ਼ਾਦ, ਗੁਰਮੀਤ ਸਿੰਘ ਨੇਗੀ, ਭੂਪ ਸਿੰਘ ਅਸਵਾਲ, ਕੈਲਾਸ਼ ਪ੍ਰੋਹੀਤ, ਰਵਿੰਦਰ ਸਿੰਘ ਰਾਵਤ,ਸਾਰੇ ਸਹਿ—ਸੰਯੋਜਕ, ਅਨਾਰ ਸਿੰਘ ਗਵਾੜੀ, ਸੁਰਵੀਰ ਸਿੰਘ ਪਵਾਂਰ, ਜ਼ੋਤ ਸਿੰਘ ਭੰਡਾਰੀ, ਰਮੇਸ਼ ਭੰਡਾਰੀ, ਧੀਰਜ ਸਿੰਘ ਰਾਵਤ, ਪੂਰਨ ਸਿੰਘ ਜੀਨਾ, ਕੁੰਵਰ ਸਿੰਘ ਰਾਵਤ, ਰਮੇਸ਼ ਧਿਆਨੀ, ਜੱਟਾ ਸ਼ੰਕਰ ਨੋਟੀਆਲ ਸਾਰੇ ਮੈਂਬਰ ਚੁਣੇ ਗਏ।

# ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਨੈਸ਼ਨਲ ਅਵਾਰਡੀ ਕਰਮਜੀਤ ਸਿੰਘ ਗਰੇਵਾਲ ਦੀ ਪੁਸਤਕ ਬੱਚੇ ਨਾਂ ਚਮਕਾਵਣਗੇ ਲੋਕ ਅਰਪਿਤ



**ਲੁਧਿਆਣਾ, 11 ਜਨਵਰੀ**
**ਕੁਲਦੀਪ ਦੁਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਨੈਸ਼ਨਲ ਅਵਾਰਡੀ ਨਾਲ ਸਨਮਾਨਿਤ ਬਾਲ ਸਾਹਿਤਕਾਰ ਤੇ ਗਾਇਕ ਮਾਸਟਰ ਕਰਮਜੀਤ ਸਿੰਘ ਗਰੇਵਾਲ ਦੀ ਬਾਲ ਗੀਤ ਪੁਸਤਕ ਬੱਚੇ ਨਾਂ ਚਮਕਾਵਣਗੇ ਲੋਕ ਅਰਪਿਤ ਕੀਤੀ।

ਮੰਤਰੀ ਬੈਂਸ ਨੇ ਬੱਚਿਆਂ ਲਈ ਉੱਤਮ ਸਾਹਿਤ ਦੀ ਰਚਨਾ ਲਈ ਗਰੇਵਾਲ ਨੂੰ ਵਧਾਈ ਦਿੰਦਿਆਂ ਹੋਰ ਉਚਾਈਆਂ ਛੂਹਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸਿੱਖਿਆ ਵਿਭਾਗ ਦੇ ਅਧਿਕਾਰੀ ਤੇ ਹੋਰ ਸਖ਼ਸ਼ੀਅਤਾਂ ਹਾਜ਼ਰ ਸਨ। ਕਾਬਿਲੇਗੌਰ ਹੈ ਕਿ ਮਾਸਟਰ ਗਰੇਵਾਲ ਦੀਆਂ 13 ਬਾਲ ਸਾਹਿਤ ਪੁਸਤਕਾਂ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਸੀਬੀਐੱਸਈ ਦੀਆਂ ਪਾਠ ਪੁਸਤਕਾਂ ਵਿੱਚ ਵੀ ਸ਼ਾਮਲ ਹਨ।

# ਯੰਗ ਸਟਾਰ ਵੈਲਫੇਅਰ ਸੋਸਾਇਟੀ' ਦੇ ਸ਼ਲਾਘਾਯੋਗ ਕੰਮਾਂ ਅਤੇ ਨਿਰਸਵਾਰਥ ਸੇਵਾ ਲਈ 'ਵੀਰ ਹਕੀਕਤ ਰਾਏ ਸਕੂਲ ਦੀ ਸੰਸਥਾ' ਨੇ ਕੀਤਾ ਸਨਮਾਨਿਤ



**ਪਟਿਆਲਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵੀ ਸੰਸਥਾ 'ਯੰਗ ਸਟਾਰਸ ਵੈਲਫੇਅਰ ਸੋਸਾਇਟੀ' ਨੂੰ ਅੱਜ ਵੀਰ ਹਕੀਕਤ ਰਾਏ ਸਕੂਲ ਵਿਖੇ ਉਨ੍ਹਾਂ ਦੇ ਸ਼ਲਾਘਾਯੋਗ ਸਮਾਜਿਕ ਕਾਰਜਾਂ ਅਤੇ ਨਿਰਸਵਾਰਥ ਸੇਵਾ ਲਈ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਸ੍ਰੀ ਵਿਪਿਨ ਸ਼ਰਮਾ ਨੇ ਕਿਹਾ ਕਿ ਸਮਾਜ ਭਲਾਈ, ਵਾਤਾਵਰਣ ਸੁਰੱਖਿਆ, ਲੋਕ ਭਲਾਈ ਅਤੇ ਭਾਈਚਾਰਕ ਵਿਕਾਸ ਲਈ ਸੁਸਾਇਟੀ ਦੇ ਨਿਰੰਤਰ ਯਤਨ ਸੱਚਮੁੱਚ ਸ਼ਲਾਘਾਯੋਗ ਹਨ ਅਤੇ ਹੋਰ ਸੰਸਥਾਵਾਂ ਲਈ ਪ੍ਰੇਰਨਾ ਦਾ ਕੰਮ ਕਰਦੇ ਹਨ।

ਇਹ ਸਨਮਾਨ ਵੀਰ ਹਕੀਕਤ ਰਾਏ ਸਕੂਲ ਰਾਜਪੁਰਾ ਕਲੋਨੀ ਪਟਿਆਲਾ ਦੇ ਪ੍ਰਧਾਨ, ਸ਼੍ਰੀ ਵਿਪਿਨ ਸ਼ਰਮਾ ਅਤੇ ਸੀਨੀਅਰ ਉਪ ਪ੍ਰਧਾਨ, ਸ਼੍ਰੀ ਗਿਆਨ ਚੰਦ ਰਤਨ ਵੱਲੋਂ ਪੂਰੇ ਸਕੂਲ ਸਟਾਫ ਅਤੇ ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਦੀ ਹਾਜ਼ਰੀ ਵਿੱਚ ਦਿੱਤਾ ਗਿਆ।

ਇਸ ਮੌਕੇ ਸੁਸਾਇਟੀ ਦੇ ਪ੍ਰਧਾਨ, ਸ਼੍ਰੀ ਗੁਲਾਬ ਰਾਏ ਗਰਗ, ਸਕੱਤਰ, ਸ਼੍ਰੀ ਕੁਮਾਰ ਵਿਸ਼ੇਸ਼ ਅਤੇ ਮੈਂਬਰ, ਸ਼੍ਰੀ ਮੁਕੇਸ਼ ਗੁਪਤਾ, ਸ਼੍ਰੀ ਆਦਰਸ਼ ਸੂਦ ਅਤੇ ਸ਼੍ਰੀ ਆਰ.ਕੇ. ਗਾਂਧੀ ਅਤੇ ਯੰਗ ਸਟਾਰ ਵੈਲਫੇਅਰ ਸੋਸਾਇਟੀ ਦੇ ਹੋਰ ਮੈਂਬਰ ਤੇ ਅਹੁਦੇਦਾਰ ਵੀ ਮੌਜੂਦ ਸਨ।

# ਸਟੇਟ ਬੈਂਕ ਆਫ ਪਟਿਆਲਾ ਰਿਟਾਇਰੀਜ ਐਸੋਸੀਏਸ਼ਨ ਵੱਲੋਂ ਵਿਸ਼ੇਸ਼ ਮੀਟਿੰਗ ਦੌਰਾਨ ਨਵੇਂ ਸਾਲ ਦਾ ਕੈਲੰਡਰ ਰਿਲੀਜ



**ਪਟਿਆਲਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੇਟ ਬੈਂਕ ਆਫ ਪਟਿਆਲਾ ਰਿਟਾਇਰੀਜ ਐਸੋਸੀਏਸ਼ਨ ਵੱਲੋਂ ਬਾਰਾਂਦਰੀ ਸਥਿਤ ਪ੍ਰਭਾਤ ਪਰਵਾਨਾ ਮੈਮੋਰੀਅਲ ਟ੍ਰੇਡ ਯੂਨੀਅਨ ਸੈਂਟਰ ਵਿਖੇ ਚੇਅਰਮੈਨ ਤੇਜਿੰਦਰ ਸਿੰਘ ਲੁਗਾਨੀ ਦੀ ਪ੍ਰਧਾਨਗੀ ਵਿੱਚ ਇਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬੈਂਕ ਦੇ ਸੇਵਾ ਮੁਕਤ ਕਰਮਚਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਦੌਰਾਨ ਪੈਨਸ਼ਨ ਅਪਡੇਸ਼ਨ ਸੰਬੰਧੀ ਵੱਖ–ਵੱਖ ਆਗੂਆਂ ਵੱਲੋਂ ਵਿਚਾਰ ਚਰਚਾ ਕੀਤੀ ਗਈ ਅਤੇ ਨੋਰਥ ਸਟੇਟ ਬੈਂਕ ਰਿਟਾਇਰੀ ਬੈਂਕ ਇੰਪਲਾਈਜ ਫੈਡਰੇਸ਼ਨ ਦੇ ਕਨਵੀਨਰ ਵਜੋਂ ਹਰਚਰਨ ਸਿੰਘ ਦੀ ਨਿਯੁਕਤੀ ਹੋਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਉਪਰੰਤ ਸਟੇਟ ਬੈਂਕ ਆਫ ਪਟਿਆਲਾ ਰਿਟਾਇਰੀਜ ਐਸੋਸੀਏਸ਼ਨ ਦਾ ਨਵੇਂ ਸਾਲ 2026 ਦਾ ਕੈਲੰਡਰ ਰਿਲੀਜ ਕੀਤਾ ਗਿਆ। ਇਸ ਦੇ ਨਾਲ ਹੀ ਸਵਰਗਵਾਸੀ ਸੇਵਾ–ਮੁਕਤ ਬੈਂਕ ਕਰਮਚਾਰੀਆਂ ਦੀ ਆਤਮਾ ਦੀ ਸ਼ਾਂਤੀ ਲਈ 2 ਮਿੰਟ ਦਾ ਮੌਨ ਰੱਖਿਆ ਅਤੇ ਜਿਹੜੇ ਸੇਵਾ–ਮੁਕਤ ਕਰਮਚਾਰੀ ਕਿਸੇ ਵੀ ਬਿਮਾਰੀ ਦੀ ਸਥਿਤੀ ਵਿੱਚ ਹਨ ਉਨ੍ਹਾਂ ਦੀ ਜਲਦ ਸਿਹਤਯਾਬੀ ਲਈ ਐਸੋਸੀਏਸ਼ਨ ਵੱਲੋਂ ਅਰਦਾਸ ਕੀਤੀ ਗਈ। ਇਸ ਮੌਕੇ ਆਰ.ਕੇ. ਫੁੱਲ, ਯਾਦਵਿੰਦਰ ਸਿੰਘ, ਸ਼ਿਮਲਾ ਵਰਮਾ, ਸੁਨੀਤਾ ਭਟਨਾਗਰ, ਸ਼ਿਵਾਜੀ ਧਾਰੀਵਾਲ, ਅੰਗਦ ਸਿੰਘ ਆਦਿ ਐਸੋਸੀਏਸ਼ਨ ਦੇ ਆਗੂ ਹਾਜਰ ਸਨ।

# ਵਿਦਿਆਰਥੀ ਜਥੇਬੰਦੀ ਸੋਈ ਪਟਿਆਲਾ ਵੱਲੋਂ ਫਤਿਹਗੜ੍ਹ ਸਾਹਿਬ ਵਿਖੇ ਚਲਾਇਆ ਸਫਾਈ ਅਭਿਆਨ



**ਪਟਿਆਲਾ, 11 ਜਨਵਰੀ**
**-ਰਣਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਵਿਦਿਆਰਥੀ ਵਿੰਗ ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ ਇੰਡੀਆ ਵੱਲੋਂ ਸ਼ਹੀਦੀ ਸਭਾ ਉਪਰੰਤ ਫਤਿਹਗੜ੍ਹ ਸਾਹਿਬ ਵਿਖੇ ਸਫਾਈ ਅਭਿਆਨ ਚਲਾਇਆ ਗਿਆ, ਜਿਥੇ ਲੰਗਰ ਵਾਲੀਆਂ ਵੱਖ–ਵੱਖ ਥਾਵਾਂ 'ਤੇ ਪਏ ਕਚਰੇ ਨੂੰ ਸਾਫ ਕਰਕੇ ਡਸਟਬਿੰਨਾਂ ਰਾਹੀਂ ਡੰਪ 'ਤੇ ਪਹੁੰਚਾਇਆ ਗਿਆ। ਇਸ ਮੌਕੇ ਸੋਈ ਦੇ ਨਵੇਂ ਬਣੇ ਜਨਰਲ ਸਕੱਤਰ ਮਨਵਿੰਦਰ ਸਿੰਘ ਵੜੈਚ, ਮਾਲਵਾ ਜੋਨ 3 ਦੇ ਪ੍ਰਧਾਨ ਕੁਲਦੀਪ ਸਿੰਘ ਝਿੰਜਰ ਦੀ ਅਗਵਾਈ ਹੇਠ ਪੰਜਾਬੀ ਯੂਨੀਵਰਸਿਟੀ ਦੇ ਸਮੁੱਚੇ ਵਿਦਿਆਰਥੀਆਂ ਦੀ ਟੀਮ ਨੇ ਗੁਰਮਤਿ ਸਮਾਜਿਕ ਜਿਮੇਵਾਰੀ ਅਤੇ ਸੇਵਾ ਭਾਵਨਾ ਨੂੰ ਸਮਝਦੇ ਹੋਏ ਇਹ ਸਫਾਈ ਕਰਕੇ ਸਮੁੱਚੇ ਸਮਾਜ ਲਈ ਇੱਕ ਸ਼ਾਨਦਾਰ ਮਿਸਾਲ ਪੈਦਾ ਕੀਤੀ ਹੈ ਤਾਂ ਜੋ ਭਵਿੱਖ ਵਿਚ ਵੱਖ–ਵੱਖ ਥਾਵਾਂ 'ਤੇ ਲਗਾਏ ਗਏ ਲੰਗਰਾਂ 'ਤੇ ਸਫਾਈ ਦਾ ਕੰਮ ਵੀ ਲੱਗਦੇ ਹੱਥੀਂ ਮੁਕੰਮਲ ਕੀਤਾ ਜਾਵੇ ਤਾਂ ਹੀ ਸੇਵਾ ਸਫਲ ਹੈ। ਉਨ੍ਹਾਂ ਕਿਹਾ ਕਿ ਕੂੜੇ ਕਰਕਟ ਨੂੰ ਸਾਫ ਕਰਕੇ ਇਹ ਸਪੱਸ਼ਟ ਸੁਨੇਹਾ ਦਿੱਤਾ ਕਿ ਸ਼ਹੀਦਾਂ ਦੀ ਯਾਦ ਨੂੰ ਭਾਵਨਾਵਾਂ ਦੇ ਨਾਲ–ਨਾਲ ਕਰਤਵਾਂ ਰਾਹੀਂ ਨਿਭਾਉਣਾ ਹੀ ਸੱਚੀ ਸ਼ਰਧਾਂਜਲੀ ਹੈ।

ਇਸ ਮੌਕੇ ਮੀਤ ਪ੍ਰਧਾਨ ਹਸਨਦੀਪ ਸਿੰਘ ਚਹਿਲ, ਜਨਰਲ ਸਕੱਤਰ ਹਰਵਿੰਦਰ ਸਿੰਘ ਸਿੱਧੂ, ਸਕੱਤਰ ਆਸਿਫ ਹਾਂਡਾ, ਗੁਰਦੀਪ ਸਿੰਘ ਖਨਾਲ, ਮਨਦੀਪ ਸਿੰਘ ਚੰਦੂ ਅਰਾਈਆਂ, ਮਨਪ੍ਰੀਤ ਸਿੰਘ, ਜਗਦੀਪ ਸਿੰਘ ਝਿੰਜਰ, ਨਰਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਜਾਇਆ ਨਗਰ ਕੀਰਤਨ



**ਪਟਿਆਲਾ, 11 ਜਨਵਰੀ**
**-ਰਣਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਸਾਹਿਬ ਭੁੱਨਰਹੇੜੀ ਸਾਹਿਬ ਤੋਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਵਿਚ ਰਵਾਨਾ ਹੋਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਵੀ ਉਚੇਚੇ ਤੌਰ 'ਤੇ ਮੌਜੂਦ ਸਨ। ਨਗਰ ਕੀਰਤਨ ਦੌਰਾਨ ਗਿਆਨੀ ਰਣਜੀਤ ਸਿੰਘ ਬੀਰੋਕੇ ਵਲੋਂ ਗੁਰਦੁਆਰਾ ਸਾਹਿਬ ਭੁੱਨਰਹੇੜੀ ਤੋਂ ਅਰਦਾਸ ਕਰਨ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਈ। ਇਸ ਮੌਕੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਵੀ ਵਿਸ਼ੇਸ਼ ਤੌਰ ਤੇ ਪੁਹੰਚੇ ਹੋਏ ਸਨ । ਇਸ ਮੌਕੇ ਉਨ੍ਹਾਂ ਨਾਲ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਨੀ ਅਤੇ ਬਾਣੇ ਨਾਲ ਜੋੜਿਆ, ਖਾਲਸਾ ਪੰਥ ਦੀ ਸਾਜਣਾ ਕੀਤੀ ਜ਼ਬਰ ਜ਼ੁਲਮ ਖ਼ ?ਲਾਫ਼ ਸੰਘਰਸ਼ ਕਰਨਾ ਦਾ ਮਾਰਗ ਦਿਖਾਇਆਂ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਨੇ ਸੰਗਤ ਨੂੰ ਜੀ ਆਇਆਂ ਆਖਿਆ। ਇਹ ਨਗਰ ਕੀਰਤਨ ਪਰੌੜ ਚੌਕ, ਸ਼ਾਦੀਪੁਰ, ਦੌਲਤਪੁਰ, ਮ ਹਿ ਮੂ ਦ ਪੁ ਰ , ਦੁ ੜ ਦ , ਮਹਿਮੂਦਪੁਰ,ਜੁਲਾਹਾਖੇੜੀ ਤੋਂ ਬਾਅਦ ਘੜਾਮ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਮਿਲਾਪਸਰ ਪਾਤਸ਼ਾਹੀ ਦਸਵੀਂ ਬਾਉਲੀ ਸਾਹਿਬ ਸਮਾਪਿਤ ਹੋਇਆ। ਇਸ ਮੌਕੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਗੁਰਜੀਤ ਸਿੰਘ ਉਪਲੀ, ਵਕੀਲ ਇੰਦਰਜੀਤ ਸਿੰਘ ਮਾਨ, ਕੁਲਵਿੰਦਰ ਸਿੰਘ ਭੁੱਨਰਹੇੜੀ, ਮਨਜੀਤ ਸਿੰਘ ਚੱਪੜ ਮੈਨੇਜਰ ਕਰਹਾਲੀ ਸਾਹਿਬ, ਮਨਦੀਪ ਸਿੰਘ ਮੀਤ ਮੈਨੇਜਰ ਗੁ ਸ੍ਰੀ ਦੁਖਨਿਵਾਰਨ ਸਾਹਿਬ, ਮਨਜੀਤ ਸਿੰਘ ਮੈਨੇਜਰ ਗੁ ਸਾਹਿਬ ਬਹਾਦਰਗੜ੍ਹ, ਇੰਦਰਜੀਤ ਸਿੰਘ ਮੀਤ ਮੈਨੇਜਰ ਸਰਕੜਾ ਫਾਰਮ, ਕੈਪਟਨ ਖੁਸ਼ਵੰਤ ਸਿੰਘ, ਵਰਿੰਦਰ ਸਿੰਘ ਡਕਾਲਾ ਆਦਿ ਹਾਜ਼ਰ ਸਨ।

# ਪੀ.ਡੀ.ਏ ਦੇ ਏ.ਸੀ.ਏ ਵੱਲੋਂ ਡੀਲਵਾਲ ਵਿਖੇ ਲਤਾ ਗਰੀਨ ਇਨਕਲੇਵ ਵੈਲਫੇਅਰ ਸੋਸਾਇਟੀ ਦੇ ਨੁਮਾਇੰਦਿਆ ਨਾਲ ਕਾਲੋਨੀ 'ਚ ਸੀਵਰੇਜ ਦੇ ਕੰਮ ਦਾ ਜਾਇਜ਼ਾ



**ਪਟਿਆਲਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਡੀ.ਏ., ਪਟਿਆਲਾ ਦੇ ਵਧੀਕ ਮੁੱਖ ਪ੍ਰਸ਼ਾਸਕ, ਜਸ਼ਨਪ੍ਰੀਤ ਕੌਰ ਗਿੱਲ ਨੇ ਅੱਜ ਲਤਾ ਗਰੀਨ ਇਨਕਲੇਵ, ਪਿੰਡ ਡੀਲਵਾਲ ਵਿਖੇ ਲਤਾ ਗਰੀਨ ਇਨਕਲੇਵ ਵੈਲਫੇਅਰ ਸੋਸਾਇਟੀ ਦੇ ਨੁਮਾਇੰਦਿਆਂ ਨਾਲ ਕਲੋਨੀ ਵਿਖੇ ਸੀਵਰੇਜ ਸਿਸਟਮ ਦਾ ਕੰਮ ਕਰਵਾਉਣ ਹਿੱਤ ਮੌਕਾ ਚੈੱਕ ਕੀਤਾ।

ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਨਿਰਦੇਸ਼ਾਂ ਮੁਤਾਬਕ ਅੱਜ ਉਨ੍ਹਾਂ ਨੇ ਪੀ.ਡੀ.ਏ ਦੇ ਜਲ ਸਪਲਾਈ ਮੰਡਲ ਇੰਜੀਨੀਅਰ ਤੇ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ, ਰਾਜਪੁਰਾ ਦੇ ਨਾਲ ਹੋਰ ਅਧਿਕਾਰੀਆਂ ਨੂੰ ਨਾਲ ਲੈ ਕੇ ਕਲੋਨੀ ਦਾ ਦੌਰਾ ਕੀਤਾ ਹੈ।

ਜਸ਼ਨਪ੍ਰੀਤ ਕੌਰ ਗਿੱਲ ਨੇ ਦੱਸਿਆ ਕਿ ਇਸ ਦੌਰਾਨ ਸਬੰਧਤ ਸੋਸਾਇਟੀ ਮੈਂਬਰਾਂ ਵੱਲੋਂ ਸੀਵਰੇਜ ਸਿਸਟਮ ਮੁਹੱਈਆ ਕਰਵਾਉਣ ਦੀ ਮੰਗ ਬਾਰੇ ਵਿਸਥਾਰ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਮੌਕੇ 'ਤੇ ਮੌਜੂਦ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ, ਰਾਜਪੁਰਾ ਨੂੰ ਇਸ ਕਲੋਨੀ ਵਿਖੇ ਸਥਾਨਕ ਲੋਕਾਂ ਦੀ ਸਹੂਲਤ ਲਈ ਸੀਵਰੇਜ ਮੁਹਈਆ ਕਰਵਾਉਣ ਲਈ ਜਲਦ ਹੀ ਸਕੀਮ ਤਿਆਰ ਕਰਕੇ ਦੇਣ ਲਈ ਕਿਹਾ ਗਿਆ ਹੈ ਤਾਂ ਜੋ ਸਕੀਮ ਦੀ ਪ੍ਰਵਾਨਗੀ ਉਪਰੰਤ ਸਰਕਾਰ ਪਾਸੋ ਫੰਡ ਪ੍ਰਾਪਤ ਕਰਦੇ ਹੋਏ ਇਸ ਕਲੋਨੀ ਵਿੱਚ ਸੀਵਰੇਜ ਨਾਲ ਸਬੰਧਤ ਲੋੜੀਂਦੇ ਕੰਮ ਕਰਵਾਏ ਜਾ ਸਕਣ।

# ਗੁਰੂ ਨਾਨਕ ਇੰਸਟੀਚਿਊਟ ਆਫ ਮੈਡੀਕਲ ਟੈਕਨੋਲੋਜੀ ਵਿੱਚ ਸਕਿਨ ਅਤੇ ਪਲਾਸਟਿਕ ਸਰਜਰੀ ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ

**ਪਟਿਆਲਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਇੰਸਟੀਚਿਊਟ ਆਫ ਮੈਡੀਕਲ ਟੈਕਨੋਲੋਜੀ ਵਿੱਚ ਵਿਦਿਆਰਥੀਆਂ ਲਈ ਸਕਿਨ ਅਤੇ ਪਲਾਸਟਿਕ ਸਰਜਰੀ ਨਾਲ ਸੰਬੰਧਿਤ ਜਾਣਕਾਰੀ ਪ੍ਰਦਾਨ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦੇ ਮੁੱਖ ਵਕਤਾ ਪ੍ਰਸਿੱਧ ਪਲਾਸਟਿਕ ਸਰਜਨ ਡਾ. ਅਜਾਤ ਸ਼ਤਰੁ ਕਪੂਰ ਰਹੇ।



ਸੈਮੀਨਾਰ ਦੀ ਸ਼ੁਰੂਆਤ ਸੰਸਥਾ ਦੀ ਕੋਆਰਡੀਨੇਟਰ ਐੱਮ.ਐੱਸ. ਰਸ਼ਮੀ ਸ਼ਰਮਾ ਵੱਲੋਂ ਸਵਾਗਤੀ ਭਾਸ਼ਣ ਨਾਲ ਕੀਤੀ ਗਈ। ਆਪਣੇ ਵਿਸਤ੍ਰਿਤ ਸੰਬੋਧਨ ਦੌਰਾਨ ਡਾ. ਕਪੂਰ ਨੇ ਵਿਦਿਆਰਥੀਆਂ ਨੂੰ ਪਲਾਸਟਿਕ ਸਰਜਰੀ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਦੱਸਿਆ ਕਿ ਇਹ ਸਰਜਰੀ ਨਾ ਸਿਰਫ਼ ਸੁੰਦਰਤਾ ਨਾਲ ਜੁੜੀ ਹੈ, ਸਗੋਂ ਕਈ ਗੰਭੀਰ ਸਕਿਨ ਸਮੱਸਿਆਵਾਂ ਦੇ ਇਲਾਜ ਵਿੱਚ ਵੀ ਬਹੁਤ ਅਹੰਕਾਰਪੂਰਣ ਭੂਮਿਕਾ ਨਿਭਾਂਦੀ ਹੈ।

ਡਾ. ਕਪੂਰ ਨੇ ਸਕਿਨ ਕੇਅਰ, ਮੇਕਅਪ ਅਤੇ ਟੈਟੂਜ਼ ਨਾਲ ਸੰਬੰਧਿਤ ਸਾਵਧਾਨੀਆਂ, ਸਕਿਨ ਦੀਆਂ ਵੱਖ–ਵੱਖ ਬਿਮਾਰੀਆਂ, ਉਨ੍ਹਾਂ ਦੇ ਕਾਰਨ ਅਤੇ ਇਲਾਜ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਦੇ ਨਾਲ ਉਨ੍ਹਾਂ ਨੇ ਚਿਹਰੇ ਦੀ ਵਿਕ੍ਰਿਤੀ, ਨੱਕ, ਕੰਨ ਅਤੇ ਸਰੀਰ ਦੇ ਹੋਰ ਅੰਗਾਂ ਨਾਲ ਜੁੜੀਆਂ ਸਕਿਨ ਬਿਮਾਰੀਆਂ ਅਤੇ ਉਨ੍ਹਾਂ ਦੇ ਉਪਚਾਰਾਂ ਬਾਰੇ ਵੀ ਸਮਝਾਇਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਕਿਨ ਡਿਪਾਰਟਮੈਂਟ ਵਿੱਚ ਵੱਖ–ਵੱਖ ਬਿਮਾਰੀਆਂ ਨੂੰ ਕਿਹੜੇ ਨਾਮਾਂ ਨਾਲ ਜਾਣਿਆ ਜਾਂਦਾ ਹੈ।

ਸੈਮੀਨਾਰ ਦੌਰਾਨ ਡਾ. ਕਪੂਰ ਨੇ ਦੁਨੀਆ ਦੇ ਪ੍ਰਸਿੱਧ ਕਲਾਕਾਰਾਂ ਦੇ ਉਦਾਹਰਣਾਂ ਰਾਹੀਂ ਚਿਹਰੇ, ਕੰਨ ਜਾਂ ਸਰੀਰ ਦੇ ਹੋਰ ਅੰਗਾਂ ਨਾਲ ਜੁੜੀਆਂ ਬਿਮਾਰੀਆਂ ਅਤੇ ਉਨ੍ਹਾਂ ਦੇ ਇਲਾਜ ਬਾਰੇ ਵੀ ਗਹਿਰਾਈ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਪ੍ਰਸ਼ਨ-ਉੱਤਰ ਸੈਸ਼ਨ ਵੀ ਕੀਤਾ ਅਤੇ ਸਕਿਨ ਸੰਬੰਧੀ ਉਨ੍ਹਾਂ ਦੇ ਸਾਰੇ ਸੰਦੇਹ ਦੂਰ ਕੀਤੇ।

ਸੈਮੀਨਾਰ ਦੇ ਸਮਾਪਤੀ ਸਮੇਂ ਡਾ. ਕਪੂਰ ਨੇ ਵਿਦਿਆਰਥੀਆਂ ਨਾਲ ਗਰੁੱਪ ਫੋਟੋਆਂ ਵੀ ਖਿੱਚਵਾਈਆਂ। ਸੈਮੀਨਾਰ ਦੇ ਅੰਤ ਵਿੱਚ ਸੰਸਥਾ ਦੇ ਡਾਇਰੈਕਟਰ ਡਾ. ਸੁਭਾਸ਼ ਡਾਵਰ ਵੱਲੋਂ ਡਾ. ਅਜਾਤ ਸ਼ਤਰੁ ਕਪੂਰ ਨੂੰ ਸਨਮਾਨਿਤ ਕੀਤਾ ਗਿਆ।

# ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਣਾ ਵਿਖੇ 5 ਕਰੋੜ 57 ਲੱਖ ਰੁਪਏ ਦੇ ਵਿਕਾਸੀ ਕਾਰਜ ਦਾ ਉਦਘਾਟਨ

**➢ 7.35 ਕਿਲੋਮੀਟਰ ਲੰਬੀ ਸੜਕ ਨੂੰ 10 ਫੁੱਟ ਤੋਂ 18 ਫੁੱਟ ਕੀਤਾ ਜਾਵੇਗਾ ਚੋੜਾ ➢ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ ਹੇਠ ਸੂਬੇ ਦੀਆਂ ਸੜਕਾਂ ਦਾ ਕੀਤਾ ਜਾ ਰਿਹਾ ਨਵੀਨੀਕਰਨ**

**ਪਟਿਆਲਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੀਆਂ ਸੜਕਾਂ ਦੇ ਨਵੀਨੀਕਰਨ ਅਤੇ ਮੁਰੰਮਤ ਦੇ ਸ਼ੁਰੂ ਕੀਤੇ ਪ੍ਰੋਜੈਕਟ ਤਹਿਤ ਅੱਜ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਹਲਕਾ ਸਮਾਣਾ ਵਿਖੇ ਲੱਗਭਗ 5 ਕਰੋੜ 57 ਲੱਖ ਰੁਪਏ ਦੀ ਲਾਗਤ ਦੇ ਵਿਕਾਸ ਕਾਰਜ ਦੀ ਸ਼ੁਰੂਆਤ ਕੀਤੀ ਗਈ ਹੈ। ਸਮਾਣਾ ਦੇ ਪਿੰਡ ਬਾਦਸ਼ਾਹਪੁਰ ਵਿਖੇ ਸ. ਹਰਚੰਦ ਸਿੰਘ ਬਰਸਟ ਵੱਲੋਂ ਰਿਬਨ ਕੱਟ ਕੇ ਸ਼ੜਕ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ। ਇਹ ਸ਼ੜਕ ਬਾਦਸ਼ਾਹਪੁਰ ਤੋਂ ਗੱਜੂਮਾਜਰਾ ਵਾਇਆ ਖੇੜੀ ਮੱਲਾ ਨਾਲ ਲਿੰਕ ਗੁਰੂਦੁਆਰਾ ਸਾਹਿਬ, ਖੇੜੀ ਮੱਲਾਂ ਤੋਂ ਗੱਜੂਮਾਜਰਾ ਨੂੰ ਜਾਂਦੀ ਹੈ। ਇਸਦੀ ਲੰਬਾਈ ਕਰੀਬ 7.35 ਕਿਲੋਮੀਟਰ ਹੈ। ਲੱਗਭਗ 5 ਕਰੋੜ 57 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇਸ ਸੜਕ ਨੂੰ 10 ਫੁੱਟ ਤੋਂ 18 ਫੁੱਟ ਚੋੜਾ ਕੀਤਾ ਜਾਵੇਗਾ। ਇਸ ਮੌਕੇ ਸ. ਬਰਸਟ ਦੱਸਿਆ ਕਿ ਇਲਾਕਾ ਨਿਵਾਸੀਆਂ ਵੱਲੋਂ ਇਸ ਸੜਕ ਨੂੰ ਬਣਵਾਉਣ ਦੀ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ, ਜਿਸਨੂੰ ਪੂਰਾ ਕਰਦਿਆਂ ਹੋਇਆਂ ਇਸ ਸੜਕ ਦੇ ਨਿਰਮਾਣ ਕਾਰਜ ਨੂੰ ਸ਼ੁਰੂ ਕਰਵਾਇਆ ਗਿਆ ਹੈ ਅਤੇ ਹੁਣ ਇਸ ਨੂੰ 10 ਫੁੱਟ ਤੋਂ 18 ਫੁੱਟ ਚੋੜਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਆਵਾਜਾਈ ਲਈ ਚੰਗੀਆਂ ਸੜਕਾਂ ਮੁਹੱਈਆ ਕਰਵਾਉਣਾ ਹੈ। ਜਿਸਦੇ ਤਹਿਤ ਸੂਬੇ ਦੀਆਂ ਸੜਕਾਂ ਦੇ ਨਵੀਨੀਕਰਨ ਅਤੇ ਨਿਰਮਾਣ ਦੇ ਕਾਰਜਾਂ ਨੂੰ ਤੇਜੀ ਨਾਲ ਪੂਰਾ ਕੀਤਾ ਜਾ ਰਿਹਾ ਹੈ, ਜਿਹਨਾਂ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੜਕਾਂ ਦੇ ਕੰਮਾ ਦੀ ਗੁੱਣਵਤਾ ਦੀ ਨਿਗਰਾਨੀ ਸੀ.ਐਮ. ਫਲਾਇੰਗ ਸਕੁਐਡ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ। ਚੇਅਰਮੈਨ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਕਦਮ ਕਿਸਾਨਾਂ, ਵਪਾਰੀਆਂ, ਵਿਦਿਆਰਥੀਆਂ, ਆਮ ਜਨਤਾ ਲਈ ਆਵਾਜਾਈ ਨੂੰ ਆਸਾਨ ਅਤੇ ਤੇਜ਼ ਬਣਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ।



ਇਸ ਨਾਲ ਨਾ ਸਿਰਫ ਆਰਥਿਕ ਗਤੀਵਿਧੀਆਂ ਨੂੰ ਵਾਧਾ ਮਿਲੇਗਾ, ਸਗੋਂ ਕਿਸਾਨਾਂ ਨੂੰ ਆਪਣੀ ਫਸਲ ਮੰਡੀ ਤੱਕ ਲਿਜਾਣ ਵਿੱਚ ਵੀ ਆਸਾਨੀ ਹੋਵੇਗੀ। ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਦੀਆਂ ਸੜਕਾਂ ਅਤੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਦੌਰਾਨ ਸਮੂੰਹ ਪਿੰਡ ਵਾਸੀਆਂ ਨੇ ਸ. ਹਰਚੰਦ ਸਿੰਘ ਬਰਸਟ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਹਰਿੰਦਰ ਸਿੰਘ ਧਬਲਾਨ, ਮਨਦੀਪ ਸਿੰਘ ਗਿੰਨੀ, ਹਰਭਿੰਦਰ ਸਿੰਘ ਰਾਠੀ ਗੱਜੂਮਾਜਰਾ, ਸ਼ੇਰ ਸਿੰਘ ਸਰਪੰਚ ਖੇੜੀ ਮੱਲਾਂ, ਸਤਗੁਰ ਸਿੰਘ ਸਰਪੰਚ ਤਰੋੜਾ ਕਲਾਂ, ਸੋਮੀ ਸਰਪੰਚ ਤਰਖਾਣ ਮਾਜਰਾ, ਕੁਲਬੀਰ ਸਿੰਘ, ਓਂਕਾਰ ਸਿੰਘ, ਜੁਗਰਾਜ ਸਿੰਘ, ਗੁਰਜੰਟ ਸਿੰਘ ਕੂਕਾ, ਹਰਬਾਸ਼ ਸਿੰਘ, ਚਮਕੌਰ ਸਿੰਘ, ਬਲਜੀਤ ਸਿੰਘ, ਤਰਲੋਚਨ ਸਿੰਘ, ਗੁਰਕਿਰਤ ਸਿੰਘ, ਗੁਰਵਿੰਦਰ ਸਿੰਘ, ਗੋਲਡੀ ਸਿੰਘ ਸਮੇਤ ਮੰਡੀ ਬੋਰਡ ਦੇ ਅਧਿਕਾਰੀ ਅਤੇ ਇਲਾਕਾ ਨਿਵਾਸੀ ਮੌਜੂਦ ਰਹੇ।

# ਐੱਫ ਆਈ ਆਰ ਮਾਮਲਾ: ਦਿੱਲੀ ਵਿਧਾਨ ਸਭਾ ਵੱਲੋਂ ਪੰਜਾਬ ਪੁਲੀਸ ਦੇ 3 ਅਧਿਕਾਰੀਆਂ ਨੂੰ ਨੋਟਿਸ ਜਾਰੀ

## ਦਿੱਲੀ ਦੇ ਕਾਨੂੰਨ ਮੰਤਰੀ ਕਪਿਲ ਮਿਸ਼ਰਾ ਅਤੇ ਹੋਰਾਂ ਵਿਰੁੱਧ ਜਲੰਧਰ ਵਿੱਚ ਕੀਤੀ ਗਈ ਹੈ ਐੱਫ ਆਈ ਆਰ



**ਨਵੀਂ ਦਿੱਲੀ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਸ਼ਨਿਚਰਵਾਰ ਨੂੰ ਦੱਸਿਆ ਕਿ ਪੰਜਾਬ ਪੁਲੀਸ ਦੇ ਤਿੰਨ ਚੋਟੀ ਦੇ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਵਿਧਾਨ ਸਭਾ ਦੀ ਵੀਡੀਓ ਕਲਿੱਪ ਦੀ ਵਰਤੋਂ ਕਰਕੇ ਦਿੱਲੀ ਦੇ ਕਾਨੂੰਨ ਮੰਤਰੀ ਕਪਿਲ ਮਿਸ਼ਰਾ ਵਿਰੁੱਧ ਐੱਫ ਆਈ ਆਰ ਦਰਜ ਕਰਨ ਦੇ ਮਾਮਲੇ ਵਿੱਚ 48 ਘੰਟਿਆਂ ਅੰਦਰ ਜਵਾਬ ਮੰਗਿਆ ਗਿਆ ਹੈ।

ਗੁਪਤਾ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਇਹ ਨੋਟਿਸ ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲੀਸ (ਡੀ.ਜੀ.ਪੀ.), ਸਪੈਸ਼ਲ ਡੀ.ਜੀ.ਪੀ. (ਸਾਈਬਰ ਕ੍ਰਾਈਮ) ਅਤੇ ਜਲੰਧਰ ਦੇ ਪੁਲੀਸ ਕਮਿਸ਼ਨਰ ਨੂੰ ÷ਦਿੱਲੀ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ÷ ਲਈ ਜਾਰੀ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਵੀਡੀਓ ਰਿਕਾਰਡਿੰਗ ਦੀ ਵਰਤੋਂ ਕਰਨਾ, ਜੋ ਕਿ ਦਿੱਲੀ ਵਿਧਾਨ ਸਭਾ ਦੀ ਜਾਇਦਾਦ ਹੈ, ਅਤੇ ਉਸ ਦੇ ਆਧਾਰ 'ਤੇ ਪੰਜਾਬ ਪੁਲਿਸ ਵੱਲੋਂ ਐੱਫ ਆਈ ਆਰ ਦਰਜ ਕਰਨਾ ਮੰਦਭਾਗਾ ਹੈ ਅਤੇ ਇਸ ਨਾਲ ਸਦਨ ਦੀ ਮਰਿਆਦਾ ਨੂੰ ਠੇਸ ਪਹੁੰਚੀ ਹੈ।

ਗੁਪਤਾ ਅਨੁਸਾਰ ਪੰਜਾਬ ਪੁਲੀਸ ਅਧਿਕਾਰੀਆਂ ਵਿਰੁੱਧ ਅਗਲੀ ਕਾਰਵਾਈ ਉਨ੍ਹਾਂ ਦੇ ਜਵਾਬ ਮਿਲਣ ਤੋਂ ਬਾਅਦ ਤੈਅ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਵਿਧਾਨ ਸਭਾ ਦੀ ਵੀਡੀਓ ਰਿਕਾਰਡਿੰਗ ਦੀ ਕਲਿੱਪ ਦਿੱਲੀ ਦੇ ਕਾਨੂੰਨ ਮੰਤਰੀ ਕਪਿਲ ਮਿਸ਼ਰਾ ਅਤੇ ਭਾਜਪਾ ਦੇ ਕਈ ਵਿਧਾਇਕਾਂ ਦੁਆਰਾ ਇਹ ਦੋਸ਼ ਲਗਾਉਂਦੇ ਹੋਏ ਵਰਤੀ ਗਈ ਸੀ ਕਿ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨੇ ਪਿਛਲੇ ਸਾਲ ਨਵੰਬਰ ਵਿੱਚ ਨੌਵੇਂ ਸਿੱਖ ਗੁਰੂ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਪ੍ਰੋਗਰਾਮ 'ਤੇ ਮੰਗਲਵਾਰ ਨੂੰ ਹੋਈ ਬਹਿਸ ਦੌਰਾਨ ਗੁਰੂ ਤੇਗ ਬਹਾਦਰ ਜੀ ਦਾ ਅਪਮਾਨ ਕੀਤਾ ਸੀ।

ਜਲੰਧਰ ਪੁਲੀਸ ਕਮਿਸ਼ਨਰ ਦਫ਼ਤਰ ਵੱਲੋਂ ਮਿਸ਼ਰਾ ਅਤੇ ਹੋਰਾਂ ਵਿਰੁੱਧ ਆਤਿਸ਼ੀ ਦੀ ਐਡਿਟ ਕੀਤੀ ਅਤੇ ਛੇੜਛਾੜ ਵਾਲੀ ਵੀਡੀਓ ਅਪਲੋਡ ਕਰਨ ਅਤੇ ਫੈਲਾਉਣ ਦੇ ਦੋਸ਼ ਵਿੱਚ ਐੱਫ ਆਈ ਆਰ ਦਰਜ ਕੀਤੀ ਗਈ ਸੀ। ਗੁਪਤਾ ਨੇ ਕਿਹਾ ਕਿ ਵਿਧਾਨ ਸਭਾ ਨੇ ਉਹ ਸਾਰੇ ਦਸਤਾਵੇਜ਼ ਅਤੇ ਫੋਰੈਂਸਿਕ ਰਿਪੋਰਟ ਮੰਗੀ ਹੈ ਜਿਸ ਦੇ ਆਧਾਰ 'ਤੇ ਪੰਜਾਬ ਪੁਲੀਸ ਨੇ ਵੀਡੀਓ ਨੂੰ ਡਾਕਟਰਡ (ਛੇੜਛਾੜ ਵਾਲੀ) ਹੋਣ ਦਾ ਦਾਅਵਾ ਕੀਤਾ ਹੈ।

ਉਨ੍ਹਾਂ ਨੇ ਪੰਜਾਬ ਦੀ 'ਆਪ' ਸਰਕਾਰ ਵੱਲੋਂ ਰਾਜ ਦੀ ਪੁਲੀਸ ਦੀ ਦੁਰਵਰਤੋਂ ਕਰਨ ਦੀ ਨਿਖੇਧੀ ਕੀਤੀ, ਜਦਕਿ ਭਾਜਪਾ ਵਿਧਾਇਕਾਂ ਨੇ ਕਥਿਤ ਤੌਰ 'ਤੇ ਸਿੱਖ ਗੁਰੂ ਦਾ ਅਪਮਾਨ ਕਰਨ ਲਈ ਆਤਿਸ਼ੀ ਦੀ ਵਿਧਾਨ ਸਭਾ ਮੈਂਬਰਸ਼ਿਪ ਰੱਦ ਕਰਨ ਦੀ ਮੰਗ ਕੀਤੀ ਹੈ।

# ਲਿਵ-ਇਨ ਸਾਥੀ ਨੂੰ ਫੈਮਿਲੀ ਪੈਨਸ਼ਨ 'ਚ ਸ਼ਾਮਲ ਕਰਨ ਲਈ ਸਰਕਾਰੀ ਕਰਮਚਾਰੀ ਦੀ ਬੇਨਤੀ 'ਤੇ ਵਿਚਾਰ ਕਰੋ: ਹਾਈ ਕੋਰਟ



**ਨਵੀਂ ਦਿੱਲੀ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਇੱਕ ਸੇਵਾਮੁਕਤ ਸਰਕਾਰੀ ਕਰਮਚਾਰੀ ਦੀ ਉਸ ਬੇਨਤੀ 'ਤੇ ਵਿਚਾਰ ਕਰੇ ਜਿਸ ਵਿੱਚ ਉਸਨੇ 40 ਸਾਲਾਂ ਤੋਂ ਵੱਧ ਸਮੇਂ ਤੋਂ ਆਪਣੀ ਲਿਵ-ਇਨ ਪਾਰਟਨਰ ਅਤੇ ਉਨ੍ਹਾਂ ਦੇ ਬੱਚਿਆਂ ਦੇ ਨਾਮ ਫੈਮਿਲੀ ਪੈਨਸ਼ਨ ਅਤੇ ਸਿਹਤ ਸਹੂਲਤਾਂ ਲਈ 'ਪੈਨਸ਼ਨ ਪੇਮੈਂਟ ਆਰਡਰ' ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ।

ਜਸਟਿਸ ਨਵੀਨ ਚਾਵਲਾ ਅਤੇ ਜਸਟਿਸ ਮਧੂ ਜੈਨ ਦੇ ਬੈਂਚ ਨੇ ਕਿਹਾ ਕਿ ਪਟੀਸ਼ਨਰ ਸਰਕਾਰੀ ਕਰਮਚਾਰੀ ਨੇ ਕਦੇ ਵੀ ਆਪਣੇ ਰਿਸ਼ਤੇ ਨੂੰ ਨਹੀਂ ਛੁਪਾਇਆ, ਅਤੇ ਆਪਣੀ ਪਾਰਟਨਰ ਤੇ ਬੱਚਿਆਂ ਦੇ ਨਾਮ ਪਰਿਵਾਰ ਵਜੋਂ ਸ਼ਾਮਲ ਕਰਨ ਦੀਆਂ ਉਸਦੀਆਂ ਕੋਸ਼ਿਸ਼ਾਂ ਨੂੰ ਗੰਭੀਰ ਦੁਰਾਚਾਰ (grave misconduct) ਮੰਨ ਕੇ ਸੇਵਾਮੁਕਤੀ ਤੋਂ ਬਾਅਦ ਦੇ ਲਾਭਾਂ ਤੋਂ ਇਨਕਾਰ ਕਰਨਾ ਗਲਤ ਸੀ।

ਅਦਾਲਤ ਨੇ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ (31") ਦੇ 2018 ਦੇ ਉਸ ਫੈਸਲੇ ਨੂੰ ਰੱਦ ਕਰ ਦਿੱਤਾ ਜਿਸ ਵਿੱਚ 2012 ਵਿੱਚ ਸੇਵਾਮੁਕਤ ਹੋਏ ਕਰਮਚਾਰੀ ਦੀ 50 ਫੀਸਦੀ ਮਹੀਨਾਵਾਰ ਪੈਨਸ਼ਨ ਅਤੇ ਗ੍ਰੈਚੁਇਟੀ ਰੋਕਣ ਦੇ ਅਧਿਕਾਰੀਆਂ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਗਿਆ ਸੀ। ਅਦਾਲਤ ਨੇ 7 ਜਨਵਰੀ ਨੂੰ ਦਿੱਤੇ ਆਪਣੇ ਫੈਸਲੇ ਵਿੱਚ ਕਿਹਾ ਕਿ ਕਰਮਚਾਰੀ ਦੀ ਪੈਨਸ਼ਨ ਰੋਕਣ ਦਾ ਕੋਈ ਜਾਇਜ਼ ਕਾਰਨ ਨਹੀਂ ਹੈ ਅਤੇ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਉਹ ਰੋਕੀ ਗਈ ਰਕਮ 6 ਫੀਸਦੀ ਸਾਲਾਨਾ ਵਿਆਜ ਸਮੇਤ ਅਦਾ ਕਰੇ।

ਅਦਾਲਤ ਨੇ ਕਿਹਾ, "ਰਿਕਾਰਡ ਸਪੱਸ਼ਟ ਤੌਰ 'ਤੇ ਇਹ ਸਥਾਪਿਤ ਕਰਦਾ ਹੈ ਕਿ ਪਟੀਸ਼ਨਕਰਤਾ ਨੇ ਕਦੇ ਵੀ ਆਪਣੇ ਰਿਸ਼ਤੇ ਨੂੰ ਨਹੀਂ ਛੁਪਾਇਆ.. ਉਸ ਨੇ ਸੇਵਾ ਰਿਕਾਰਡਾਂ ਵਿੱਚ ਲਗਾਤਾਰ (ਆਪਣੇ ਲਿਵ-ਇਨ ਪਾਰਟਨਰ ਦੀ ਮੌਜੂਦਗੀ) ਅਤੇ ਉਸ ਦੇ ਬੱਚਿਆਂ ਦਾ ਖੁਲਾਸਾ ਕੀਤਾ, ਪਰਿਵਾਰਕ ਪੈਨਸ਼ਨ ਲਾਭਾਂ ਦੇ ਉਦੇਸ਼ਾਂ ਲਈ ਲੰਬੇ ਸਮੇਂ ਤੱਕ ਸਹਿਵਾਸ ਦੇ ਆਧਾਰ 'ਤੇ ਉਸ ਨੂੰ ਆਪਣੀ ਪਤਨੀ ਵਜੋਂ ਪਛਾਣਿਆ।"

ਅਦਾਲਤ ਨੇ ਅੱਗੇ ਕਿਹਾ ਕਿ, "ਇਸ ਲਈ, ਸਾਡਾ ਮੰਨਣਾ ਹੈ ਕਿ ਪਟੀਸ਼ਨਕਰਤਾ ਨੇ ਆਪਣੇ ਸਬੰਧਾਂ ਬਾਰੇ ਜਵਾਬਦੇਹ ਧਿਰਾਂ ਨਾਲ ਹਰ ਸਮੇਂ ਪਾਰਦਰਸ਼ਤਾ ਬਣਾਈ ਰੱਖੀ ਅਤੇ ਗਲਤ ਬਿਆਨਬਾਜ਼ੀ ਜਾਂ ਵਿਭਾਗ ਨੂੰ ਧੋਖਾ ਦੇ ਕੇ ਡਿਪਲੋਮੈਟਿਕ ਪਾਸਪੋਰਟ ਪ੍ਰਾਪਤ ਕਰਨ ਦਾ ਕੋਈ ਗਲਤ ਇਰਾਦਾ ਨਹੀਂ ਸੀ।" ਅਦਾਲਤ ਨੇ ਅੱਗੇ ਸਪੱਸ਼ਟ ਕੀਤਾ ਕਿ ਅਨੁਸ਼ਾਸਨੀ ਅਥਾਰਟੀ ਦਾ ਇਹ ਦਾਅਵਾ ਕਿ ਪਟੀਸ਼ਨਕਰਤਾ ਵਿੱਚ ਨਿੱਜੀ ਇਮਾਨਦਾਰੀ ਦੀ ਘਾਟ ਹੈ, ਵੀ ਗਲਤ ਸਮਝਿਆ ਗਿਆ ਸੀ।

# ਬਠਿੰਡਾ ਵਿਖੇ ਮੁੱਖ ਮੰਤਰੀ ਵੱਲੋਂ ਮੁਲਤਾਨੀਆਂ ਰੋਡ 'ਤੇ ਬਣੇ ਪੁਲ ਦਾ ਉਦਘਾਟਨ

**ਬਠਿੰਡਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਮੁਲਤਾਨੀਆ ਰੋਡ 'ਤੇ ਰੇਲ ਪਟੜੀਆਂ ਉੱਪਰ ਨਵੇਂ ਬਣੇ ਪੁਲ ਨੂੰ ਲੋਕ ਅਰਪਣ ਕੀਤਾ।

ਇਸ ਮੌਕੇ ਮੁੱਖ ਮੰਤਰੀ ਨੇ ਮੌਸਮ ਦੀ ਖਰਾਬੀ ਕਾਰਨ ਪ੍ਰੋਗਰਾਮ ਵਿੱਚ ਦੇਰੀ ਨਾਲ ਪੁੱਜਣ ਲਈ ਖ਼ਿਮਾ ਵੀ ਮੰਗੀ। ਉਨ੍ਹਾਂ ਦੱਸਿਆ ਕਿ ਕਰੀਬ ਇੱਕ ਕਿਲੋਮੀਟਰ ਲੰਮੇ ਇਸ ਪੁਲ ਦੀ ਉਸਾਰੀ ਦਾ ਕੰਮ 11 ਸਤੰਬਰ 2023 ਨੂੰ ਸ਼ੁਰੂ ਹੋਇਆ ਸੀ।

ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਉਹ 'ਲੋਕ ਮਿਲਣੀ' ਰਾਹੀਂ ਲੋਕਾਂ ਦੀਆਂ ਮੁਸ਼ਕਿਲਾਂ ਸੁਣਨਗੇ ਅਤੇ ਪਿੰਡ ਨਰੂਆਣਾ ਵਿੱਚ ਇੱਕ ਲਾਇਬ੍ਰੇਰੀ ਦਾ ਉਦਘਾਟਨ ਵੀ ਕਰਨਗੇ।




ਉਨ੍ਹਾਂ ਦੱਸਿਆ ਕਿ ਲਾਇਬ੍ਰੇਰੀ ਵਿੱਚ ਵੱਖ-ਵੱਖ ਜਮਾਤਾਂ ਦੇ ਸਿਲੇਬਸਾਂ ਦੀਆਂ ਕਿਤਾਬਾਂ ਅਤੇ ਸਾਹਿਤਕ ਪੁਸਤਕਾਂ ਵੀ ਰੱਖੀਆਂ ਗਈਆਂ ਹਨ।

ਆਪਣੇ ਸੰਬੋਧਨ ਦੌਰਾਨ ਮੁੱਖ ਮੰਤਰੀ ਨੇ 14 ਜਨਵਰੀ ਨੂੰ ਮਾਘੀ ਮੇਲੇ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਆਮ ਆਦਮੀ ਪਾਰਟੀ ਵੱਲੋਂ ਕੀਤੀ ਜਾ ਰਹੀ ਕਾਨਫਰੰਸ ਵਿੱਚ ਪਹੁੰਚਣ ਲਈ ਲੋਕਾਂ ਨੂੰ ਪੁਰਜ਼ੋਰ ਸੱਦਾ ਦਿੱਤਾ। ਇਸ ਮੌਕੇ ਜ਼ਿਲ੍ਹਾ ਬਠਿੰਡਾ ਨਾਲ ਸਬੰਧਿਤ ਵਿਧਾਇਕਾਂ ਤੋਂ ਇਲਾਵਾ ਵੱਖ-ਵੱਖ ਅਦਾਰਿਆਂ ਦੇ ਚੇਅਰਮੈਨ, ਪ੍ਰਧਾਨ, 'ਆਪ' ਦੇ ਆਗੂਆਂ ਅਤੇ ਬਠਿੰਡਾ ਵਾਸੀ ਹਾਜ਼ਰ ਸਨ।

# ਮਾਣੇਵਾਲ ਦੇ ਐਨ.ਆਰ.ਆਈ. ਵੀਰਾਂ ਨੇ ਪਿੰਡ ਦੇ ਖਿਡਾਰੀਆਂ ਨੂੰ ਵੰਡੇ ਟਰੈਕ ਸੂਟ

**ਮਾਛੀਵਾੜਾ ਸਾਹਿਬ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਮਾਛੀਵਾੜਾ ਨਜ਼ਦੀਕੀ ਪਿੰਡ ਮਾਣੇਵਾਲ ਵਿਖੇ ਐਨ.ਆਰ. ਆਈ. ਵੀਰਾਂ ਵੱਲੋਂ ਪਿੰਡ ਦੇ ਖਿਡਾਰੀਆਂ ਨੂੰ ਟਰੈਕ ਸੂਟ ਵੰਡੇ ਗਏ। ਪ੍ਰਧਾਨ ਕੁਲਦੀਪ ਸਿੰਘ ਭੰਗਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਪਹਿਲੇ ਸਮੇਂ ਤੋਂ ਫੁਟਬਾਲ ਦੀ ਖੇਡ ਕਰਕੇ ਹਮੇਸ਼ਾ ਚਰਚਾ ਵਿੱਚ ਰਹਿੰਦਾ ਹੈ। ਪਿੰਡ ਦੇ ਬਹੁਤ ਸਾਰੇ ਨੌਜਵਾਨ ਇਸ ਖੇਡ ਗਰਾਊਂਡ ਤੋਂ ਪ੍ਰੈਕਟਿਸ ਕਰ ਵੱਖ-ਵੱਖ ਭਾਗਾਂ ਵਿੱਚ ਭਰਤੀ ਹੋਏ ਉੱਥੇ ਹੀ ਬਹੁਤੇ ਨੌਜਵਾਨ ਵਿਦੇਸ਼ੀ ਧਰਤੀ ਤੇ ਆਪਣੀ ਰੋਜ਼ੀ ਰੋਟੀ ਲਈ ਗਏ ,ਜੋ ਸਮੇਂ ਸਮੇਂ ਤੇ ਪਿੰਡ ਦੇ ਇਸ ਖੇਡ ਗਰਾਊਂਡ ਨਾਲ ਪਿਆਰ ਕਰਦੇ ਹੋਏ ਮੌਜੂਦਾ ਖਿਡਾਰੀਆਂ ਦੀ ਹਰ ਪੱਖੋਂ ਮਦਦ ਕਰਦੇ ਰਹਿੰਦੇ ਹਨ।

ਅੱਜ ਵੀ ਆਸਟਰੇਲੀਆ ਵਾਸੀ ਅਮਨਦੀਪ ਸਿੰਘ ਧਾਲੀਵਾਲ ਅਸਟ੍ਰੇਲੀਆ , ਬਚਿੱਤਰ ਸਿੰਘ ਯੂ.ਕੇ. ਵੱਲੋਂ ਭੇਜੀ ਗਈ ਰਾਸ਼ੀ ਨਾਲ ਖਰੀਦੇ ਗਏ ਟਰੈਕ ਸੂਟ ਧਾਲੀਵਾਲ ਪਰਿਵਾਰ ਵੱਲੋਂ ਭੁਪਿੰਦਰ ਸਿੰਘ (ਪੰਜਾਬ ਪੁਲਿਸ )ਨੇ ਆਪਣੇ ਹੱਥੀ ਖਿਡਾਰੀਆਂ ਨੂੰ ਵੰਡੇ ਅਤੇ ਉਹਨਾਂ ਨੂੰ ਭਵਿੱਖ ਵਿੱਚ ਵੀ ਹੋਰ ਉਤਸ਼ਾਹ ਨਾਲ ਖੇਡ ਗਰਾਊਂਡ ਵਿੱਚ ਪ੍ਰੈਕਟਿਸ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੈਂਬਰ ਪੰਚਾਇਤ ਗੁਰਟੇਕ ਸਿੰਘ ਵੱਲੋਂ ਵੀ ਖਿਡਾਰੀਆਂ ਦੀ ਖੁਰਾਕ ਲਈ 5100/ ਦੀ ਨਗਦ ਰਾਸ਼ੀ ਪ੍ਰਧਾਨ ਕੁਲਦੀਪ ਸਿੰਘ ਭੰਗਾ ਨੂੰ ਸੌਂਪੀ ਗਈ। ਇਸ ਮੌਕੇ ਭੁਪਿੰਦਰ ਸਿੰਘ ਦੇ ਜਨਮਦਿਨ ਦੀ ਖੁਸ਼ੀ ਵਿੱਚ ਸਾਰੇ ਖਿਡਾਰੀਆਂ ਨੂੰ ਲੱਡੂ ਵੰਡੇ ਗਏ ਅਤੇ ਉਹਨਾਂ ਦੀ ਲੰਮੀ ਉਮਰ ਅਤੇ ਤੰਦਰੁਸਤੀ ਦੀ ਕਾਮਨਾ ਕੀਤੀ ਗਈ। ਪ੍ਰਧਾਨ ਕੁਲਦੀਪ ਸਿੰਘ ਭੰਗਾ ਨੇ ਧਾਲੀਵਾਲ ਪਰਿਵਾਰ ਅਮਨਦੀਪ ਸਿੰਘ ਧਾਲੀਵਾਲ ,ਭੁਪਿੰਦਰ ਸਿੰਘ ਧਾਲੀਵਾਲ, ਬਚਿੱਤਰ ਸਿੰਘ ਯੂ.ਕੇ., ਮੈਂਬਰ ਪੰਚਾਇਤ ਗੁਰਤੇਜ ਸਿੰਘ ਦਾ ਆਪਣੇ ਕਲੱਬ ਅਤੇ ਖਿਡਾਰੀਆਂ ਵੱਲੋਂ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਪਿੰਡ ਦੇ ਵਡਮੁੱਲੇ ਸਹਿਯੋਗ ਸਦਕਾ ਉਹ ਹਮੇਸ਼ਾ ਖਿਡਾਰੀਆਂ ਨੂੰ ਅੱਗੇ ਲਿਆਣ ਵਿੱਚ ਸਫਲ ਰਹੇ ਹਨ, ਕਿਉਂਕਿ ਪਿੰਡ ਦੇ ਐਨਆਰਆਈ ਵੀਰ ਪਿੰਡ ਦੇ ਉਦਮੀ ਨੌਜਵਾਨ ਹਮੇਸ਼ਾ ਉਸਦਾ ਸਾਥ ਦਿੰਦੇ ਹਨ ਅਤੇ ਖਿਡਾਰੀਆਂ ਲਈ ਖੇਡ ਕਿੱਟਾਂ ਖੇਡ ਸਮਾਨ ਅਤੇ ਖੁਰਾਕ ਦਾ ਪ੍ਰਬੰਧ ਕਰਕੇ ਦਿੰਦੇ ਹਨ ਜਿਸ ਸਦਕਾ ਉਸ ਵੇਲੇ ਸ਼ਾਮ ਬੱਚਿਆਂ ਨੂੰ ਆਪ ਗਰਾਊਂਡ ਵਿੱਚ ਪ੍ਰੈਕਟਿਸ ਕਰਵਾਉਂਦੇ ਹਨ ਜਿਸ ਦੀ ਕਿਸੇ ਤੋਂ ਕੋਈ ਫੀਸ ਨਹੀਂ ਲਈ ਜਾਂਦੀ ਅਤੇ ਖਿਡਾਰੀਆਂ ਦੀ ਹਰ ਪੱਖੋਂ ਮੱਦਦ ਕੀਤੀ ਜਾਂਦੀ ਹੈ।

ਇਸ ਮੌਕੇ ਭੁਪਿੰਦਰ ਸਿੰਘ ਧਾਲੀਵਾਲ, ਗੁਰਟੇਕ ਸਿੰਘ ਪੰਚ ,ਅੰਗਰੇਜ਼ ਸਿੰਘ, ਜਸਵੀਰ ਸਿੰਘ ਜੱਸੀ, ਗੁਰਦੇਵ ਸਿੰਘ, ਹਰਮੇਸ਼ ਲਾਲ, ਸਤਨਾਮ ਸਿੰਘ, ਕੁਲਦੀਪ ਸਿੰਘ, ਸਤਨਾਮ ਸਿੰਘ ਸੱਤਾ ਵੀ ਮੌਜੂਦ ਸਨ।

# ਟਰੰਪ ਨੇ ਭਾਰਤ-ਪਾਕਿ ਟਕਰਾਅ ਰੋਕਣ ਦਾ ਦਾਅਵਾ ਦੁਹਰਾਇਆ

**ਨਿਊਯਾਰਕ/ਵਾਸ਼ਿੰਗਟਨ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਕ ਵਾਰ ਫਿਰ ਭਾਰਤ ਅਤੇ ਪਾਕਿਸਤਾਨ ਵਿਚਾਲੇ ਸੰਘਰਸ਼ ਨੂੰ ਸੁਲਝਾਉਣ ਦਾ ਦਾਅਵਾ ਕਰਦਿਆਂ ਕਿਹਾ ਹੈ ਕਿ ਇਤਿਹਾਸ ਵਿਚ ਕੋਈ ਵੀ ਉਨ੍ਹਾਂ ਨਾਲੋਂ ਨੋਬਲ ਸ਼ਾਂਤੀ ਪੁਰਸਕਾਰ ਦਾ ਜ਼ਿਆਦਾ ਹੱਕਦਾਰ ਨਹੀਂ ਹੈ,ਜਦਕਿ ਉਨ੍ਹਾਂ ਨੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਆਲੋਚਨਾ ਕੀਤੀ ਕਿ ਉਨ੍ਹਾਂ ਨੇ ਕੁਝ ਨਾ ਕਰਨ ਦੇ ਬਾਵਜੂਦ ਇਹ ਸਨਮਾਨ ਹਾਸਲ ਕੀਤਾ।



ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ ਵਿਚ ਵੈਨੇਜ਼ੁਏਲਾ ਦੇ ਤੇਲ ਭੰਡਾਰਾਂ ਬਾਰੇ ਤੇਲ ਅਤੇ ਗੈਸ ਕਾਰਜਕਾਰੀਆਂ ਨਾਲ ਮੀਟਿੰਗ ਦੌਰਾਨ ਟਰੰਪ ਨੇ ਆਪਣੇ ਦਾਅਵੇ ਨੂੰ ਦੁਹਰਾਇਆ ਕਿ ਪਿਛਲੇ ਸਾਲ ਮਈ ਦੇ ਸੰਘਰਸ਼ ਵਿਚ ਅੱਠ ਜੈੱਟ ਜਹਾਜ਼ ਸੁੱਟੇ ਗਏ ਸਨ ਅਤੇ ਕਿਹਾ ਕਿ ਚਾਹੇ ਲੋਕ ਉਨ੍ਹਾਂ ਨੂੰ ਪਸੰਦ ਕਰਨ ਜਾਂ ਨਾ,ਉਨ੍ਹਾਂ ਨੇ ਅੱਠ ਵੱਡੀਆਂ ਜੰਗਾਂ ਨੂੰ ਸੁਲਝਾਇਆ ਹੈ,ਜਿਨ੍ਹਾਂ ਵਿਚੋਂ ਕੁਝ ਦਹਾਕਿਆਂ ਤੋਂ ਚੱਲ ਰਹੀਆਂ ਸਨ।

ਟਰੰਪ ਅਨੁਸਾਰ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਪਿਛਲੇ ਸਾਲ ਵ੍ਹਾਈਟ ਹਾਊਸ ਦੇ ਦੌਰੇ ਦੌਰਾਨ ਦੋਵਾਂ ਪ੍ਰਮਾਣੂ ਸ਼ਕਤੀਆਂ ਵਿਚਾਲੇ ਜੰਗ ਰੋਕ ਕੇ ਲੱਖਾਂ ਜਾਨਾਂ ਬਚਾਉਣ ਦਾ ਸਿਹਰਾ ਉਨ੍ਹਾਂ ਨੂੰ ਦਿੱਤਾ ਸੀ। ਭਾਰਤ ਨੇ ਪਿਛਲੇ ਸਾਲ 7 ਮਈ ਨੂੰ ਪਹਿਲਗਾਮ ਹਮਲੇ ਦੇ ਜਵਾਬ ਵਿਚ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ ਸੀ ਅਤੇ 10 ਮਈ ਨੂੰ ਦੋਵਾਂ ਦੇਸ਼ਾਂ ਵਿਚਾਲੇ ਸਮਝੌਤਾ ਹੋਇਆ ਸੀ,ਹਾਲਾਂਕਿ ਭਾਰਤ ਨੇ ਹਮੇਸ਼ਾ ਕਿਸੇ ਤੀਜੀ ਧਿਰ ਦੇ ਦਖ਼ਲ ਤੋਂ ਇਨਕਾਰ ਕੀਤਾ ਹੈ।

# ਚੰਡੀਗੜ੍ਹ ਸਟੇਟ ਕੋਆਪਰੇਟਿਵ ਬੈਂਕ ਲਿਮਿਟਿਡ ਦੀ ਐਨੂਅਲ ਜਨਰਲ ਬਾਡੀ ਮੀਟਿੰਗ




**ਚੰਡੀਗੜ੍ਹ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਸਟੇਟ ਕੋਆਪਰੇਟਿਵ ਬੈਂਕ ਲਿਮਿਟਿਡ ਦੀ ਐਨੂਅਲ ਜਨਰਲ ਬਾਡੀ ਮੀਟਿੰਗ ਅੱਜ ਕਮਿਊਨਿਟੀ ਸੈਂਟਰ, ਸੈਕਟਰ-22, ਚੰਡੀਗੜ੍ਹ ਵਿਖੇ ਬੈਂਕ ਦੇ ਚੇਅਰਮੈਨ ਸ਼੍ਰੀ ਸਤਿੰਦਰ ਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਵਿੱਚ ਹੋਈ। ਇਹ ਮੀਟਿੰਗ ਲਗਭਗ 13 ਸਾਲਾਂ ਦੇ ਵਕਫ਼ੇ ਬਾਅਦ ਆਯੋਜਿਤ ਕੀਤੀ ਗਈ।

ਮੀਟਿੰਗ ਵਿੱਚ ਬੈਂਕ ਦੇ ਵਾਈਸ ਚੇਅਰਮੈਨ ਸ਼੍ਰੀ ਕੁਲਵਿੰਦਰ ਸਿੰਘ ਕਾਲਾ; ਮੈਨੇਜਿੰਗ ਡਾਇਰੈਕਟਰ, ਸੁਸ਼੍ਰੀ ਅਨੁਰਾਧਾ ਚਗਤੀ; ਸਾਰੇ ਡਾਇਰੈਕਟਰ - ਸ਼੍ਰੀ ਸੁਰਜੀਤ ਸਿੰਘ ਢਿੱਲੋਂ, ਸ਼੍ਰੀ ਭੁਪਿੰਦਰ ਸਿੰਘ ਬਡਹੇੜੀ, ਸ਼੍ਰੀ ਹਰਦੀਪ ਸਿੰਘ, ਸ਼੍ਰੀ ਜੀਤ ਸਿੰਘ, ਸ਼੍ਰੀ ਜੁਝਾਰ ਸਿੰਘ, ਸ਼੍ਰੀ ਬਾਲ ਕਿਸ਼ਨ, ਸ਼੍ਰੀ ਤਰਲੋਚਨ ਸਿੰਘ, ਸ਼੍ਰੀ ਗੁਰਪ੍ਰੀਤ ਸਿੰਘ, ਸ਼੍ਰੀ ਮਨਜੀਤ ਸਿੰਘ ਰਾਣਾ - ਸਮੇਤ ਬੈਂਕ ਸਟਾਫ਼ ਮੈਂਬਰਾਂ ਅਤੇ ਵੱਡੀ ਗਿਣਤੀ ਵਿੱਚ ਸ਼ੇਅਰਧਾਰਕਾਂ ਨੇ ਸ਼ਿਰਕਤ ਕੀਤੀ।

ਇਸ ਅਵਸਰ @ਤੇ ਆਪਣੇ ਸੰਬੋਧਨ ਵਿੱਚ ਚੇਅਰਮੈਨ ਸ਼੍ਰੀ ਸਤਿੰਦਰ ਪਾਲ ਸਿੱਧੂ ਨੇ ਕਿਹਾ ਕਿ 13 ਸਾਲਾਂ ਦੇ ਲੰਬੇ ਵਕਫ਼ੇ ਬਾਅਦ ਜਨਰਲ ਬਾਡੀ ਮੀਟਿੰਗ ਦਾ ਆਯੋਜਨ ਬੈਂਕ ਲਈ ਇੱਕ ਮਹੱਤਵਪੂਰਨ ਪ੍ਰਾਪਤੀ ਹੈ।

# ਚੋਣ ਕਮਿਸ਼ਨ ਨੇ ਵੋਟਰ ਸੂਚੀ ਦੀ ਵੈਰੀਫਿਕੇਸ਼ਨ ਲਈ 'ਬੁੱਕ-ਏ-ਕਾਲ ਵਿਦ ਬੀ ਐੱਲ ਓ' ਸਹੂਲਤ ਸ਼ੁਰੂ ਕੀਤੀ

**ਲਖਨਊ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੋਣ ਕਮਿਸ਼ਨ (539) ਨੇ ਉੱਤਰ ਪ੍ਰਦੇਸ਼ ਵਿੱਚ ਵੋਟਰ ਸੂਚੀਆਂ ਦੀ ਚੱਲ ਰਹੇ ਐੱਸਆਈਆਰ ਦੌਰਾਨ ਵੋਟਰ ਸੇਵਾਵਾਂ ਨੂੰ ਵਧੇਰੇ ਸੁਖਾਲਾ ਬਣਾਉਣ ਲਈ ਬੁੱਕ-ਏ-ਕਾਲ ਵਿਦ ਬੀ.ਐਲ.ਓ. ਸਹੂਲਤ ਸ਼ੁਰੂ ਕੀਤੀ ਹੈ, ਜਦੋਂ ਕਿ ਦਾਅਵੇ ਅਤੇ ਇਤਰਾਜ਼ ਦਰਜ ਕਰਨ ਦੀ ਮਿਆਦ 6 ਫਰਵਰੀ 2026 ਤੱਕ ਖੁੱਲ੍ਹੀ ਰਹੇਗੀ।

ਇੱਕ ਅਧਿਕਾਰਤ ਬਿਆਨ ਅਨੁਸਾਰ ਵੋਟਰ ਹੁਣ ਵੋਟਰ ਸੂਚੀ ਵਿੱਚ ਵੇਰਵਿਆਂ ਨੂੰ ਸ਼ਾਮਲ ਕਰਨ, ਹਟਾਉਣ ਜਾਂ ਸੋਧਣ ਨਾਲ ਸਬੰਧਤ ਜਾਣਕਾਰੀ ਜਾਂ ਸਹਾਇਤਾ ਲੈਣ ਲਈ ਆਪਣੇ ਸਬੰਧਤ ਬੂਥ ਲੈਵਲ ਅਫ਼ਸਰ (ਬੀ.ਐਲ.ਓ.) ਨਾਲ ਫ਼ੋਨ ਕਾਲ ਬੁੱਕ ਕਰ ਸਕਦੇ ਹਨ ਅਤੇ ਇਹ ਸੇਵਾ ਈ.ਸੀ.ਆਈ. ਪੋਰਟਲ voters.eci.gov.in ਅਤੇ 539©5" ਮੋਬਾਈਲ ਐਪਲੀਕੇਸ਼ਨ ਰਾਹੀਂ ਉਪਲਬਧ ਹੈ, ਜਿੱਥੇ ਰਜਿਸਟਰਡ ਮੋਬਾਈਲ ਨੰਬਰ ਜਾਂ ਓ ਟੀ ਪੀ ਰਾਹੀਂ ਸਾਈਨ-ਅੱਪ ਕਰਨ ਤੋਂ ਬਾਅਦ ਵੋਟਰ ਆਪਣੇ EPIC ਜਾਂ ਰੈਫਰੈਂਸ ਨੰਬਰ, ਜਾਂ ਰਾਜ, ਜ਼ਿਲ੍ਹਾ, ਵਿਧਾਨ ਸਭਾ ਹਲਕਾ ਅਤੇ ਬੂਥ ਨੰਬਰ ਵਰਗੇ ਵੇਰਵੇ ਦੇ ਕੇ ਕਾਲ ਬੁੱਕ ਕਰ ਸਕਦੇ ਹਨ, ਜਿਸ ਤੋਂ ਬਾਅਦ ਸਬੰਧਤ ਬੀ.ਐਲ.ਓ. 48 ਘੰਟਿਆਂ ਦੇ ਅੰਦਰ ਵੋਟਰ ਨਾਲ ਸੰਪਰਕ ਕਰੇਗਾ।

ਉੱਤਰ ਪ੍ਰਦੇਸ਼ ਲਈ ਡਰਾਫਟ ਵੋਟਰ ਸੂਚੀ ਮੰਗਲਵਾਰ ਨੂੰ ਪ੍ਰਕਾਸ਼ਿਤ ਕੀਤੀ ਗਈ ਸੀ ਜਿਸ ਵਿੱਚ ਵਿਸ਼ੇਸ਼ ਗਹਿਨ ਨਜ਼ਰਸਾਨੀ ਤੋਂ ਬਾਅਦ 2.89 ਕਰੋੜ ਵੋਟਰਾਂ ਨੂੰ ਬਾਹਰ ਕੱਢਿਆ ਗਿਆ ਅਤੇ 12.55 ਕਰੋੜ ਵੋਟਰਾਂ ਨੂੰ ਬਰਕਰਾਰ ਰੱਖਿਆ ਗਿਆ ਹੈ, ਜਿਸ 'ਤੇ ਮੁੱਖ ਚੋਣ ਅਫ਼ਸਰ ਨਵਦੀਪ ਰਿਣਵਾ ਨੇ ਵੋਟਰਾਂ ਨੂੰ ਸਵਾਲਾਂ ਲਈ ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਹੈ।

# ਸੁਪਨਿਆਂ ਦੀ ਉਡਾਣ ਤੋਂ ਪਹਿਲਾਂ ਹੀ ਪਿਆ ਵਿਛੋੜਾ: ਪੁੱਤ ਨੂੰ ਜਹਾਜ਼ ਚੜ੍ਹਾਉਣ ਚੱਲੇ ਪਿਤਾ ਸਮੇਤ 4 ਦੀ ਸੜਕ ਹਾਦਸੇ 'ਚ ਮੌਤ

**ਹੁਸ਼ਿਆਰਪੁਰ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਸੂਹਾ-ਹੁਸ਼ਿਆਰਪੁਰ ਮਾਰਗ 'ਤੇ ਸ਼ਨਿੱਚਰਵਾਰ ਤੜਕਸਾਰ ਅੱਡਾ ਦੋਸੜਕਾ ਵਿਖੇ ਕਾਰ ਤੇ ਬੱਸ ਦਰਮਿਆਨ ਹੋਈ ਟੱਕਰ ਵਿੱਚ 4 ਕਾਰ ਸਵਾਰਾਂ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ। ਮੌਕੇ 'ਤੇ ਪੁੱਜੀ ਕਸਬਾ ਹਰਿਆਣਾ ਦੀ ਪੁਲੀਸ ਨੇ ਹਾਦਸਾਗ੍ਰਸਤ ਵਾਹਨ ਸੜਕ ਤੋਂ ਹਟਾ ਕੇ ਆਵਾਜਾਈ ਬਹਾਲ ਕਰਨ ਕਰਵਾਈ ਅਤੇ ਮ੍ਰਿਤਕਾਂ ਦੀਆਂ ਲਾਸ਼ਾਂ ਸਿਵਲ ਹਸਪਤਾਲ ਪਹੁੰਚਾਇਆ। ਜਾਣਕਾਰੀ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਕਸਬਾ ਦੌਲਤਪੁਰ ਦੇ ਪਿੰਡ ਚਲੇਟ ਦਾ ਵਸਨੀਕ ਸੁਖਵਿੰਦਰ ਸਿੰਘ ਆਪਣੇ ਵਿਦੇਸ਼ ਜਾ ਰਹੇ ਪੁੱਤਰ ਅੰਮ੍ਰਿਤ ਨੂੰ ਕਾਰ 'ਤੇ ਅੰਮ੍ਰਿਤਸਰ ਏਅਰਪੋਰਟ ਛੱਡਣ ਜਾ ਰਿਹਾ ਸੀ। ਉਨ੍ਹਾਂ ਨਾਲ 3 ਹੋਰ ਪਰਿਵਾਰਕ ਮੈਂਬਰ ਤੇ ਦੋਸਤ ਸ਼ਾਮਲ ਸਨ। ਇਸ ਦੌਰਾਨ ਜਦੋਂ ਇਹ ਕਰੀਬ 6 ਵਜੇ ਅੱਡਾ ਦੋਸੜਕਾ ਕੋਲ ਦਸੂਹਾ ਹੁਸ਼ਿਆਰਪੁਰ ਮਾਰਗ 'ਤੇ ਚੜ੍ਹਨ



ਲੱਗੇ ਤਾਂ ਸੰਘਣੀ ਧੁੰਦ ਹੋਣ ਕਾਰਨ ਦਸੂਹਾ ਤੋਂ ਹੁਸ਼ਿਆਰਪੁਰ ਨੂੰ ਜਾ ਰਹੀ ਪਠਾਨਕੋਟ ਡੀਪੂ ਦੀ ਪਨਬੱਸ ਨਾਲ ਕਾਰ ਦੀ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ ਅਤੇ ਸਵਾਰ ਸੁਖਵਿੰਦਰ ਸਿੰਘ (45) ਪੁੱਤਰ ਹਰਨਾਮ ਸਿੰਘ, ਸੁਸ਼ੀਲ ਕੁਮਾਰ (46) ਪੁੱਤਰ ਦੇਸਰਾਜ, ਬ੍ਰਿਜ ਕੁਮਾਰ (38) ਪੁੱਤਰ ਮਹਿੰਦਰ ਕੁਮਾਰ, ਅਰੁਣ ਕੁਮਾਰ (45) ਪੁੱਤਰ ਗੁਰਪਾਲ ਸਿੰਘ ਸਾਰੇ ਵਾਸੀ ਪਿੰਡ ਚਲੇਟ (ਦੌਲਤਪੁਰ, ਹਿਮਾਚਲ ਪ੍ਰਦੇਸ਼) ਦੀ ਮੌਤ ਹੋ ਗਈ ਜਦੋਂ ਕਿ ਅੰਮ੍ਰਿਤ ਕੁਮਾਰ ਗੰਭੀਰ ? ਜ਼ਖ਼ਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਹਰਿਆਣਾ ਦੇ ਐੱਸਐੱਚ ਓ ਕਿਰਨ ਸਿੰਘ ਪੁਲੀਸ ਪਾਰਟੀ ਸਮੇਤ ਪਹੁੰਚੇ ਅਤੇ ਜ਼ਖ਼ਮੀ ਅੰਮ੍ਰਿਤ ਕੁਮਾਰ ਅਤੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਪਹੁੰਚਾ ਕੇ ਆਵਾਜਾਈ ਬਹਾਲ ਕਰਵਾਈ ਹੈ। ਮੁਢਲੇ ਵੇਰਵਿਆਂ ਅਨੁਸਾਰ ਹਾਦਸੇ ਦਾ ਕਾਰਨ ਸੰਘਣੀ ਧੁੰਦ ਦਾ ਹੋਣ ਦੱਸਿਆ ਜਾ ਰਿਹਾ ਹੈ।

# ਆਵਾਰਾ ਕੁੱਤਿਆਂ ਨੇ ਘੇਰੇ ਰਾਹ; ਗਲੀਆਂ-ਮੁਹੱਲਿਆਂ ਵਿੱਚ ਪੈਰ-ਪੈਰ 'ਤੇ ਖ਼ਤਰਾ; ਮੁਆਵਜ਼ੇ ਦੀ ਸਹੂਲਤ ਪਰ ਪ੍ਰਕਿਰਿਆ ਲੰਮੀ

**ਚੰਡੀਗੜ੍ਹ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ 'ਚ ਕੁੱਤਿਆਂ ਦੇ ਵੱਢਣ ਦੀਆਂ ਘਟਨਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ। ਸਰਕਾਰੀ ਹਪਸਤਾਲਾਂ ਅਤੇ ਸਿਹਤ ਕੇਂਦਰਾਂ 'ਚ ਹਲਕਾਅ ਤੋਂ ਬਚਾਅ ਲਈ ਟੀਕਾਕਰਨ ਦੀ ਸਹੂਲਤ ਤਾਂ ਹੈ ਪਰ ਪੀੜਤਾਂ ਨੂੰ ਮੁਆਵਜ਼ਾ ਰਾਸ਼ੀ ਦੇਣ ਦੀ ਪ੍ਰਕਿਰਿਆ ਗੁੰਝਲਦਾਰ ਅਤੇ ਲੰਮੀ ਹੈ ਜਿਸ ਕਾਰਨ ਜ਼ਿਆਦਾਤਰ ਪੀੜਤ ਮੁਆਵਜ਼ੇ ਲਈ ਦਾਅਵਾ ਹੀ ਨਹੀਂ ਕਰਦੇ। ਜਾਗਰੂਕਤਾ ਦੀ ਘਾਟ ਵੀ ਇਸ ਦਾ ਇੱਕ ਕਾਰਨ ਹੈ। ਸ਼ਹਿਰਾਂ ਅਤੇ ਕਸਬਿਆਂ 'ਚ ਨਗਰ ਨਿਗਮ ਜਾਂ ਕਮੇਟੀਆਂ ਮੁਆਵਜ਼ਾ ਰਾਸ਼ੀ ਦੇਣ ਲਈ ਜ਼ਿੰਮੇਵਾਰ ਹਨ ਪਰ ਪਿੰਡਾਂ ਵਿੱਚ ਕੋਈ ਵਾਲੀ ਵਾਰਸ ਨਹੀਂ ਹੈ।



ਸੂਬੇ ਵਿੱਚ ਕੁੱਤਿਆਂ ਦੇ ਵੱਢਣ ਦੀਆਂ ਰੋਜ਼ਾਨਾ ਕਰੀਬ 900 ਘਟਨਾਵਾਂ ਵਾਪਰਦੀਆਂ ਹਨ। 2020 ਵਿੱਚ ਕੁੱਤਿਆਂ ਦੇ ਵੱਢਣ ਦੇ 1.1 ਲੱਖ ਮਾਮਲੇ ਸਾਹਮਣੇ ਆਏ ਸਨ ਜਦਕਿ ਅਕਤੂਬਰ 2025 ਵਿੱਚ ਇਹ ਅੰਕੜਾ ਵੱਧ ਕੇ 2.77 ਲੱਖ ਤੱਕ ਪੁੱਜ ਗਿਆ। ਅੰਮ੍ਰਿਤਸਰ 44,264 ਮਾਮਲਿਆਂ ਨਾਲ ਸਭ ਤੋਂ ਅੱਗੇ ਹੈ। ਲੁਧਿਆਣਾ 'ਚ 30,472, ਪਟਿਆਲਾ ਵਿੱਚ 19,974 ਅਤੇ ਬਠਿੰਡਾ ਵਿੱਚ 15,535 ਮਾਮਲੇ ਸਾਹਮਣੇ ਆਏ ਹਨ। ਹਾਲਾਂਕਿ 2024 ਵਿੱਚ 2.13 ਲੱਖ ਵਿਅਕਤੀਆਂ ਨੂੰ ਕੁੱਤਿਆਂ ਨੇ ਵੱਢਿਆ ਸੀ। ਰਾਜ ਦੇ ਬਾਕੀਆਂ ਜ਼ਿਲ੍ਹਿਆਂ ਦਾ ਵੀ ਇਹੋ ਹਾਲ ਹੈ।

ਇੱਕ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਦਿਆਂ ਆਖਿਆ ਕਿ 50 ਫੀਸਦੀ ਕੇਸ ਪਾਲਤੂ ਕੁੱਤਿਆਂ ਨਾਲ ਸਬੰਧਤ ਹਨ। ਸੂਬੇ ਵਿੱਚ ਪਿਛਲੇ ਸਾਲ ਹਲਕਾਅ ਨਾਲ ਅੱਠ ਮੌਤਾਂ ਵੀ ਹੋਈਆਂ। ਇਸ ਤੋਂ ਇਲਾਵਾ ਇਕੱਲੇ ਲੁਧਿਆਣਾ ਵਿੱਚ ਆਵਾਰਾ ਕੁੱਤਿਆਂ ਨੇ ਤਿੰਨ ਬੱਚਿਆਂ ਨੂੰ ਨੋਚ ਕੇ ਮਾਰ ਦਿੱਤਾ। ਲੋਕਾਂ ਦਾ ਮੰਨਣਾ ਹੈ ਕਿ ਕੁੱਤਿਆਂ ਦਾ ਨਸਬੰਦੀ ਪ੍ਰੋਗਰਾਮ ਕਾਰਗਰ ਢੰਗ ਨਾਲ ਲਾਗੂ ਨਹੀਂ ਹੋ ਰਿਹਾ। ਪਸ਼ੂ ਪਾਲਣ ਵਿਭਾਗ ਵੱਲੋਂ 2019 ਵਿੱਚ ਕੀਤੀ ਗਈ ਜਾਨਵਰਾਂ ਦੀ ਜਨਗਣਨਾ ਅਨੁਸਾਰ ਪੰਜਾਬ 'ਚ 2.90 ਲੱਖ ਆਵਾਰਾ ਕੁੱਤੇ ਅਤੇ 3.32 ਲੱਖ ਪਾਲਤੂ ਕੁੱਤੇ ਹਨ। ਇੱਕ ਰਿਪੋਰਟ ਅਨੁਸਾਰ 2025 ਦੀ ਪਸ਼ੂਧਨ ਜਨਗਣਨਾ ਵਿੱਚ ਆਵਾਰਾ ਕੁੱਤਿਆਂ ਦੀ ਗਿਣਤੀ 5 ਫੀਸਦੀ ਵਧਣ ਦਾ ਅੰਦਾਜ਼ਾ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀਆਂ ਸੂਬਾ ਸਰਕਾਰ ਨੂੰ ਹਦਾਇਤਾਂ ਹਨ ਕਿ ਕੁੱਤੇ ਦੇ ਵੱਢਣ 'ਤੇ ਪ੍ਰਤੀ ਜ਼ਖ਼ਮ ਘੱਟੋ-ਘੱਟ 10 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ। ਜੇਕਰ ਜ਼ਖ਼ਮ 0.2 ਸੈਂਟੀਮੀਟਰ ਹੈ ਤਾਂ ਫਿਰ ਪ੍ਰਤੀ ਜ਼ਖ਼ਮ 20 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ। ਮੁਆਵਜ਼ਾ ਰਾਸ਼ੀ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟ੍ਰੇਟ ਦੀ ਅਗਵਾਈ ਵਾਲੀ ਕਮੇਟੀ ਤੈਅ ਕਰਦੀ ਹੈ।

ਇਸ ਲਈ ਪੀੜਤ ਨੂੰ ਸਾਰੇ ਪੱਖਾਂ ਤੋਂ ਮੁਕੰਮਲ ਅਰਜ਼ੀ ਡਿਪਟੀ ਕਮਿਸ਼ਨਰ ਦਫ਼ਤਰ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ ਜਿਸ ਵਿੱਚ ਮੈਡੀਕਲ ਰਿਪੋਰਟਾਂ, ਜ਼ਖ਼ਮ ਦੀਆਂ ਤਸਵੀਰਾਂ, ਐੱਫ ਆਈ ਆਰ ਜਾਂ ਡੀ ਡੀ ਆਰ ਦੀ ਕਾਪੀ, ਬੈਂਕ ਖਾਤਾ ਅਤੇ ਆਧਾਰ ਕਾਰਡ ਦੀ ਕਾਪੀ ਸ਼ਾਮਲ ਹਨ।

# ਕਲਾਸਰੂਮਾਂ ਤੋਂ ਨਸ਼ਿਆਂ ਵਿਰੁੱਧ ਕਾਰਵਾਈ ਦੀ ਸ਼ੁਰੂਆਤ ਨਾਲ ਪੰਜਾਬ ਹੋਰਨਾਂ ਸੂਬਿਆਂ ਲਈ ਮਿਸਾਲ ਬਣਿਆ

**ਚੰਡੀਗੜ੍ਹ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜਿਹੇ ਸਮੇਂ ਜਦੋਂ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਨਸ਼ਿਆਂ ਦੇ ਸੰਕਟ 'ਤੇ ਚਰਚਾ ਹੋ ਰਹੀ ਹੈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇੱਕ ਹੋਰ ਦਲੇਰਾਨਾ ਅਤੇ ਅਗਾਂਹਵਧੂ ਫ਼ੈਸਲਾ ਲਿਆ ਹੈ। ਨਸ਼ਿਆਂ ਦੀ ਲਾਹਣਤ ਨੂੰ ਜੜ੍ਹੋਂ ਪੁੱਟਣ ਲਈ, ਸੂਬਾ ਸਰਕਾਰ ਵੱਲੋਂ ਸਕੂਲ ਪੱਧਰ 'ਤੇ ਰੋਜ਼ਾਨਾ ਨੌਜਵਾਨ ਵਿਦਿਆਰਥੀਆਂ ਦੇ ਮਨਾਂ ਨੂੰ ਸਸ਼ਕਤ ਬਣਾ ਕੇ ਉਨ੍ਹਾਂ ਨੂੰ ਇਸ ਕੋਹੜ ਤੋਂ ਦੂਰ ਰੱਖਿਆ ਜਾ ਰਿਹਾ ਹੈ ਕਿਉਂਕਿ ਨਸ਼ੇ ਨੂੰ ਅਸਲ ਵਿੱਚ ਇਸੇ ਪੱਧਰ 'ਤੇ ਹੀ ਠੱਲ੍ਹ ਪਾਈ ਜਾ ਸਕਦੀ ਹੈ। ਪੰਜਾਬ ਸਰਕਾਰ ਦੀ ਪ੍ਰਮੁੱਖ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਹਿੱਸੇ ਵਜੋਂ ਵੱਡੇ ਪੱਧਰ 'ਤੇ ਯੋਜਨਾਬੱਧ ਸਮਰੱਥਾ-ਨਿਰਮਾਣ ਪ੍ਰੋਗਰਾਮ ਸਕੂਲ ਪੱਧਰ 'ਤੇ ਮਾਨਸਿਕ ਸਿਹਤ ਚੁਣੌਤੀਆਂ ਅਤੇ ਨਸ਼ਿਆਂ ਦੀ ਵਰਤੋਂ ਸਬੰਧੀ ਜੋਖਮਾਂ ਬਾਰੇ ਨੌਜਵਾਨ ਮਨਾਂ ਨੂੰ ਸਕਰਾਤਮਕਤਾ ਵੱਲ ਤਬਦੀਲ ਕਰ ਰਿਹਾ ਹੈ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਸਕੂਲ ਸਿੱਖਿਆ ਵਿਭਾਗ ਅਤੇ ਡਾ. ਬੀ. ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏ.ਆਈ.ਐਮ.ਐਸ.), ਮੋਹਾਲੀ ਰਾਹੀਂ, ਭਗਵੰਤ ਸਿੰਘ ਮਾਨ ਸਰਕਾਰ ਨੇ ਰਾਜ ਭਰ ਦੇ ਸਕੂਲਾਂ ਦੇ ਮੁਖੀਆਂ ਲਈ ਢਾਂਚਾਗਤ ਸਿਖਲਾਈ ਅਤੇ ਜਾਗਰੂਕਤਾ ਵਰਕਸ਼ਾਪਾਂ ਸ਼ੁਰੂ ਕੀਤੀਆਂ ਹਨ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਨਸ਼ੇ ਦੀ ਰੋਕਥਾਮ ਇਸ ਦੀ ਲੱਤ ਲੱਗਣ ਤੋਂ ਬਹੁਤ ਪਹਿਲਾਂ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ।

ਇਹ ਪਹਿਲ ਇਸ ਸਮਝ 'ਤੇ ਅਧਾਰਤ ਹੈ ਕਿ ਮਾਨਸਿਕ ਸਿਹਤ ਕੋਈ ਬਾਹਰੀ ਮੁੱਦਾ ਨਹੀਂ ਹੈ ਬਲਕਿ ਬੱਚੇ ਦੇ ਭਾਵਨਾਤਮਕ, ਅਕਾਦਮਿਕ ਅਤੇ ਸਮਾਜਿਕ ਵਿਕਾਸ ਦੀ ਨੀਂਹ ਹੈ। ਹੁਣ ਤੱਕ ਦੇ ਪ੍ਰਮਾਣਾਂ ਤੋਂ ਪਤਾ ਲੱਗਦਾ ਹੈ ਕਿ ਮਾਨਸਿਕ ਸਿਹਤ ਸਬੰਧੀ ਲਗਭਗ ਅੱਧੀਆਂ ਸਮੱਸਿਆਵਾਂ 14 ਸਾਲ ਦੀ ਉਮਰ ਤੋਂ ਪਹਿਲਾਂ ਉਭਰਨ ਲੱਗ ਪੈਂਦੀਆਂ ਹਨ, ਪੰਜਾਬ ਸਰਕਾਰ ਨੇ ਸਕੂਲਾਂ ਨੂੰ ਸਭ ਤੋਂ ਅਹਿਮ ਸ਼ੁਰੂਆਤੀ ਚੇਤਾਵਨੀ ਪ੍ਰਣਾਲੀ ਵਜੋਂ ਸਵੀਕਾਰ ਕੀਤਾ ਹੈ। ਸੂਬੇ ਭਰ ਦੇ ਨੌਜਵਾਨਾਂ ਵਿੱਚ ਚਿੰਤਾ, ਅਕਾਦਮਿਕ ਦਬਾਅ, ਗੁੱਸਾ, ਦੂਜੇ ਵੱਲੋਂ ਤੰਗ-ਪਰੇਸ਼ਾਨ ਕਰਨ ਅਤੇ ਘੱਟ ਉਮਰ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਵਰਗੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਇਹਨਾਂ ਸੰਕੇਤਾਂ ਨੂੰ ਨਜ਼ਰਅੰਦਾਜ਼ ਕਰਨ ਦੀ ਬਜਾਏ, ਮਾਨ ਸਰਕਾਰ ਨੇ ਦੇਰੀ ਦੀ ਪ੍ਰਤੀਕ੍ਰਿਆ ਦੀ ਥਾਂ ਸ਼ੁਰੂਆਤੀ ਦਖਲ ਨੂੰ ਤਰਜ਼ੀਹ ਦਿੱਤੀ ਹੈ। ਇਹ ਪ੍ਰੋਗਰਾਮ ਸਕੂਲ ਪ੍ਰਿੰਸੀਪਲਾਂ ਨੂੰ ਇਸ ਬਦਲਾਅ ਦੇ ਕੇਂਦਰ ਵਿੱਚ ਰੱਖਦਾ ਹੈ। ਸਕੂਲਾਂ ਦੇ ਮੁਖੀ ਸੰਸਥਾਗਤ ਸੱਭਿਆਚਾਰ ਨੂੰ ਆਕਾਰ ਦਿੰਦੇ ਹਨ, ਅਧਿਆਪਕਾਂ ਦਾ ਮਾਰਗਦਰਸ਼ਨ ਕਰਦੇ ਹਨ ਅਤੇ ਜਦੋਂ ਵਿਦਿਆਰਥੀਆਂ ਵਿੱਚ ਨਿਰਾਸ਼ਾ ਦੇ ਲੱਛਣ ਦਿਖਾਈ ਦਿੰਦੇ ਹਨ ਤਾਂ ਸਭ ਤੋਂ ਪਹਿਲਾਂ ਪ੍ਰਤੀਕਿਰਿਆ ਕਰਦੇ ਹਨ। ਫਿਰ ਵੀ ਪਿਛਲੇ ਕਈ ਦਹਾਕਿਆਂ ਤੋਂ ਭਾਰਤ ਭਰ ਵਿੱਚ ਸਕੂਲ ਲੀਡਰਸ਼ਿਪ ਮਾਨਸਿਕ ਸਿਹਤ ਢਾਂਚੇ ਜਾਂ ਨਸ਼ਿਆਂ ਦੀ ਵਰਤੋਂ ਸਬੰਧੀ ਰੋਕਥਾਮ ਰਣਨੀਤੀਆਂ ਬਾਰੇ ਸੀਮਤ ਜਾਣਕਾਰੀ ਨਾਲ ਕੰਮ ਕਰ ਰਹੀ ਹੈ। ਪੰਜਾਬ ਇਸ ਪਾੜੇ ਨੂੰ ਨਿਰਣਾਇਕ ਢੰਗ ਨਾਲ ਲਾਗੂ ਕਰ ਰਿਹਾ ਹੈ। ਨਸ਼ਿਆਂ ਦੀ ਵਰਤੋਂ ਨੂੰ ਰੋਕਣ, ਰੈਫਰਲ ਮਾਰਗ ਅਪਣਾਉਣ ਅਤੇ ਸਿਹਤਮੰਦ ਮਾਹੌਲ ਸਿਰਜਣ ਲਈ ਪ੍ਰਿੰਸੀਪਲਾਂ ਨੂੰ ਵਿਹਾਰਕ ਸਾਧਨਾਂ ਨਾਲ ਲੈਸ ਕਰਕੇ, ਸੂਬਾ ਸਰਕਾਰ ਸਕੂਲਾਂ ਨੂੰ ਮੂਕ ਦਰਸ਼ਕ ਬਣਨ ਦੀ ਬਜਾਏ ਸਹਾਇਤਾ ਪ੍ਰਦਾਨ ਕਰਨ ਵਾਲੇ ਸੁਰੱਖਿਅਤ ਸਥਾਨਾਂ ਵਿੱਚ ਤਬਦੀਲ ਕਰ ਰਹੀ ਹੈ।

ਇਹ ਵਿਸ਼ੇਸ ਪਹਿਲ ਸੂਬਾ ਸਰਕਾਰ ਦੇ ਗੰਭੀਰ ਯਤਨਾਂ ਨੂੰ ਉਜਾਗਰ ਕਰਦੀ ਹੈ। ਯੁੱਧ ਨਸ਼ਿਆਂ ਵਿਰੁੱਧ ਦੇ ਦੂਜੇ ਪੜਾਅ ਵਿੱਚ 6,000 ਤੋਂ ਵੱਧ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਸਿਖਲਾਈ ਦਿੱਤੀ ਜਾਵੇਗੀ, ਜਿਸ ਵਿੱਚ ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਦੇ ਲਗਭਗ 4,000 ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਪਹਿਲੇ ਪੜਾਅ ਵਿੱਚ 7 ਤੋਂ 9 ਜਨਵਰੀ, 2026 ਦਰਮਿਆਨ ਕਰਵਾਈਆਂ ਗਈਆਂ ਵਰਕਸ਼ਾਪਾਂ ਵਿੱਚ 9 ਜ਼ਿਲ੍ਹਿਆਂ ਦੇ 1,463 ਸਕੂਲ ਮੁਖੀ ਸ਼ਾਮਲ ਹੋਏ, ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਸਰਹੱਦੀ ਜ਼ਿਲ੍ਹਿਆਂ 'ਤੇ ਧਿਆਨ ਦਿੱਤਾ ਗਿਆ ਜੋ ਨਸ਼ਿਆਂ ਵਿਰੁੱਧ ਸਾਡੀ ਜੰਗ ਲਈ ਮੋਹਰੀ ਕਤਾਰ ਵਿੱਚ ਖੜ੍ਹੇ ਹਨ। ਇਹ ਸੈਸ਼ਨ ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼, ਮੋਹਾਲੀ ਦੁਆਰਾ ਕਰਵਾਇਆ ਗਿਆ। ਵਰਕਸ਼ਾਪਾਂ ਦਾ ਸੰਚਾਲਨ ਕਰਨ ਵਾਲੇ ਮਾਹਰਾਂ ਨੂੰ ਸਿਖਲਾਈ ਟੀ.ਆਈ.ਐਸ.ਐਸ., ਮੁੰਬਈ ਦੇ ਇੱਕ ਫੀਲਡ-ਐਕਸ਼ਨ ਪ੍ਰੋਜੈਕਟ, ਸਕੂਲ ਇਨੀਸ਼ੀਏਟਿਵ ਫਾਰ ਮੈਂਟਲ ਹੈਲਥ ਐਡਵੋਕੇਸੀ ਦੇ ਮਾਹਿਰਾਂ ਦੁਆਰਾ ਇੱਕ ਢਾਂਚਾਗਤ ਸਿਖਲਾਈ ਪ੍ਰੋਗਰਾਮ ਦੁਆਰਾ ਦਿੱਤੀ ਗਈ ਸੀ।

ਜ਼ਿਕਰਯੋਗ ਹੈ ਕਿ ਇਹ ਪਹਿਲ ਸਿਰਫ਼ ਕਾਗਜ਼ੀ ਜਾਂ ਦਿਖਾਵੇ ਵਾਲੀ ਨਹੀਂ ਸਗੋਂ ਇਹ ਪੰਜਾਬ ਦੀ ਟੈਕਨੀਕਲ ਬੈਕਬੋਨ ਡਾਟਾ ਇੰਟੈਲੀਜੈਂਸ ਅਤੇ ਤਕਨੀਕੀ ਸਹਾਇਤਾ ਇਕਾਈ (ਡੀਆਈਟੀਐਸਯੂ, ਪੰਜਾਬ ਦੇ ਡੇਟਾ ਦੁਆਰਾ ਸਮਰਥਤ ਹੈ, ਜੋ ਨਸ਼ੀਲੇ ਪਦਾਰਥਾਂ ਸੇਵਨ ਵਿਰੁੱਧ ਇੱਕ ਵਿਆਪਕ ਕਾਰਵਾਈ ਦੀ ਅਗਵਾਈ ਕਰਦੀ ਹੈ ਅਤੇ ਇਸਨੂੰ ਨੈਸ਼ਨਲ ਐਕਸ਼ਨ ਪਲਾਨ ਫਾਰ ਡਰੱਗ ਡਿਮਾਂਡ ਰਿਡੱਕਸ਼ਨ (ਐਨਏਪੀਡੀਡੀਆਰ) ਤਹਿਤ ਸਕੂਲ ਸਿੱਖਿਆ ਵਿਭਾਗ ਦੁਆਰਾ ਨਿਯੁਕਤ ਜ਼ਿਲ੍ਹਾ ਨੋਡਲ ਅਧਿਕਾਰੀਆਂ ਦੀ ਨਿਗਰਾਨੀ ਅਤੇ ਤਾਲਮੇਲ ਨਾਲ ਚਲਾਇਆ ਜਾ ਰਿਹਾ ਹੈ। ਇਹ ਸੰਸਥਾਗਤ ਢਾਂਚਾ ਐਨ.ਏ.ਪੀ.ਡੀ. ਡੀ.ਆਰ. ਤਹਿਤ ਯਕੀਨੀ ਫੰਡਿੰਗ, ਸਪੱਸ਼ਟ ਜਵਾਬਦੇਹੀ ਅਤੇ ਜ਼ਿਲ੍ਹਾ-ਪੱਧਰੀ ਤਾਲਮੇਲ ਨੂੰ ਯਕੀਨੀ ਬਣਾਉਂਦਿਆਂ ਇਸ ਮੁਹਿੰਮ ਨੂੰ ਡੇਟਾ-ਸੰਚਾਲਿਤ, ਨਤੀਜਾ-ਮੁਖੀ ਅਤੇ ਠੋਸ ਪ੍ਰਭਾਵ ਵੱਲ ਸੇਧਿਤ ਕਰਦਾ ਹੈ। ਮੋਹਾਲੀ ਦੇ ਸਿਖਲਾਈ ਕੇਂਦਰ ਵਿਖੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਮੌਜੂਦਗੀ, ਇਸ ਦਿਸ਼ਾ ਵਿੱਚ ਸਰਕਾਰ ਦੀ ਗੰਭੀਰਤਾ ਨੂੰ ਦਰਸਾਉਂਦੀ ਹੈ। ਇਸ ਦੇ ਨਾਲ ਇਹ ਰਾਜਪ੍ਰਬੰਧ ਦੇ ਇੱਕ ਅਜਿਹੇ ਮਾਡਲ ਨੂੰ ਦਰਸਾਉਂਦਾ ਹੈ ਜੋ ਮਾਨਸਿਕ ਸਿਹਤ, ਸਿੱਖਿਆ ਅਤੇ ਨਸ਼ੀਲੇ ਪਦਾਰਥਾਂ ਦੀ ਰੋਕਥਾਮ ਵਰਗੀਆਂ ਚੁਣੌਤੀਆਂ, ਜਿਨ੍ਹਾਂ ਲਈ ਸਮੂਹਿਕ ਯਤਨਾਂ ਦੀ ਲੋੜ ਹੁੰਦੀ ਹੈ, ਨੂੰ ਆਪਸ ਵਿੱਚ ਜੋੜ ਕੇ ਦੇਖਦਾ ਹੈ।

# ਲੁਧਿਆਣਾ 'ਚ ਸ਼ੋਅਰੂਮ ਦੇ ਬਾਹਰ ਚਲਾਈਆਂ ਗੋਲੀਆਂ, ਗੈਂਗਸਟਰਾਂ ਦੇ ਨਾਮ ਦੀ ਪਰਚੀ ਸੁੱਟ ਕੇ ਫ਼ਰਾਰ




**ਲੁਧਿਆਣਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਅਤੇ ਇਸਦੇ ਆਸਪਾਸ ਦੇ ਇਲਾਕੇ ਵਿੱਚ ਫਾਇਰਿੰਗ ਦੀਆਂ ਘਟਨਾਵਾਂ ਵਾਪਰਨੀਆਂ ਆਮ ਗੱਲ ਹੁੰਦੀ ਜਾ ਰਹੀ ਹੈ। ਬੀਤੇ ਦੋ ਦਿਨ ਤੋਂ ਲਗਾਤਾਰ ਫਿਰੌਤੀ ਮੰਗਣ ਨੂੰ ਲੈ ਕੇ ਲੁਧਿਆਣਾ ਸ਼ਹਿਰ ਵਿੱਚ ਗੋਲੀਆਂ ਚੱਲਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਸੇ ਸਬੰਧਤ ਵਾਪਰੀ ਤਾਜ਼ਾ ਘਟਨਾ ਵਿੱਚ ਮੁੱਲਾਂਪੁਰ ਨੇੜੇ ਬੱਦੋਵਾਲ ਇਲਾਕੇ ਵਿੱਚ ਮੁਲਜ਼ਮਾਂ ਨੇ ਅੰਨ੍ਹੇਵਾਹ ਗੋਲੀਆਂ ਚਲੀਆਂ ਹਨ। ਮੋਟਰਸਾਈਕਲ ਸਵਾਰ ਦੋ ਅਣਪਛਾਤੇ ਹਮਲਾਵਰਾਂ ਨੇ ਰਾਇਲ ਲਿਮੋ ਨਾਮ ਦੇ ਕਾਰ ਸ਼ੋਅਰੂਮ ਦੇ ਅੱਗੇ ਗੋਲੀਆਂ ਚੱਲਾਈਆਂ ਤੇ ਜਿਸ ਕਾਰਨ ਲਗਜ਼ਰੀ ਗੱਡੀਆਂ ਦੇ ਸ਼ੀਸ਼ੇ ਵੀ ਟੁੱਟ ਗਏ। ਹਾਲਾਂਕਿ ਘਟਨਾ ਵਿੱਚ ਕਿਸੇ ਦੇ ਜ਼ਖਮੀ ਹੋਣ ਤੋਂ ਬਚਾਅ ਰਿਹਾ। ਪਰ ਕਾਰਾਂ ਨੂੰ ਨੁਕਸਾਨ ਪੁੱਜਿਆ ਹੈ।

ਵੇਰਵਿਆਂ ਅਨੁਸਾਰ ਦੋਵੇਂ ਹਮਲਾਵਰ ਗੋਲੀਆਂ ਚਲਾਉਣ ਤੋਂ ਤੁਰੰਤ ਬਾਅਦ ਮੌਕੇ ਤੋਂ ਫਰਾਰ ਹੋ ਗਏ ਅਤੇ ਜਾਂਦੇ ਸਮੇਂ ਮੁਲਜ਼ਮ ਗੈਂਗਸਟਰ ਪਵਨ ਸ਼ੌਕੀਨ ਅਤੇ ਮੁਹੱਬਤ ਰੰਧਾਵਾ ਦੇ ਨਾਮ ਵਾਲੀਆਂ ਚਿੱਟੀਆਂ ਪਰਚੀਆਂ ਸੁੱਟ ਗਏ। ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਹੈ।

ਘਟਨਾ ਦੀ ਜਾਣਕਾਰੀ ਮਿਲਦੇ ਹੀ ਮੁੱਲਾਂਪੁਰ ਦਾਖਾ ਦੀ ਪੁਲੀਸ ਟੀਮਾਂ ਤੇ ਸੀਨੀਅਰ ਅਧਿਕਾਰੀ ਵੀ ਮੌਕੇ 'ਤੇ ਪੁੱਜੇ ਹਨ। ਅਧਿਕਾਰੀਆਂ ਵੱਲੋਂ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਜ਼ਬਤ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਬੱਦੋਵਾਲ ਨੇੜੇ ਰਾਇਲ ਲਿਮੋਜ਼ਿਨ ਸ਼ੋਅਰੂਮ ਕਾਰਾਂ ਨੂੰ ਕਿਰਾਏ 'ਤੇ ਦੇਣ ਦਾ ਕਾਰੋਬਾਰ ਹੈ, ਜਿਨ੍ਹਾਂ ਦੇ ਕੋਲ ਰੇਂਜ ਰੋਵਰ ਅਤੇ ਮਰਸੀਡੀਜ਼ ਵਰਗੀਆਂ ਲਗਜ਼ਰੀ ਕਾਰਾਂ ਹਨ। ਪੁਲੀਸ ਦਾ ਮੰਨਣਾ ਹੈ ਕਿ ਹਮਲਾਵਰਾਂ ਨੇ ਸ਼ੋਅਰੂਮ ਦੇ ਉੱਚ-ਮੁੱਲ ਵਾਲੀਆਂ ਗੱਡੀਆਂ ਨੂੰ ਦੇਖਦੇ ਹੋਏ ਇਹ ਧਮਕੀ ਦੇ ਤੌਰ 'ਤੇ ਗੋਲੀਆਂ ਚਲਾਈਆਂ ਹਨ।

ਗ਼ੌਰਤਲਬ ਹੈ ਕਿ ਲੁਧਿਆਣਾ-ਫਿਰੋਜ਼ਪੁਰ ਮੇਨ ਰੋਡ 'ਤੇ ਨਜ਼ਦੀਕ ਹੀ ਆਈਟੀਬੀਪੀ ਕੈਂਪ ਵੀ ਹੈ। ਪੁਲੀਸ ਦਾ ਕਹਿਣਾ ਹੈ ਕਿ ਉਹ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਹਮਲਾਵਰਾਂ ਦੀ ਪਛਾਣ ਕਰਨ ਵਿੱਚ ਲੱਗੇ ਹੋਏ ਹਨ।

# ਦਿੱਲੀ: ਸੀਜ਼ਨ ਦੀ ਸਭ ਤੋਂ ਠੰਢੀ ਸਵੇਰ ਨਾਲ ਠਰਿਆ ਸ਼ਹਿਰ, AQI 'ਬਹੁਤ ਖਰਾਬ'

**ਨਵੀਂ ਦਿੱਲੀ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਮੌਸਮ ਵਿਗਿਆਨ ਵਿਭਾਗ (9$4) ਅਨੁਸਾਰ ਦੇਸ਼ ਦੀ ਰਾਜਧਾਨੀ ਵਿੱਚ ਸ਼ਨਿਚਰਵਾਰ ਨੂੰ ਘੱਟੋ-ਘੱਟ ਤਾਪਮਾਨ 4.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਸੀਜ਼ਨ ਦੇ ਔਸਤ ਤਾਪਮਾਨ ਨਾਲੋਂ 2.7 ਡਿਗਰੀ ਘੱਟ ਸੀ। ਇਸ ਦੇ ਨਾਲ ਹੀ ਦਿੱਲੀ ਵਿੱਚ 2024 ਤੋਂ ਬਾਅਦ ਚੱਲ ਰਹੇ ਸਰਦੀਆਂ ਦੇ ਸੀਜ਼ਨ ਦੀ ਸਭ ਤੋਂ ਠੰਢੀ ਸਵੇਰ ਦਰਜ ਕੀਤੀ ਗਈ ਹੈ।

ਪਿਛਲੇ ਸਾਲਾਂ ਵਿੱਚ ਜਨਵਰੀ ਦਾ ਸਭ ਤੋਂ ਠੰਢਾ ਦਿਨ 15 ਜਨਵਰੀ 2024 ਨੂੰ ਦਰਜ ਕੀਤਾ ਗਿਆ ਸੀ, ਜਦੋਂ ਘੱਟੋ-ਘੱਟ ਤਾਪਮਾਨ 3.3 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ ਸੀ, ਜਿਸ ਨਾਲ ਪੂਰੀ ਰਾਜਧਾਨੀ ਵਿੱਚ ਸੀਤ ਲਹਿਰ ਦੇ ਹਾਲਾਤ ਬਣ ਗਏ ਸਨ। ਸਟੇਸ਼ਨਵਾਰ ਅੰਕੜਿਆਂ ਅਨੁਸਾਰ ਸਫਦਰਜੰਗ ਵਿੱਚ ਘੱਟੋ-ਘੱਟ ਤਾਪਮਾਨ 4.2 ਡਿਗਰੀ ਸੈਲਸੀਅਸ, ਪਾਲਮ ਵਿੱਚ 4.5 ਡਿਗਰੀ, ਲੋਧੀ ਰੋਡ ਵਿੱਚ 4.7 ਡਿਗਰੀ, ਰਿਜ ਸਟੇਸ਼ਨ ਵਿੱਚ 5.3 ਡਿਗਰੀ, ਜਦੋਂ ਕਿ



ਅਯਾਨਗਰ ਵਿੱਚ ਵੀ 4.5 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ, ਜੋ ਦਿੱਲੀ ਦੇ ਸਾਰੇ ਮੌਸਮ ਕੇਂਦਰਾਂ ਵਿੱਚ ਭਾਰੀ ਗਿਰਾਵਟ ਨੂੰ ਦਰਸਾਉਂਦਾ ਹੈ। ਅੱਜ ਦੀ ਰੀਡਿੰਗ ਤੋਂ ਪਹਿਲਾਂ ਸ਼ੁੱਕਰਵਾਰ ਸੀਜ਼ਨ ਦੀ ਦੂਜੀ ਸਭ ਤੋਂ ਠੰਢੀ ਸਵੇਰ ਸੀ, ਜਦੋਂ ਘੱਟੋ-ਘੱਟ ਤਾਪਮਾਨ 4.6 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ ਸੀ। ਆਈ.ਐਮ.ਡੀ. ਨੇ ਦਿਨ ਵੇਲੇ ਸੰਘਣੀ ਧੁੰਦ ਰਹਿਣ ਦੀ ਭਵਿੱਖਬਾਣੀ ਕੀਤੀ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ ਸ਼ਨਿਚਰਵਾਰ ਸਵੇਰੇ 9 ਵਜੇ ਹਵਾ ਦੀ ਗੁਣਵੱਤਾ 'ਬਹੁਤ ਖਰਾਬ' ਸ਼੍ਰੇਣੀ ਵਿੱਚ ਦਰਜ ਕੀਤੀ ਗਈ, ਜਿਸ ਦਾ ਏਅਰ ਕੁਆਲਿਟੀ ਇੰਡੈਕਸ 366 ਰਿਹਾ।

## ਸੰਪਾਦਕੀ

### 'ਫੋਕਟ' ਸਵਾਲਾਂ ਤੋਂ ਮੂੰਹ ਛੁਪਾਉਂਦੀ ਸਿਆਸਤ

ਪਿਛਲੇ ਕਈ ਵਰ੍ਹਿਆਂ ਤੋਂ ਸਾਡੇ ਦੇਸ਼ ਦੇ ਸਭ ਤੋਂ ਸਾਫ਼-ਸੁਥਰੇ ਅਤੇ ਸਵੱਛ ਸ਼ਹਿਰ ਦਾ ਐਵਾਰਡ ਮੱਧ ਪ੍ਰਦੇਸ਼ ਦਾ ਸ਼ਹਿਰ ਇੰਦੌਰ ਜਿੱਤ ਰਿਹਾ ਹੈ। ਸਾਲ 2016 'ਚ ਸ਼ੁਰੂ ਹੋਏ ਸਵੱਛ ਸਰਵੇਖਣ ਤਹਿਤ ਪਹਿਲੀ ਵਾਰ ਇਹ ਐਵਾਰਡ ਮੈਸੂਰ (ਕਰਨਾਟਕ) ?ਸ਼ਹਿਰ ਨੂੰ ਦਿੱਤਾ ਗਿਆ ਸੀ। ਉਸ ਤੋਂ ਬਾਅਦ 2017 ਤੋਂ ਲੈ ਕੇ 2025 ਤੱਕ ਇੰਦੌਰ ਹੀ ਮੋਹਰੀ ਰਹਿੰਦਾ ਆ ਰਿਹਾ ਹੈ।ਨਿਸ਼ਚੇ ਹੀ ਇਸ ਮੁਕਾਬਲੇ 'ਚ ਮੋਹਰੀ ਰਹਿਣ ਲਈ ਸਵੱਛਤਾ ਦੇ ਕਿਸੇ ਪੈਮਾਨੇ 'ਤੇ ਖ਼ਰਾ ਤਾਂ ਉਤਰਨਾ ਹੀ ਪੈਂਦਾ ਹੋਵੇਗਾ ? ਇਸ ਵਾਰੀ ਵੀ ਇਹ ਇਸ ਪੈਮਾਨੇ 'ਤੇ ਖ਼ਰਾ ਤਾਂ ਉਤਰਿਆ ਹੀ ਹੋਵੇਗਾ, ਪਰ ਸਾਲ 2025 ਦੇ ਅਖ਼ੀਰ ਵਿੱਚ ਇਸ ਸਵੱਛ ਸ਼ਹਿਰ ਬਾਰੇ ਭੰਬਲਭੂਸੇ 'ਚ ਪਾ ਦੇਣ ਵਾਲੀ ਖ਼ਬਰ ਆਈ ਕਿ ਸ਼ਹਿਰ ਦੇ ਭਾਗੀਰਥਪੁਰਾ ਇਲਾਕੇ ਵਿੱਚ ਗੰਦੇ ਅਤੇ ਪ੍ਰਦੂਸ਼ਿਤ ਪਾਣੀ ਕਾਰਨ ਹੁਣ ਤੱਕ 10 ਮੌਤਾਂ ਹੋ ਚੁੱਕੀਆਂ ਹਨ ਅਤੇ ਇਹ ਗਿਣਤੀ ਵਧਣ ਦਾ ਖ਼ਦਸ਼ਾ ਹੈ। ਉੱਤਰੀ ਭਾਰਤ ਦੇ ਸ਼ਹਿਰਾਂ ਵਿੱਚ ਹਵਾ ਗੁਣਵੱਤਾ ਤਾਂ ਪਹਿਲਾਂ ਹੀ ਖ਼ਰਾਬ ਹੈ ਜੋ ਮਨੁੱਖੀ ਸਿਹਤ ਲਈ ਲਗਾਤਾਰ ਹਾਨੀਕਾਰਕ ਸਾਬਿਤ ਹੋ ਰਹੀ ਹੈ ਤੇ ਗੱਲ ਹੁਣ ਪੀਣ ਵਾਲੇ ਪਾਣੀ ਤੱਕ ਵੀ ਪਹੁੰਚ ਗਈ ਹੈ। ਦੁਖਾਂਤ ਦੀ ਇੰਤਹਾ ਦੇਖੋ ਕਿ ਗੰਦੇ ਪਾਣੀ ਕਾਰਨ ਜਾਨ ਗੁਆਉਣ ਵਾਲੇ ਵਿਅਕਤੀਆਂ ਵਿੱਚ ਛੇ ਮਹੀਨਿਆਂ ਦਾ ਇੱਕ ਮਾਸੂਮ ਬੱਚਾ ਵੀ ਸ਼ਾਮਲ ਹੈ। ਦੁਖਾਂਤ ਤਾਂ ਕੁੱਲ ਦੁਨੀਆ 'ਚ ਵਾਪਰਦੇ ਹਨ ਅਤੇ ਵਾਪਰਦੇ ਰਹਿਣਗੇ, ਪਰ ਜਦੋਂ ਕੋਈ ਦੁਖਾਂਤ ਪੀਣ ਵਾਲੇ ਪਾਣੀ ਕਾਰਨ ਵਾਪਰੇ ਤਾਂ ਇਹ ਸਹਿਣਯੋਗ ਨਹੀਂ ਹੁੰਦਾ। ਦੁਖਾਂਤ ਵਾਪਰਨਾ ਵੱਖਰੀ ਗੱਲ ਹੈ, ਪਰ ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਵਿਅਕਤੀ ਜਦੋਂ ਇਨਸਾਨੀ ਜ਼ਿੰਦਗੀਆਂ ਜਾਣ ਬਾਰੇ ਸਵਾਲਾਂ ਨੂੰ 'ਫੋਕਟ' ਦੱਸਣ ਲੱਗ ਜਾਣ ਤਾਂ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ 'ਚ ਪੀੜਤ ਕਿਸ ਦੇ ਗਲ਼ ਲੱਗ ਕੇ ਰੋਣ ? ਇਹ ਦੁਖਾਂਤ ਵਾਪਰਨ ਮਗਰੋਂ ਇੱਕ ਟੀ ਵੀ ਚੈਨਲ ਦੇ ਸੀਨੀਅਰ ਪੱਤਰਕਾਰ ਅਨੁਰਾਗ ਦਵਾਰੀ ਵੱਲੋਂ ਮੱਧ ਪ੍ਰਦੇਸ਼ ਦੇ ਮੰਤਰੀ ਕੈਲਾਸ਼ ਵਿਜੈਵਰਗੀਯ ਤੋਂ ਪੁੱਛੇ ਗਏ ਸਵਾਲ ਬਿਲਕੁਲ ਵਾਜਬ ਸਨ ਜੋ ਇੱਕ ਪੱਤਰਕਾਰ ਵਜੋਂ ਪੁੱਛਣਾ ਉਸ ਦਾ ਹੱਕ ਅਤੇ ਵੱਡੀ ਜ਼ਿੰਮੇਵਾਰੀ ਹੈ। ਸੱਤਾ ਨੂੰ ਲੋਕਾਂ ਪ੍ਰਤੀ ਜਵਾਬਦੇਹ ਹੋਣ ਦੀ ਜ਼ਿੰਮੇਵਾਰੀ ਪੱਤਰਕਾਰਾਂ ਵੱਲੋਂ ਹੀ ਵਾਰ-ਵਾਰ ਯਾਦ ਕਰਵਾਈ ਜਾਂਦੀ ਹੈ। ਉਨ੍ਹਾਂ ਦਾ ਕੰਮ ਸੱਤਾ ਦਾ ਗੁਣਗਾਨ ਕਰਨਾ ਨਹੀਂ ਹੁੰਦਾ।ਇੰਦੌਰ ਦੇ ਦੁਖਾਂਤ ਬਾਰੇ ਮੰਤਰੀ ਵਿਜੈਵਰਗੀਯ ਨੇ ਇਸ ਪੱਤਰਕਾਰ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਜਿਸ ਢੰਗ ਨਾਲ ਦਿੱਤਾ, ਉਸ ਤੋਂ ਤੁਸੀਂ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹੋ ਕਿ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਇਸ ਮੁਕਾਮ ਤੱਕ ਪਹੁੰਚਾਇਆ, ਸੱਤਾ ਦੇ ਸਿੰਘਾਸਨ 'ਤੇ ਬਿਠਾਇਆ, ਕੀ ਉਨ੍ਹਾਂ ਲੋਕਾਂ ਦੀ ਜਾਨ ਦੀ ਕੀਮਤ ਇਨ੍ਹਾਂ ਦੀਆਂ ਨਜ਼ਰਾਂ ਵਿੱਚ ਕੁਝ ਵੀ ਨਹੀਂ ? ਪੱਤਰਕਾਰ ਅਨੁਰਾਗ ਦਵਾਰੀ ਵੱਲੋਂ ਪੁੱਛੇ ਗਏ ਸਵਾਲ ਅਤੇ ਮੰਤਰੀ ਦੇ ਜਵਾਬ ਅਸੀਂ ਹੇਠਾਂ ਪਾਠਕਾਂ ਲਈ ਪੇਸ਼ ਕਰ ਰਹੇ ਹਾਂ ਤਾਂ ਜੋ ਇਸ ਮੁੱਦੇ 'ਤੇ ਹੁਕਮਰਾਨਾਂ ਦੀ 'ਸੰਵੇਦਨਸ਼ੀਲਤਾ' ਤੋਂ ਤੁਸੀਂ ਸਾਰੇ ਜਾਣੂੰ ਹੋ ਸਕੋ। ਸਵਾਲਾਂ-ਜਵਾਬਾਂ ਵਾਲੀ ਇਹ ਵੀਡੀਓ ਪੱਤਰਕਾਰ ਨੇ ਖ਼ੁਦ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਜਾਰੀ ਕੀਤੀ ਹੈ। ਪੱਤਰਕਾਰ ਨੇ ਬੜੇ ਸੰਜਮ ਨਾਲ ਮੰਤਰੀ ਕੈਲਾਸ਼ ਵਿਜੈਵਰਗੀਯ ਨੂੰ ਪੁੱਛਿਆ, "ਬਹੁਤ ਸਾਰੇ ਲੋਗੋਂ ਕੋ ਰਿਫੰਡ ਕੀ ਜੋ ਬਾਤ ਕਹੀ ਗਈ ਥੀ, ਵੋਹ ਅਭੀ ਤਕ ਨਹੀਂ ਮਿਲਾ ਹੈ ਕੈਲਾਸ਼ ਜੀ ਔਰ ਪੀਨੇ ਕੇ ਪਾਨੀ ਕੀ ਭੀ ਠੀਕ ਸੇ ਵਿਵਸਥਾ ਨਹੀਂ ?" ਇੱਥੇ ਧਿਆਨ ਦੇਣ ਵਾਲੀ ਗੱਲ ਹੈ ਕਿ ਪੱਤਰਕਾਰ ਨੇ ਮੰਤਰੀ ਨੂੰ ਬਾਕਾਇਦਾ 'ਕੈਲਾਸ਼ ਜੀ' ਕਹਿ ਕੇ ਸਤਿਕਾਰ ਨਾਲ ਸਵਾਲ ਪੁੱਛਿਆ। ਇਹ ਸਵਾਲ ਪੁੱਛਣਾ ਉਸ ਦਾ ਪੱਤਰਕਾਰ ਵਜੋਂ ਧਰਮ ਅਤੇ ਬੁਨਿਆਦੀ ਜ਼ਿੰਮੇਵਾਰੀ ਹੈ, ਪਰ ਮੰਤਰੀ ਦਾ ਰਵੱਈਆ ਇਸ ਸਵਾਲ ਪ੍ਰਤੀ ਬੇਪ੍ਰਵਾਹੀ ਵਾਲਾ ਅਤੇ ਹਿਕਾਰਤ ਭਰਿਆ ਹੈ ਤੇ ਉਸ ਨੂੰ ਲੱਗਦਾ ਹੈ ਕਿ ਉਹ ਸਵਾਲ ਉਸ ਨੂੰ ਪੁੱਛਿਆ ਵੀ ਕਿਉਂ ਤੇ ਕਿਵੇਂ ਗਿਆ। ਇਹ ਸਵਾਲ ਪੁੱਛੇ ਜਾਣ 'ਤੇ ਉਸ ਦਾ ਫ਼ੌਰੀ ਜਵਾਬ ਸੀ, "ਛੋੜੋ ਯਾਰ, ਤੁਮ ਫੋਕਟ ਪ੍ਰਸ਼ਨ ਮਤ ਪੂਛਾ ਕਰੋ।" ਦਸ ਮੌਤਾਂ, ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮਾਲੀ ਮਦਦ ਅਤੇ ਲੋਕਾਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣ ਬਾਰੇ ਸਵਾਲ ਅੱਜ ਦੀ ਸਿਆਸਤ ਲਈ 'ਫੋਕਟ' ਹੋ ਗਏ ਹਨ। ਭਾਰਤ ਮਾਤਾ ਦੀ ਪੂਜਾ ਕਰਨ ਅਤੇ ਉਸ ਤੋਂ ਆਪਣੀ ਜਾਨ ਕੁਰਬਾਨ ਕਰਨ ਲਈ ਹਰ ਵੇਲੇ ਤਿਆਰ ਰਹਿਣ ਦੇ ਦਮਗਜ਼ੇ ਮਾਰਨ ਵਾਲਿਆਂ ਲਈ ਭਾਰਤ ਮਾਤਾ ਦੇ ਧੀਆਂ-ਪੁੱਤਰਾਂ ਦੀ ਜਾਨ ਸੱਚਮੁੱਚ 'ਫੋਕਟ' ਹੋ ਗਈ ਜਾਪਦੀ ਹੈ। ਪੱਤਰਕਾਰ ਨੇ ਜਦੋਂ ਆਪਣੀ ਗੱਲ 'ਤੇ ਜ਼ੋਰ ਦੇ ਕੇ ਮੰਤਰੀ ਦੀ ਗੱਲ ਕੱਟਦਿਆਂ ਕਿਹਾ, "ਫੋਕਟ ਨਹੀਂ, ਮੈਂ ਵਹਾਂ ਖ਼ੁਦ ਹੋਕਰ ਆਇਆ ਹੂੰ।" ਇਸ 'ਤੇ ਮੰਤਰੀ ਪੱਤਰਕਾਰ ਨੂੰ ਪੈ ਨਿਕਲਿਆ, "ਕਯਾ ਘੰਟਾ ਹੋਕਰ ਆਏ ਹੋ ਤੁਮ!" ਅੱਜ ਬਹੁਗਿਣਤੀ ਮੀਡੀਆ ਅਦਾਰਿਆਂ ਨੇ ਸੱਤਾਧਾਰੀਆਂ ਦਾ ਗੁਣਗਾਨ ਕਰ ਕੇ ਅਤੇ ਉਨ੍ਹਾਂ ਦੇ ਕੁਝ ਵੀ ਝੂਠ-ਸੱਚ ਬੋਲਣ ਦੀ ਸੂਰਤ ਵਿੱਚ ਮੂਹਰਿਓਂ ਕੋਈ ਸਵਾਲ ਨਾ ਪੁੱਛ ਕੇ ਉਨ੍ਹਾਂ ਨੂੰ ਇਹ ਵਰਤਾਰਾ ਸਹਿਜ ਲੱਗਣ ਲਾ ਦਿੱਤਾ। ਅਜਿਹੇ ਮਾਹੌਲ ਵਿੱਚ ਇਸ ਪੱਤਰਕਾਰ ਨੇ ਦਲੇਰੀ ਨਾਲ ਮੰਤਰੀ ਨੂੰ ਚੁਣੌਤੀ ਦਿੰਦਿਆਂ ਆਖਿਆ, "ਕੈਲਾਸ਼ ਜੀ, ਬਾਤ ਠੀਕ ਸੇ ਕੀਜੀਏ। ਅਪਨੇ ਸ਼ਬਦੋਂ ਕਾ ਚਯਨ ਠੀਕ ਸੇ ਕਰੀਏ। ਕੈਲਾਸ਼ ਜੀ, ਆਪ ਢੰਗ ਸੇ ਬਾਤ ਨਹੀਂ ਕਰ ਰਹੇ। ਯੇ ਘੰਟਾ ਘੰਟਾ ਕਯਾ ਹੋਤਾ ਹੈ ?" ਇੱਥੇ ਸਵਾਲ ਦੇ ਜਵਾਬ 'ਚ ਮੰਤਰੀ ਦੀਆਂ ਅਜਿਹੀਆਂ ਨਿਰਾਦਰ ਭਰੀਆਂ ਟਿੱਪਣੀਆਂ ਵੀ ਜਦੋਂ ਬੇਬਾਕ ਤੇ ਦਲੇਰ ਪੱਤਰਕਾਰ ਅਨੁਰਾਗ ਦਵਾਰੀ ਦੀ ਜ਼ੁਬਾਨ ਬੰਦ ਨਾ ਕਰਵਾ ਸਕੀਆਂ ਤਾਂ ਮੰਤਰੀ ਨੇ ਖ਼ਾਮੋਸ਼ੀ ਅਖ਼ਤਿਆਰ ਕਰਨ 'ਚ ਹੀ ਆਪਣੀ ਭਲਾਈ ਸਮਝੀ ਕਿਉਂਕਿ ਏਨੀ ਗੱਲ ਦੀ ਤਾਂ ਉਸ ਨੂੰ ਵੀ ਸਮਝ ਆ ਗਈ ਸੀ ਕਿ ਜੋ 'ਅਨਮੋਲ' ਸ਼ਬਦ ਉਹ ਬੋਲ ਚੁੱਕਾ ਹੈ, ਕੈਮਰਾ ਔਨ ਹੋਣ ਕਾਰਨ ਉਹ ਪਹਿਲਾਂ ਹੀ ਰਿਕਾਰਡ ਹੋ ਚੁੱਕੇ ਹਨ।

ਗੱਲ ਇੱਥੇ ਮੁੱਕੀ ਨਾ ਸਮਝੋ। ਜੇ ਮੰਤਰੀ ਖ਼ਾਮੋਸ਼ ਹੋ ਗਿਆ ਤਾਂ ਉਸ ਦੇ ਝੋਲੀਚੁੱਕਾਂ ਨੇ ਪੱਤਰਕਾਰ ਨਾਲ ਮੱਥਾ ਲਾਉਂਦਿਆਂ ਕਿਹਾ, "ਤੁਮ ਹਮਾਰੇ ਲੀਡਰ ਕੋ ਕੁਛ ਭੀ ਬੋਲੋਗੇ ?" ਪੱਤਰਕਾਰ ਦਾ ਅੱਗੋਂ ਜਵਾਬ ਸੀ "ਹਮਾਰੇ ਦਸ ਲੋਗ ਮਰ ਗਏ। ਕਿਆ ਹਮ ਸਵਾਲ ਭੀ ਨਹੀਂ ਪੂਛੇਂਗੇ ? ਮੈਨੇ ਸਵਾਲ ਪੂਛਾ ਹੈ। ਮੈਨੇ ਕੋਈ ਗਾਲੀ ਨਹੀਂ ਦੀ।" ਮੀਡੀਆ ਦੇ 'ਸਾਜ਼ਗਾਰ ਮਾਹੌਲ' ਵਿੱਚ ਮਿੱਠੇ ਮਿੱਠੇ ਸਵਾਲਾਂ ਦੇ ਆਦੀ ਨੇਤਾਵਾਂ ਸਾਹਮਣੇ ਜਦੋਂ ਅਚਾਨਕ ਅਜਿਹੇ ਔਖੇ ਅਤੇ ਕੌੜੇ ਸਵਾਲ ਆ ਜਾਣ ਤਾਂ ਅਜਿਹਾ ਪ੍ਰਤੀਕਰਮ ਸੁਭਾਵਿਕ ਹੀ ਹੈ।

ਜਿਉਂ ਹੀ ਮੰਤਰੀ ਦੇ ਜਵਾਬ ਵਾਲੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਤਾਂ ਚਾਰੇ ਪਾਸਿਓਂ ਵਿਰੋਧੀ ਧਿਰ ਦੇ ਆਗੂਆਂ, ਪੀੜਤਾਂ ਤੇ ਆਮ ਲੋਕਾਂ ਵੱਲੋਂ ਆਲੋਚਨਾ ਦੀ ਵਾਛੜ ਹੋਣ ਲੱਗੀ। ਇਸ ਮਗਰੋਂ ਮੰਤਰੀ ਨੇ ਬਾਕਾਇਦਾ ਇੱਕ ਪੋਸਟ ਪਾ ਕੇ ਇਸ ਸਮੁੱਚੇ ਘਟਨਾਕ੍ਰਮ ਲਈ ਮੁਆਫ਼ੀ ਮੰਗੀ ਹੈ। ਹੁਣ ਕੈਲਾਸ਼ ਵਿਜੈਵਰਗੀਯ ਦਾ ਕਹਿਣਾ ਹੈ, "ਇਸ ਗਹਿਰੇ ਦੁਖ ਕੀ ਅਵਸਥਾ ਮੇਂ ਮੀਡੀਆ ਕੇ ਏਕ ਸਵਾਲ ਪੇ ਮੇਰੇ ਸ਼ਬਦ ਗ਼ਲਤ ਨਿਕਲ ਗਏ। ਮੈਂ ਇਸ ਕੇ ਲੀਏ ਖੇਦ ਪ੍ਰਗਟ ਕਰਤਾ ਹੂੰ।" ਸੱਤਾ 'ਚ ਚਾਹੇ ਕੋਈ ਵੀ ਸਿਆਸੀ ਧਿਰ ਹੋਵੇ, ਉਸ ਨੂੰ ਸੱਚ ਸੁਣਨਾ ਹਮੇਸ਼ਾ ਔਖਾ ਲੱਗਦਾ ਹੈ ਅਤੇ ਉਹ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਵਰਤ ਕੇ ਉਸ ਨੂੰ ਛੁਪਾਉਣ ਅਤੇ ਮੀਡੀਆ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਇਹੀ 'ਸੱਤਾ' ਦਾ ਖ਼ਾਸਾ ਹੈ, ਪਰ ਜਦੋਂ ਪੱਤਰਕਾਰ ਲੋਕ-ਪੱਖੀ ਸਵਾਲ ਪੁੱਛਣ ਦਾ ਜੇਰਾ ਦਿਖਾਉਂਦਾ ਹੈ ਤਾਂ ਅਜਿਹੇ ਨੇਤਾ ਹਕੀਕਤ ਅਤੇ ਸਵਾਲਾਂ ਤੋਂ ਮੂੰਹ ਛੁਪਾਉਂਦੇ ਹੋਏ ਅਜਿਹੇ ਮੁਆਫ਼ੀਨੁਮਾ ਟਵੀਟ ਕਰਦੇ ਦਿਸਦੇ ਹਨ। ਇਸ ਸਮੁੱਚੇ ਘਟਨਾਕ੍ਰਮ ਤੋਂ ਤੁਸੀਂ ਇਹ ਸਿੱਟਾ ਨਹੀਂ ਕੱਢ ਸਕਦੇ ਕਿ ਸਿਆਸਤਦਾਨਾਂ ਨੇ ਕੋਈ ਪੱਕਾ ਸਬਕ ਸਿੱਖ ਲਿਆ ਹੋਵੇਗਾ। ਦਰਅਸਲ, ਜਦੋਂ ਸੱਤਾ ਲਈ ਅਣਸੁਖਾਵੇਂ ਸਵਾਲ ਪੁੱਛਣ ਕਾਰਨ ਆਰ ਟੀ ਆਈ ਕਾਰਕੁਨਾਂ ਅਤੇ ਪੱਤਰਕਾਰਾਂ ਖ਼ਿਲਾਫ਼ ਕੇਸ ਦਰਜ ਹੋ ਰਹੇ ਹੋਣ ਤਾਂ ਪੰਜਾਬ ਸਮੇਤ ਦੇਸ਼ ਦੇ ਹੋਰ ਸੂਬਿਆਂ 'ਚ ਵੀ ਹਾਲਾਤ ਬਹੁਤੇ ਵੱਖਰੇ ਨਹੀਂ ਦਿਸਦੇ। ਹਾਂ, ਸਿਆਸਤਦਾਨਾਂ ਦੇ ਅਜਿਹੇ ਰਵੱਈਏ ਦਾ ਵਿਰੋਧ ਕਰਨ ਤੋਂ ਆਮ ਲੋਕ ਜ਼ਰੂਰ ਖ਼ੁਸ਼ ਹਨ ਕਿ ਕਿਸੇ ਨੇ ਤਾਂ ਉਨ੍ਹਾਂ ਨਾਲ ਜੁੜੇ ਮੁੱਦਿਆਂ ਅਤੇ ਮਸਲਿਆਂ ਬਾਰੇ ਜੁਰੱਅਤ ਨਾਲ ਸਵਾਲ ਪੁੱਛੇ ਹਨ। ਸੋਸ਼ਲ ਮੀਡੀਆ 'ਤੇ ਅਨੁਰਾਗ ਦਵਾਰੀ ਦੇ ਹੱਕ ਵਿੱਚ ਟਵੀਟਾਂ ਦੀ ਝੜੀ ਲੱਗੀ ਪਈ ਹੈ। ਇੱਕ ਵਰਤੋਂਕਾਰ ਦੀ ਟਿੱਪਣੀ ਹੈ, "ਇਸ ਪੱਤਰਕਾਰ ਨੂੰ ਹਜ਼ਾਰ ਤੋਪਾਂ ਦੀ ਸਲਾਮੀ। ਉਸ ਦੇ ਸਵਾਲਾਂ ਤੋਂ ਮੇਰੇ ਦਿਲ ਨੂੰ ਸਕੂਨ ਮਿਲ ਗਿਆ।" ਕਿਸੇ ਹੋਰ ਨੇ ਲਿਖਿਆ ਹੈ, "ਪੱਤਰਕਾਰਾਂ ਨੂੰ ਅਜਿਹੇ ਸਵਾਲ (ਲੋਕ-ਪੱਖੀ) ਹੀ ਪੁੱਛਣੇ ਚਾਹੀਦੇ ਹਨ।" ਇੱਕ ਹੋਰ ਯੂਜ਼ਰ ਨੇ ਲਿਖਿਆ ਹੈ, "ਜੇਕਰ ਸਾਰੇ ਪੱਤਰਕਾਰਾਂ 'ਚ ਅਨੁਰਾਗ ਦਵਾਰੀ ਵਰਗੀ ਰੀੜ੍ਹ ਦੀ ਹੱਡੀ ਪੈਦਾ ਹੋ ਜਾਵੇ ਤਾਂ ਅਜਿਹੇ ਮੰਤਰੀਆਂ ਦੀ ਅਕਲ ਟਿਕਾਣੇ ਆ ਜਾਵੇਗੀ। ਇਹ 2026 ਦਾ ਸੁਖਦ ਅਹਿਸਾਸ ਹੈ।" ਇਸ ਵਰਤੋਂਕਾਰ ਨੇ ਮੀਡੀਆ ਦੇ ਸੰਦਰਭ 'ਚ ਆਸ ਪ੍ਰਗਟਾਈ ਹੈ ਕਿ 2026 'ਚ ਮੀਡੀਆ ਸੱਤਾ ਨੂੰ ਲੋਕਾਂ ਪ੍ਰਤੀ ਜਵਾਬਦੇਹ ਬਣਾਉਣ 'ਚ ਅਹਿਮ ਭੂਮਿਕਾ ਨਿਭਾਵੇਗਾ। ਆਸ ਹੈ ਕਿ ਨਵਾਂ ਸਾਲ ਪੱਤਰਕਾਰੀ ਤੇ ਸਿਆਸੀ ਨੈਤਿਕ ਕਦਰਾਂ ਕੀਮਤਾਂ ਦੇ ਰਾਹ ਤੋਂ ਥਿੜਕਣ ਵਾਲਿਆਂ ਨੂੰ ਮੁੜ ਸਹੀ ਰਾਹ ਪਾਵੇਗਾ ਤਾਂ ਜੋ ਆਮ ਲੋਕਾਂ ਲਈ ਨਵਾਂ ਵਰ੍ਹਾ ਸੱਚਮੁੱਚ ਮੁਬਾਰਕ ਹੋ ਸਕੇ।

## ਗਰੀਬਾਂ ਲਈ ਵਰਦਾਨ ਬਣੇਗੀ ਪੰਜਾਬ ਸਰਕਾਰ ਦੀ ਹੈਲਥ ਇੰਸ਼ੋਰੈਂਸ ਸਕੀਮ : ਲੱਕੀ ਸਰਵਟਾ

**ਫਗਵਾੜਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਇਸੇ ਸਾਲ ਸੂਬੇ ਦੇ ਆਮ ਲੋਕਾਂ ਦੀ ਭਲਾਈ ਲਈ ਸ਼ੁਰੂ ਕੀਤੀ ਜਾ ਰਹੀ ਹੈਲਥ ਇੰਸ਼ੋਰੈਂਸ ਸਕੀਮ ਨੂੰ ਇੱਕ ਇਤਿਹਾਸਕ ਅਤੇ ਕ੍ਰਾਂਤੀਕਾਰੀ ਕਦਮ ਦੱਸਦੇ ਹੋਏ ਭਾਰਤੀ ਵਾਲਮੀਕਿ ਧਰਮ ਸਮਾਜ (ਭਾਵਾਧਸ) ਦੇ ਸਟੇਟ ਪ੍ਰਚਾਰ ਸਕੱਤਰ ਲੱਕੀ ਸਰਵਟਾ ਨੇ ਮੁੱਖ ਮੰਤਰੀ ਸ. ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਲੱਕੀ ਸਰਵਟਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਮਹਿੰਗੇ ਇਲਾਜ ਕਾਰਨ ਹਜ਼ਾਰਾਂ ਪਰਿਵਾਰ ਕਰਜ਼ੇ ਹੇਠ ਆ ਜਾਂਦੇ ਹਨ ਜਾਂ ਸਮੇਂ ਸਿਰ ਇਲਾਜ ਨਾ ਮਿਲਣ ਕਾਰਨ ਕੀਮਤੀ ਜਾਨਾਂ ਗੁਆ ਬੈਠਦੇ ਹਨ। ਅਜਿਹੇ ਹਾਲਾਤ ਵਿੱਚ ਪੰਜਾਬ ਸਰਕਾਰ ਦੀ ਇਹ ਹੈਲਥ ਇੰਸ਼ੋਰੈਂਸ ਸਕੀਮ ਆਮ ਆਦਮੀ ਲਈ ਸੰਜੀਵਨੀ ਸਾਬਤ ਹੋਵੇਗੀ। ਜਿਸ ਦੇ ਤਹਿਤ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਉਪਲਬਧ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਇਸ ਸਕੀਮ ਨਾਲ ਖ਼ਾਸ ਕਰਕੇ ਵਾਲਮੀਕਿ ਸਮਾਜ, ਦਲਿਤ ਵਰਗ, ਮਜ਼ਦੂਰ ਵਰਗ, ਸਫ਼ਾਈ ਕਰਮਚਾਰੀ, ਛੋਟੇ ਦੁਕਾਨਦਾਰ, ਕਿਸਾਨ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨੂੰ ਸਿੱਧਾ ਲਾਭ ਮਿਲ ਰਿਹਾ ਹੈ। ਹੁਣ ਬਿਮਾਰੀ ਕਿਸੇ ਪਰਿਵਾਰ ਲਈ ਆਰਥਿਕ ਤਬਾਹੀ ਦਾ ਕਾਰਨ ਨਹੀਂ ਬਣੇਗੀ, ਜੋ ਕਿ ਪੰਜਾਬ ਸਰਕਾਰ ਦੀ ਦੂਰਦਰਸ਼ੀ ਸੋਚ ਨੂੰ ਦਰਸਾਉਂਦਾ ਹੈ। ਲੱਕੀ ਸਰਵਟਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਰਾਜਨੀਤੀ ਸੇਵਾ ਲਈ ਹੋਣੀ ਚਾਹੀਦੀ ਹੈ, ਨਾ ਕਿ ਸਵਾਰਥ ਲਈ। ਸਿਹਤ, ਸਿੱਖਿਆ ਅਤੇ ਲੋਕ-ਭਲਾਈ ਨੂੰ ਪਹਿਲ ਦੇ ਕੇ ਸਰਕਾਰ ਨੇ ਆਮ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਕੀਤਾ ਹੈ। ਉਹਨਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਕੀਮ ਅਧੀਨ ਆਪਣਾ ਰਜਿਸਟਰੇਸ਼ਨ ਜ਼ਰੂਰ ਕਰਵਾਉਣ ਅਤੇ ਲੋੜ ਪੈਣ 'ਤੇ ਇਸ ਦਾ ਪੂਰਾ ਲਾਭ ਲੈਣ। ਨਾਲ ਹੀ ਪ੍ਰਸ਼ਾਸਨ ਨੂੰ ਵੀ ਅਪੀਲ ਕੀਤੀ ਕਿ ਪਿੰਡ-ਪਿੰਡ ਅਤੇ ਮੁਹੱਲਾ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਚਲਾ ਕੇ ਇਸ ਸਕੀਮ ਦੀ ਜਾਣਕਾਰੀ ਹਰ ਲੋੜਵੰਦ ਤੱਕ ਪਹੁੰਚਾਈ ਜਾਵੇ।

ਲੱਕੀ ਸਰਵਟਾ ਨੇ ਕਿਹਾ ਕਿ ਭਾਰਤੀ ਵਾਲਮੀਕਿ ਧਰਮ ਸਮਾਜ (ਭਾਵਾਧਸ) ਪੰਜਾਬ ਸਰਕਾਰ ਦੀਆਂ ਇਸ ਤਰ੍ਹਾਂ ਦੀਆਂ ਲੋਕ-ਹਿਤੈਸ਼ੀ ਨੀਤੀਆਂ ਦਾ ਪੂਰਾ ਸਮਰਥਨ ਕਰਦਾ ਹੈ ਅਤੇ ਭਵਿੱਖ ਵਿੱਚ ਵੀ ਸਮਾਜ ਦੀ ਭਲਾਈ ਲਈ ਕੀਤੇ ਜਾਣ ਵਾਲੇ ਹਰ ਸਕਾਰਾਤਮਕ ਕਦਮ ਵਿੱਚ ਸਰਕਾਰ ਦੇ ਨਾਲ ਖੜਾ ਰਹੇਗਾ।

## ਬਾਲ ਭਿੱਖਿਆ ਦੀ ਰੋਕਥਾਮ ਲਈ ਜਿਲ੍ਹਾ ਟਾਸਕ ਫੋਰਸ ਵੱਲੋਂ ਵੱਖ-ਵੱਖ ਥਾਵਾ ਤੇ ਅਚਨਚੇਤ ਚੈਕਿੰਗ



**ਫਾਜ਼ਿਲਕਾ,11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ, ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਦੇ ਹੁਕਮਾਂ ਅਨੁਸਾਰ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ, ਫਾਜ਼ਿਲਕਾ ਅਨੁਪ੍ਰਿਆ ਸਿੰਘ ਦੀ ਅਗਵਾਈ ਹੇਠ ਬਾਲ ਭਿੱਖਿਆ ਦੀ ਰੋਕਥਾਮ ਲਈ ਜਿਲ੍ਹਾ ਟਾਸਕ ਫੋਰਸ ਵੱਲੋ ਵੱਖ-ਵੱਖ ਥਾਵਾ ਤੇ ਅਚਨਚੇਤ ਚੈਕਿੰਗ ਕੀਤੀ ਗਈ।

ਜਿਲ੍ਹਾ ਬਾਲ ਸੁਰੱਖਿਆ ਅਫਸਰ, ਰੀਤੂ ਬਾਲਾ ਵੱਲੋ ਦੱਸਿਆ ਗਿਆ ਕਿ ਜਿਲ੍ਹਾ ਟਾਸਕ ਫੋਰਸ ਟੀਮ ਜ਼ਿਲ੍ਹਾ ਫਾਜ਼ਿਲਕਾ ਵਿੱਚ ਵੱਖ ਵੱਖ ਥਾਵਾ ਤੇ ਚੈਕਿੰਗ ਕੀਤੀ ਗਈ। ਭੀਖ ਮੰਗਣਾ ਅਤੇ ਬੱਚਿਆ ਤੋ ਭੀਖ ਮੰਗਵਾਉਣਾ ਕਾਨੂੰਨੀ ਅਪਰਾਧ ਹੈ। ਇਸ ਲਈ ਜੇਕਰ ਕਿਸੇ ਨੂੰ ਕੋਈ ਬੱਚਾ ਲੋੜਵੰਦ ਦਿੱਸਦਾ ਹੈ ਤਾਂ ਉਸ ਦੀ ਜਾਣਕਾਰੀ ਜਿਲ੍ਹਾ ਬਾਲ ਸੁਰੱਖਿਆ ਦਫਤਰ, ਫਾਜਿਲਕਾ ਵਿਖੇ ਦਿੱਤੀ ਜਾ ਸਕਦੀ ਹੈ ਜਾਂ ਇਸ ਸਬੰਧੀ ਸੂਚਨਾ ਚਾਇਲਡ ਹੈਲਪ ਲਾਇਨ ਨੰਬਰ 1098 ਤੇ ਜਾਣਕਾਰੀ ਦਿੱਤੀ ਜਾ ਸਕਦੀ ਹੈ ।

ਉਨਾ ਕਿਹਾ ਕਿ ਬੱਚਿਆ ਲਈ ਚਿਲਡਰਨ ਹੋਮ ਬਣਾਏ ਗਏ ਹਨ ਜਿੱਥੇ ਬੇਸਹਾਰਾ ਬੱਚਿਆ ਨੂੰ ਸਹਾਰਾ ਦਿੱਤਾ ਜਾਂਦਾ ਹੈ ਅਤੇ ਬੱਚਿਆ ਦੀ ਪੜਾਈ, ਖਾਣ-ਪੀਣ, ਮੈਡੀਕਲ ਅਤੇ ਕਾਊਂਸਲਿੰਗ ਦੀ ਸੁਵਿਧਾ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਲ੍ਹਾ ਟਾਸਕ ਫੋਰਸ ਟੀਮ ਵਿਚ ਨਿਸ਼ਾਨ ਸਿੰਘ (ਸ਼ੋਸ਼ਲ ਵਰਕਰ) ਅਤੇ ਅਜੈ ਸ਼ਰਮਾ (ਲੀਗਲ ਕਮ ਪ੍ਰੋਬੇਸ਼ਨ ਅਫਸਰ) ਜ਼ਿਲ੍ਹਾ ਬਾਲ ਸੁਰੱਖਿਆ ਦਫਤਰ, ਫਾਜ਼ਿਲਕਾ ਸ਼ਾਮਿਲ ਸਨ।

## ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਲੋਕ ਮਿਲਣੀ ਤਹਿਤ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ

**ਤਰਨ ਤਾਰਨ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬੇ ਦੇ ਟਰਾਂਸਪੋਰਟ ਅਤੇ ਜੇਲਾਂ ਬਾਰੇ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਵੱਲੋਂ ਅੱਜ ਪੱਟੀ ਵਿਖੇ ਆਪਣੇ ਕੈਂਪ ਦਫ਼ਤਰ ਵਿੱਚ ਲੋਕ ਮਿਲਣੀ ਪ੍ਰੋਗਰਾਮ ਤਹਿਤ ਹਲਕਾ ਵਾਸੀਆਂ ਦੀਆਂ ਮੁਸ਼ਕਲਾਂ ਸੁਣ ਕੇ ਉਨ੍ਹਾਂ ਦਾ ਹੱਲ ਕੀਤਾ ਗਿਆ। ਇਸ ਮੌਕੇ ਉਨ੍ਹਾਂ ਹਲਕਾ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਹ ਆਪਣੇ ਹਲਕਾ ਵਾਸੀਆਂ ਦੇ ਹਰ ਸੁੱਖ-ਦੁੱਖ ਵਿੱਚ ਉਨ੍ਹਾਂ ਨਾਲ ਹਨ ਅਤੇ ਹਲਕੇ ਦੇ ਸਰਬਪੱਖੀ ਵਿਕਾਸ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਪੰਜਾਬ ਸਰਕਾਰ ਦੀਆਂ ਉਪਲਬਧੀਆਂ ਦਾ ਜ਼ਿਕਰ ਕਰਦਿਆਂ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਦੇਸ਼ ਵਿੱਚ ਪੰਜਾਬ ਪਹਿਲਾ ਸੂਬਾ ਹੋਵੇਗਾ ਜੋ ਹਰੇਕ ਪਰਿਵਾਰ ਨੂੰ 'ਮੁੱਖ ਮੰਤਰੀ ਸਿਹਤ ਯੋਜਨਾ' ਰਾਹੀਂ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਦੇਵੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੈਨੀਫੈਸਟੋ ਵਿੱਚ ਸਿਹਤ ਖੇਤਰ ਦਾ ਜ਼ਿਕਰ ਤੱਕ ਨਹੀਂ ਹੁੰਦਾ ਸੀ ਜਿਸ ਕਰਕੇ ਲੋਕਾਂ ਨੂੰ ਉਨ੍ਹਾਂ ਦੇ ਰਹਿਮੋ-ਕਰਮ ਉੱਤੇ ਛੱਡ ਦਿੱਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਹਾਲਾਤ ਇੱਥੋਂ ਤੱਕ ਪਹੁੰਚ ਗਏ ਸਨ ਕਿ ਪਿੰਡਾਂ ਵਿੱਚ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ ਇਲਾਜ ਕਰਵਾਉਣਾ ਹੀ ਨਹੀਂ ਚਾਹੁੰਦੇ ਸਨ ਕਿਉਂਕਿ ਇਲਾਜ ਮਹਿੰਗਾ ਹੋਣ ਕਰਕੇ ਉਹ ਆਪਣੇ ਪਰਿਵਾਰਾਂ ਨੂੰ ਕਰਜ਼ਾਈ ਨਹੀਂ ਦੇਖਣਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਫ਼ਤ ਦੇਣਾ ਸਰਕਾਰਾਂ ਦਾ ਫ਼ਰਜ਼ ਹੁੰਦਾ ਹੈ ਅਤੇ ਮਾਨ ਸਰਕਾਰ ਸਮਰਪਣ ਭਾਵਨਾ ਨਾਲ ਇਹ ਫ਼ਰਜ਼ ਨਿਭਾ ਰਹੀ ਹੈ।

ਮੁਫ਼ਤ ਘਰੇਲੂ ਬਿਜਲੀ ਦੀ ਸਹੂਲਤ ਨੂੰ ਆਮ ਲੋਕਾਂ ਦੇ ਜੀਵਨ ਵਿੱਚ ਵੱਡਾ ਪਰਿਵਰਤਨ ਦੱਸਦਿਆਂ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਪੰਜਾਬ ਵਿੱਚ 90 ਫ਼ੀਸਦੀ ਤੋਂ ਵੱਧ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਆਰਥਿਕ ਰਾਹਤ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਸਰਕਾਰੀ ਸੰਸਥਾਵਾਂ ਵਿੱਚ ਵਿਸ਼ਵਾਸ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੂਲ ਆਫ਼ ਐਮੀਨੈਂਸ ਵਿੱਚ ਬਹੁਤ ਸਾਰੇ ਬੱਚੇ ਪ੍ਰਾਈਵੇਟ ਸਕੂਲਾਂ ਵਿੱਚੋਂ ਹਟ ਕੇ ਆਏ ਹਨ। ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਸਕੂਲ ਪੜ੍ਹਾਈ ਤੇ ਸਹੂਲਤਾਂ ਦੇ ਪੱਖ ਤੋਂ ਨਿੱਜੀ ਸਕੂਲਾਂ ਨਾਲੋਂ ਵੀ ਅੱਗੇ ਹਨ।

ਸੜਕ ਸੁਰੱਖਿਆ ਫੋਰਸ (ਐੱਸ.ਐੱਸ.ਐਫ.) ਨੂੰ ਅਨਮੋਲ ਜ਼ਿੰਦਗੀਆਂ ਬਚਾਉਣ ਵਾਲੀ ਫੋਰਸ ਦੱਸਦਿਆਂ ਸ. ਭੁੱਲਰ ਨੇ ਕਿਹਾ ਕਿ ਇਸ ਫੋਰਸ ਦੇ ਬਣਨ ਨਾਲ ਸੈਂਕੜੇ ਜਾਨਾਂ ਬਚੀਆਂ ਹਨ। ਉਨ੍ਹਾਂ ਦੱਸਿਆ ਕਿ ਐੱਸ.ਐੱਸ.ਐਫ. ਦੇ ਬਣਨ ਨਾਲ 48 ਫ਼ੀਸਦੀ ਦੀ ਕਮੀ ਆਈ ਹੈ ਜੋ ਦੂਜੇ ਸੂਬਿਆਂ ਲਈ ਵੀ ਮਿਸਾਲ ਬਣ ਰਹੀ ਹੈ। ਉਨ੍ਹਾਂ ਕਿਹਾ ਕਿ ਫੋਰਸ ਵਿੱਚ ਵਿਸ਼ੇਸ਼ ਤੌਰ 'ਤੇ ਭਰਤੀ ਅਤੇ ਸਿਖਲਾਈ ਪ੍ਰਾਪਤ ਕਰਮਚਾਰੀ ਹਨ, ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਹਨ ਅਤੇ ਇਹ ਫੋਰਸ 144 ਆਧੁਨਿਕ ਵਾਹਨਾਂ ਨਾਲ ਲੈਸ ਹੈ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਫੋਰਸ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਕਈ ਰਾਜਾਂ ਤੇ ਇੱਥੋਂ ਤੱਕ ਕਿ ਭਾਰਤ ਸਰਕਾਰ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਹੈ।

## ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਵਲੋਂ ਪਟਿਆਲਾ ਦੇ SP ਅਤੇ DSP ਤਲਬ

**ਚੰਡੀਗੜ੍ਹ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਪਟਿਆਲਾ ਜ਼ਿਲ੍ਹੇ ਨਾਲ ਸਬੰਧਿਤ ਦੋ ਵੱਖ ਵੱਖ ਮਾਮਲਿਆਂ ਵਿਚ ਪਟਿਆਲਾ ਦੇ ਐਸ.ਪੀ. ਅਤੇ ਡੀ.ਐਸ.ਪੀ ਸਿਟੀ 1 ਨੂੰ ਤਲਬ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਰਾਮ ਪ੍ਰਸ਼ਾਦ ਪੁੱਤਰ ਸ਼੍ਰੀ ਵਾਸਦੇਵ ਉਮਰ 70 ਸਾਲ ਵਾਸੀ ਪਿੰਡ ਬਲਬੇੜਾ ਜਿਲ੍ਹਾ ਅਤੇ ਤਹਿਸੀਲ ਪਟਿਆਲਾ ਨੇ ਕਮਿਸ਼ਨ ਨੂੰ ਸ਼ਿਕਾਇਤ ਦਿੱਤੀ ਹੈ ਕਿ ਉਸ ਦਾ ਲੜਕਾ ਗੁਰਤੇਜ ਸਿੰਘ ਦੁਕਾਨ ਤੇ ਕੰਮ ਕਰਦਾ ਅਤੇ ਮਿਤੀ 13-12-2025 ਨੂੰ ਉਹ ਕੰਮ ਤੇ ਗਿਆ ਅਤੇ ਉਨ੍ਹਾਂ ਨੂੰ ਉਸੇ ਦਿਨ ਸਵੇਰੇ 11 ਵਜੇ ਫੋਨ ਆਇਆ ਕਿ ਗੁਰਤੇਜ ਸਿੰਘ ਦੀ ਮੌਤ ਹੋ ਗਈ ਹੈ। ਪੁਲਿਸ ਨੇ ਮ੍ਰਿਤਕ ਦੇਹ ਮੋਰਚੂਰੀ ਵਿੱਚ ਰਖਵਾ ਦਿੱਤੀ ਸੀ। ਥਾਣਾ ਸਿਵਲ ਲਾਈਨ ਪਟਿਆਲਾ ਨੇ ਸਾਡੀ ਕਿਸੇ ਤਰ੍ਹਾਂ ਦੀ ਕੋਈ ਸੁਣਵਾਈ ਨਹੀ ਕੀਤੀ, ਉਲਟ 174 ਦੀ ਕਾਰਵਾਈ ਕਰਕੇ ਸਾਨੂੰ ਕਿਹਾ ਕਿ ਇਨ੍ਹਾਂ ਦਾ ਸੰਸਕਾਰ ਕਰ ਦਿਓ। ਜਦੋ ਅਸੀ ਆਪ ਲੜਕੇ ਦੀ ਮ੍ਰਿਤਕ ਦੇਹ ਨੂੰ ਦੇਖਿਆ ਤਾਂ ਉਹ ਅੱਗ ਨਾਲ ਬੁਰੀ ਤਰ੍ਹਾਂ ਝੁਲਸੀ ਹੋਈ ਸੀ।

ਇਸ ਮਾਮਲੇ ਵਿਚ ਕਮਿਸ਼ਨ ਵਲੋਂ ਪਟਿਆਲਾ ਪੁਲਿਸ ਨੂੰ ਕਾਰਵਾਈ ਕਰਨ ਲਈ ਹਦਾਇਤਾਂ ਕੀਤੀਆਂ ਗਈਆਂ ਪ੍ਰੰਤੂ ਪੁਲਿਸ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਸ ਸਬੰਧੀ ਕਾਰਵਾਈ ਕਰਦਿਆਂ ਡੀ.ਐਸ.ਪੀ ਸਿਟੀ 1 ਪਟਿਆਲਾ ਸਤਨਾਮ ਸਿੰਘ ਨੂੰ ਮਿਤੀ 14 ਜਨਵਰੀ 2026 ਨੂੰ ਤਲਬ ਕੀਤਾ ਹੈ।

ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਖਦੀਪ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀ ਧਾਮੋ ਮਾਜਰਾ ਪਟਿਆਲਾ ਵਲੋਂ ਥਾਣੇਦਾਰ ਬਲਜੀਤ ਸਿੰਘ ਖਿਲਾਫ ਪੁਲਿਸ ਕੋਲ ਦਰਜ਼ ਮਾਮਲੇ ਵਿਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀਆਂ ਹਦਾਇਤਾਂ ਦੇ ਬਾਵਜੂਦ ਕਾਰਵਾਈ ਅਮਲ ਵਿੱਚ ਨਾ ਲਿਆਉਣ ਦੇ ਮਾਮਲੇ ਵਿਚ ਪਟਿਆਲਾ ਜ਼ਿਲ੍ਹੇ ਦੇ ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਐਸ.ਪੀ. ਸਵਰਨਜੀਤ ਕੌਰ ਨੂੰ 14 ਜਨਵਰੀ 2026 ਨੂੰ ਤਲਬ ਕੀਤਾ ਹੈ।

## ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਕੀਤੀਆਂ ਜਾ ਰਹੀਆਂ ਨੇ ਹੱਲ- ਚੇਅਰਮੈਨ ਮਾਨਿਕ ਮਹਿਤਾ



**ਬਟਾਲਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਬਟਾਲਾ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਸੁਣ ਕੇ ਹੱਲ ਕੀਤੀਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਮਾਨਿਕ ਮਹਿਤਾ, ਚੇਅਰਮੈਨ ਮਾਰਕਿਟ ਕਮੇਟੀ ਬਟਾਲਾ ਨੇ ਆਪਣੇ ਗ੍ਰਹਿ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕੀਤਾ।

ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਜਿਥੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਉਸਦੇ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਹੱਲ ਕੀਤੀਆਂ ਜਾ ਰਹੀਆਂ ਹਨ। ਸ਼ਹਿਰ ਵਿੱਚ ਮਹਿਜ ਚਾਰ ਸਾਲਾਂ ਵਿੱਚ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਲਗਾਤਾਰ ਵਿਕਾਸ ਕਾਰਜ ਜਾਰੀ ਹਨ।ਚੇਅਰਮੈਨ ਮਾਨਿਕ ਮਹਿਤਾ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਹਮੇਸ਼ਾ ਇਹੀ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ। ਉਨ੍ਹਾਂ ਦੱਸਿਆ ਕਿ ਲੋਕਾਂ ਦੀਆਂ ਸਹੂਲਤਾਂ ਨੂੰ ਮੁੱਖ ਰੱਖਦਿਆਂ ਬਟਾਲਾ ਵਿਖੇ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ, ਜਿਥੇ ਲੋਕਾਂ ਨੂੰ ਵੱਖ-ਵੱਖ ਸੇਵਾਵਾਂ ਮੁਹੱਈਆ ਹੋ ਰਹੀਆਂ ਹਨ।

ਉਨਾਂ ਅੱਗੇ ਦੱਸਿਆ ਕਿ ਸ਼ਹਿਰ ਵਿਚਲੀ ਟਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੋੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਬਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਸ਼ਹਿਰ ਵਿੱਚ ਖੂਬਸੂਰਤ ਪਾਰਕ ਉਸਾਰਨ ਦੇ ਨਾਲ ਚੌਂਕਾਂ ਨੂੰ ਚੌੜਿਆਂ ਕੀਤਾ ਗਿਆ ਹੈ। ਮੁਹੱਲਾ ਕਲੀਨਿਕਾਂ ਰਾਹੀ ਮਰੀਜ ਦਾ ਮੁਫ਼ਤ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਗਈ ਹੈ ਅਤੇ ਕੀਤੇ ਵਿਕਾਸ ਕੰਮ ਨਜ਼ਰ ਆ ਰਹੇ ਹਨ।

## ਆਪਸੀ ਭਾਈਚਾਰਕ ਸਾਂਝ ਤੇ ਸਦਭਾਵਨਾ ਦਾ ਸੰਦੇਸ਼ ਦਿੰਦੀਆਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸਾਂ ਰਵਾਨਾ



**ਬਠਿੰਡਾ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਜ਼ਿਲ੍ਹਾ ਬਠਿੰਡਾ ਦੇ 6 ਵਿਧਾਨ ਸਭਾ ਹਲਕਿਆਂ ਤੋਂ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀਆਂ ਬੱਸਾਂ ਨੂੰ ਰਵਾਨਾ ਕੀਤਾ ਗਿਆ।

ਇਹ ਬੱਸਾਂ ਵਿਧਾਨ ਸਭਾ ਹਲਕਾ ਬਠਿੰਡਾ ਸ਼ਹਿਰੀ ਤੋਂ ਇਲਾਵਾ ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਦੇ ਪਿੰਡ ਦਿਉਣ, ਵਿਧਾਨ ਸਭਾ ਹਲਕਾ ਭੁੱਚੋਂ ਮੰਡੀ ਦੇ ਪਿੰਡ ਦਾਨ ਸਿੰਘ ਵਾਲਾ, ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਦੇ ਪਿੰਡ ਗੁਰੂਸਰ, ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਪਿੰਡ ਪੱਕਾ ਕਲਾ ਅਤੇ ਵਿਧਾਨ ਸਭਾ ਹਲਕਾ ਮੌੜ ਦੇ ਪਿੰਡ ਜੇਠੂਕੇ ਤੋਂ ਰਵਾਨਾ ਕੀਤੀਆਂ ਗਈਆਂ।

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਧਾਰਮਿਕ ਯਾਤਰਾ ਦੇ ਇੱਛੁਕ ਲੋਕਾਂ ਲਈ ਇਕ ਵਰਦਾਨ ਸਾਬਤ ਹੋ ਰਹੀ ਹੈ। ਇਹ ਯੋਜਨਾ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਆਪਸੀ ਭਾਈਚਾਰੇ, ਏਕਤਾ ਅਤੇ ਸ਼ਾਂਤੀ ਦਾ ਸੰਦੇਸ਼ ਫੈਲਾਉਂਦੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤੀਰਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਸੁਵਿਧਾ, ਸੁਰੱਖਿਆ ਅਤੇ ਸਿਹਤ ਸੰਬੰਧੀ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੂਰੇ ਪ੍ਰਬੰਧ ਕੀਤੇ ਗਏ ਹਨ।

ਯਾਤਰਾ ਦੌਰਾਨ ਆਵਾਜਾਈ, ਰਹਾਇਸ਼, ਭੋਜਨ ਅਤੇ ਮੈਡੀਕਲ ਸਹੂਲਤਾਂ ਨੂੰ ਯਕੀਨੀ ਬਣਾਇਆ ਗਿਆ ਹੈ ਤਾਂ ਜੋ ਸ਼ਰਧਾਲੂ ਨਿਰਭੀਕ ਅਤੇ ਨਿਸ਼ਚਿੰਤ ਹੋ ਕੇ ਤੀਰਥ ਯਾਤਰਾ ਦਾ ਲਾਭ ਲੈ ਸਕਣ।

ਇਸ ਮੌਕੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਤੇ ਉਨ੍ਹਾਂ ਪੰਜਾਬ ਸਰਕਾਰ ਦਾ ਇਸ ਲੋਕ-ਭਲਾਈ ਸਕੀਮ ਲਈ ਧੰਨਵਾਦ ਵੀ ਕੀਤਾ।

## ਬੇਰੋਜ਼ਗਾਰ ਪ੍ਰਾਰਥੀਆਂ ਦੇ ਰੋਜ਼ਗਾਰ ਸੰਬਧੀ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਹਨ

**ਹੁਸ਼ਿਆਰਪੁਰ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਵੱਲੋਂ ਬੇਰੋਜ਼ਗਾਰ ਪ੍ਰਾਰਥੀਆਂ ਦੇ ਰੋਜ਼ਗਾਰ ਸੰਬਧੀ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ। ਲੋੜ ਹੀ ਕਾਢ ਦੀ ਜਨਣੀ ਹੈ, ਇਸ ਕਹਾਵਤ ਨੂੰ ਰੋਜ਼ਗਾਰ ਦਫ਼ਤਰ ਦੀ ਰੋਜ਼ਗਾਰ ਮੋਬਾਇਲ ਐਪ ਨੇ ਸੱਚ ਕਰ ਦਿਖਾਇਆ ਹੈ। ਰੋਜ਼ਗਾਰ ਹਰ ਘਰ ਦੀ ਜ਼ਰੂਰਤ ਹੈ ਜਿਸ ਨੂੰ ਹਾਸਲ ਕਰਨ ਦੀ ਚਾਹ ਹਰੇਕ ਨੌਜਵਾਨ ਦੇ ਦਿਲ ਵਿੱਚ ਹੁੰਦੀ ਹੈ, ਪਰ ਉਸਨੂੰ ਨੌਕਰੀ ਕਿੱਥੇ ਅਤੇ ਕਿਵੇਂ ਮਿਲ ਸਕਦੀ ਹੈ, ਇਸ ਦੀ ਜਾਣਕਾਰੀ ਨਹੀਂ ਹੁੰਦੀ, ਪਰ ਪਿਛਲੇ ਕੁਝ ਸਾਲਾਂ ਤੋਂ ਰੋਜ਼ਗਾਰ ਮੋਬਾਇਲ ਐਪ ਨੇ ਇਸ ਕਮੀ ਨੂੰ ਵੀ ਪੂਰਾ ਕਰ ਦਿੱਤਾ ਹੈ। ਹਰ ਰੋਜ਼ ਪ੍ਰਾਈਵੇਟ ਅਤੇ ਸਰਕਾਰੀ ਨੌਕਰੀਆਂ ਨੂੰ ਇਸ ਐਪ 'ਤੇ ਚੜ੍ਹਾਇਆ ਜਾਂਦਾ ਹੈ। ਇਸ ਤੋਂ ਇਲਾਵਾ ਘੱਟ ਪੜ੍ਹੇ-ਲਿਖੇ ਨੌਜਵਾਨਾਂ ਨੂੰ ਮੁਫ਼ਤ ਸਕਿੱਲ ਕੋਰਸਾਂ ਵਿੱਚ ਦਾਖ਼ਲਾ ਦੇਣ ਲਈ ਆਪਣਾ ਕੰਮ-ਧੰਦਾ ਸ਼ੁਰੂ ਕਰਨ ਦੇ ਵਾਸਤੇ ਲੋਨ ਲੈਣ ਦੇ ਲਈ ਸੁਵਿਧਾ ਵੀ ਦੇ ਰਿਹਾ ਹੈ। ਹੁਣ ਤੱਕ ਇਸ ਰੋਜ਼ਗਾਰ ਮੋਬਾਇਲ ਐਪ ਨੂੰ ਵੱਡੀ ਗਿਣਤੀ ਵਿੱਚ ਪ੍ਰਾਰਥੀ ਡਾਊਨਲੋਡ ਕਰ ਚੁੱਕੇ ਹਨ ਅਤੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਨੌਜਵਾਨ ਇਸ ਐਪ ਦੀ ਮਦਦ ਨਾਲ ਨੌਕਰੀਆਂ ਪ੍ਰਾਪਤ ਕਰ ਚੁੱਕੇ ਹਨ।

ਇਸ ਮੌਕੇ ਜਿਲ੍ਹਾ ਰੋਜ਼ਗਾਰ ਅਫ਼ਸਰ ਨੇ ਦੱਸਿਆ ਕਿ ਰੋਜ਼ਗਾਰ ਮੋਬਾਇਲ ਐਪ ਉਮੀਦ ਤੋਂ ਜਿਆਦਾ ਵਧੀਆ ਕਾਰਗੁਜ਼ਾਰੀ ਦੇ ਰਹੀ ਹੈ, ਪਿਛਲੇ ਕੁਝ ਸਮੇਂ ਤੋਂ ਇਸ ਰੋਜ਼ਗਾਰ ਮੋਬਾਇਲ ਐਪ ਦੀ ਮਦਦ ਨਾਲ ਬਹੁਤ ਸਾਰੀਆਂ ਨਾਮੀ ਪ੍ਰਾਈਵੇਟ ਕੰਪਨੀਆਂ ਅਤੇ ਨਾਮੀ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹੇ-ਲਿਖੇ ਵੈੱਲ-ਐਜੂਕੇਟਿਡ ਬੱਚਿਆਂ ਨੇ ਵਧੀਆ ਸਾਲਾਨਾ ਪੈਕੇਜ ਤੇ ਨੌਕਰੀਆਂ ਦਿਵਾਉਣ ਵਿੱਚ ਇਕ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਉਹ ਨੌਜਵਾਨ ਜਿਹੜੇ ਦੂਰ-ਦੁਰਾਡੇ ਏਰੀਏ ਨਾਲ ਸਬੰਧ ਰੱਖਦੇ ਸਨ ,ਜਿਵੇਂ ਕਿ ਕੰਢੀ ਏਰੀਏ ਦੇ ਪ੍ਰਾਰਥੀ, ਜਿਹੜੇ ਕਿ ਇਸ ਦਫਤਰ ਤੱਕ ਨਹੀਂ ਪਹੁੰਚ ਸਕਦੇ ਸਨ, ਉਹ ਨੌਜਵਾਨ ਵੀ ਘਰ ਬੈਠੇ ਹੀ ਆਪਣੇ ਮੋਬਾਇਲ ਫੋਨ ਤੋਂ ਰੋਜ਼ਗਾਰ ਦਫਤਰ ਹੁਸ਼ਿਆਰਪੁਰ ਨਾਲ ਜੁੜ ਗਏ ਹਨ। ਉਨ੍ਹਾਂ ਹੁਸ਼ਿਆਰਪੁਰ ਜਿਲ੍ਹੇ ਦੇ ਸਾਰੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਦਫ਼ਤਰ ਦੀ ਰੋਜ਼ਗਾਰ ਮੋਬਾਇਲ ਐਪ ਡੀਬੀਈਈ ਆਨਲਾਈਨ ਨੂੰ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਨ ਅਤੇ ਇਸ ਐਪ ਰਾਹੀਂ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਅਤੇ ਇਸ ਐਪ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।

## ਬਾਲ ਵਿਆਹ ਮੁਕਤ ਭਾਰਤ ਸਕੀਮ ਸਬੰਧੀ ਆਮ ਜਨਤਾ ਨੂੰ ਕੀਤਾ ਜਾਗਰੂਕ

**ਹੁਸ਼ਿਆਰਪੁਰ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਪੰਜਾਬ ਵਿੱਚ ਬਾਲ ਵਿਆਹ ਰੋਕਣ ਅਤੇ ਲੋਕਾਂ ਨੂੰ ਸੁਚੇਤ ਕਰਨ ਲਈ ਵੱਖ-ਵੱਖ ਪਿੰਡਾਂ ਅਤੇ ਸਕੂਲਾਂ ਵਿੱਚ ਸੈਮੀਨਾਰ ਲਗਾਏ ਜਾ ਰਹੇ ਹਨ, ਜਿਵੇਂ ਕਿ ਗ੍ਰਾਮ ਪੰਚਾਇਤ ਸਤਿਆਲ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ 'ਬਾਲ ਵਿਵਾਹ ਮੁਕਤ ਭਾਰਤ' ਮੁਹਿੰਮ ਸਬੰਧੀ ਆਮ ਲੋਕਾਂ ਨੂੰ ਜਾਣਕਾਰੀ ਦਿੰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੋ ਘੱਟ ਨਹੀਂ ਹੋਣੀ ਚਾਹੀਦੀ। ਅਖ਼ੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ ।

## ਹਰਚੰਦ ਸਿੰਘ ਬਰਸਟ ਨੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਦਾ ਟਰੱਕ ਕੀਤਾ ਰਵਾਨਾ



**ਚੰਡੀਗੜ੍ਹ, 11 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਅਗਵਾਈ ਹੇਠ ਅੱਜ ਮੰਡੀ ਬੋਰਡ ਦੇ ਸਮੂੰਹ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ ਗਈ। ਇਸ ਮੌਕੇ ਹਰਚੰਦ ਸਿੰਘ ਬਰਸਟ ਵੱਲੋਂ ਪੰਜਾਬ ਮੰਡੀ ਬੋਰਡ ਦੇ ਮੁੱਖ ਦਫ਼ਤਰ ਤੋਂ ਰਾਹਤ ਸਮੱਗਰੀ ਨਾਲ ਭਰੇ ਟਰੱਕ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ, ਜਿਸ ਵਿੱਚ ਕੱਪੜੇ ਅਤੇ ਸਰਦੀਆਂ ਦਾ ਹੋਰ ਜਰੂਰੀ ਸਮਾਨ ਸ਼ਾਮਿਲ ਹੈ। ਇਸ ਦੌਰਾਨ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਸਮੂੰਹ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸੇਵਾ ਭਾਵਨਾ ਵਾਲੇ ਕਾਰਜ ਹੀ ਸੱਚੀ ਮਨੁੱਖੀ ਸੇਵਾ ਹੁੰਦੇ ਹਨ ਅਤੇ ਸਾਨੂੰ ਸਾਰਿਆਂ ਨੂੰ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਲੋਕਾਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਅਤੇ ਪ੍ਰਭਾਵਿਤ ਲੋਕਾਂ ਦਾ ਦਰਦ ਬਿਆਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੜ੍ਹ ਪੀੜਤਾਂ ਦੇ ਨਾਲ ਮਜ਼ਬੂਤੀ ਨਾਲ ਖੜੀ ਹੈ ਅਤੇ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਵਿੱਚ ਕੋਈ ਕਸਰ ਨਹੀਂ ਛੱਡੇਗੀ। ਉਨ੍ਹਾਂ ਸਮੂਹ ਪੰਜਾਬੀਆਂ ਦੇ ਜਜ਼ਬੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਔਖੀ ਘੜੀ ਵਿੱਚ ਸਾਰੇ ਇੱਕ ਦੂਜੇ ਦੀ ਮਦਦ ਲਈ ਖੜੇ ਰਹੇ ਹਨ। ਇਸ ਮੌਕੇ ਹਰਜੀਤ ਸਿੰਘ ਸੰਧੂ ਸੰਯੁਕਤ ਸਕੱਤਰ ਪੰਜਾਬ ਮੰਡੀ ਬੋਰਡ, ਜਤਿੰਦਰ ਸਿੰਘ ਭੰਗੂ ਇੰਜੀਨੀਅਰ ਇਨ ਚੀਫ਼, ਸਵਰਨ ਸਿੰਘ ਜਨਰਲ ਮੈਨੇਜਰ ਸਮੇਤ ਸਮੂੰਹ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਰਹੇ।

## ਪਟਿਆਲਾ 'ਚ 15 ਜਨਵਰੀ ਨੂੰ ਸ਼ੁਰੂ ਹੋਵੇਗੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ

# ਹਰ ਪਰਿਵਾਰ ਨੂੰ ਮਿਲੇਗਾ 10 ਲੱਖ ਰੁਪਏ ਤੱਕ ਨਕਦੀ ਰਹਿਤ ਇਲਾਜ : ਮੇਅਰ



ਪਟਿਆਲਾ, 11 ਜਨਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਨਵੇਂ ਸਾਲ ਦਾ ਵੱਡਾ ਤੋਹਫ਼ਾ ਦਿੰਦਿਆਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਮੇਅਰ ਕੁੰਦਨ ਗੋਗੀਆ ਵਲੋਂ ਪਟਿਆਲਾ ਵਿੱਚ ਹੋਈ ਇਕ ਵਿਸ਼ੇਸ਼ ਮੀਟਿੰਗ ਦੌਰਾਨ ਦਿੱਤੀ ਗਈ।

ਇਸ ਮੌਕੇ ਮੇਅਰ ਕੁੰਦਨ ਗੋਗੀਆ ਵਲੋਂ ਦਸਿਆ ਗਿਆ ਕਿ ਪੰਜਾਬ ਸਰਕਾਰ ਵਲੋਂ ਲੋਕ ਹਿੱਤ ਨੂੰ ਮੁੱਖ ਰੱਖਦਿਆ ਹੋਇਆ ਇਹ ਕਦਮ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਇਹ ਕਵਰੇਜ 5 ਲੱਖ ਰੁਪਏ ਤੱਕ ਸੀ ਅਤੇ ਕੁਝ ਖਾਸ ਵਰਗਾਂ ਤੱਕ ਸੀਮਿਤ ਸੀ, ਪਰ ਹੁਣ ਇਸਨੂੰ ਦੁੱਗਣਾ ਕਰਕੇ ਬਿਨਾਂ ਕਿਸੇ ਆਮਦਨ ਸੀਮਾ ਦੇ ਸਾਰੇ ਪੰਜਾਬ ਵਾਸੀਆਂ ਲਈ ਲਾਗੂ ਕੀਤਾ ਗਿਆ ਹੈ। ਸਰਕਾਰੀ ਕਰਮਚਾਰੀ, ਪੈਨਸ਼ਨਰ ਅਤੇ ਆਮ ਨਾਗਰਿਕ ਸਾਰੇ ਇਸ ਯੋਜਨਾ ਦਾ ਲਾਭ ਲੈ ਸਕਣਗੇ।

ਦੱਸਣ ਯੋਗ ਹੈ ਕਿ ਪਟਿਆਲਾ ਜ਼ਿਲ੍ਹੇ ਵਿੱਚ ਇਸ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪ੍ਰਸ਼ਾਸਨ ਅਤੇ ਪਾਰਟੀ ਸੰਗਠਨ ਵੱਲੋਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸ਼ੁਰੂਆਤੀ ਪੜਾਅ ਵਿੱਚ ਪੰਜਾਬ ਦੇ 6600 ਹਸਪਤਾਲਾਂ ਨੂੰ ਇਸ ਯੋਜਨਾ ਨਾਲ ਜੋੜਿਆ ਜਾ ਰਿਹਾ ਹੈ, ਤਾਂ ਜੋ ਮਰੀਜ਼ਾਂ ਨੂੰ ਨੇੜੇ-ਨੇੜੇ ਕੈਸ਼ਲੈੱਸ ਇਲਾਜ ਦੀ ਸੁਵਿਧਾ ਮਿਲ ਸਕੇ।

ਇਸ ਮੌਕੇ ਮੀਟਿੰਗ ਵਿੱਚ ਮੇਅਰ ਕੁੰਦਨ ਗੋਗੀਆ ਤੋਂ ਇਲਾਵਾ ਜਿਲਾ ਇੰਚਾਰਜ ਸ਼ਹਿਰੀ ਅਤੇ ਚੇਅਰਮੈਨ ਤੇਜਿੰਦਰ ਮਹਿਤਾ, ਸਕੱਤਰ ਅਮਨ ਡਾਬੀ, ਸੈਕਟਰੀ ਰਾਜਿੰਦਰ ਮੋਹਨ, ਪਟਿਆਲਾ ਸ਼ਹਿਰੀ ਦੇ ਬਲਾਕ ਪ੍ਰਧਾਨ ਅਮਨ ਬਾਂਸਲ, ਅਮਨ ਜੋਲੀ, ਕ੍ਰਿਸ਼ਨ ਕੁਮਾਰ , ਜਗਤਾਰ ਸਿੰਘ ਜੱਗੀ, ਅਸ਼ੋਕ ਬਾਂਸਲ ਸਨੀ ਡਾਬੀ, ਵਿਜੇ ਕਨੋਜੀਆ, ਸੁਸ਼ੀਲ ਮਿੱਡਾ, ਹਲਕਾ ਯੂਥ ਕੋਆਰਡੀਨੇਟਰ ਹਰਮਨ ਸੰਧੂ, ਬਲਾਕ ਯੂਥ ਕੋਆਰਡੀਨੇਟਰ ਰਣਜੀਤ ਸਿੰਘ, ਹਰਮੀਤ ਸਿੰਘ, ਇਕਬਾਲ ਸਿੰਘ, ਸਰਜੀਵਨ ਸਿੰਘ, ਸਿਮਰਨ ਪ੍ਰੀਤ, ਅੰਮ੍ਰਿਤਪਾਲ ਸਿੰਘ, ਪ੍ਰੀਤ ਕਮਲ ਸਿੰਘ ਅਤੇ ਗੁਰਸ਼ਰਨ ਸਿੰਘ ਮੌਜੂਦ ਰਹੇ।

## ਵਿਨੀਤ ਸਹਿਗਲ ਬਿੰਨੀ ਨੇ ਭਾਜਪਾ ਹਾਈਕਮਾਂਡ ਦਾ ਕੀਤਾ ਧੰਨਵਾਦ

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਵਾਂਗਾ ਅਤੇ ਪਾਰਟੀ ਲਈ ਤਨਦੇਹੀ ਨਾਲ ਕੰਮ ਕਰਾਂਗਾ: ਵਿਨੀਤ ਸਹਿਗਲ ਬਿੰਨੀ



ਪਟਿਆਲਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਪਟਿਆਲਾ ਸ਼ਹਿਰੀ ਦੇ ਨਵ ਨਿਯੁਕਤ ਮੀਤ ਪ੍ਰਧਾਨ ਵਿਨੀਤ ਸਹਿਗਲ ਬਿੰਨੀ ਨੇ ਇਸ ਜਿੰਮੇਵਾਰੀ ਲਈ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਸਾਬਕਾ ਵਿਦੇਸ਼ ਮੰਤਰੀ ਮਹਾਰਾਣੀ ਪਰਨੀਤ ਕੌਰ, ਭਾਜਪਾ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਬੀਬਾ ਜੈ ਇੰਦਰ ਕੌਰ ਅਤੇ ਭਾਜਪਾ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਵਿਜੇ ਕੁਮਾਰ ਕੂਕਾ ਸਨੇ ਸਮੁੱਚੀ ਭਾਜਪਾ ਹਾਈ ਕਮਾਂਡ ਦਾ ਧੰਨਵਾਦ ਕੀਤਾ ਹੈ। ਉਹਨਾਂ ਨੇ ਭਾਜਪਾ ਹਾਈ ਕਮਾਂਡ ਨੂੰ ਵਿਸ਼ਵਾਸ ਦਵਾਇਆ ਕਿ ਉਹ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਦਿਨ ਰਾਤ ਇੱਕ ਕਰਕੇ ਕੰਮ ਕਰਨਗੇ। ਇਸ ਦੇ ਨਾਲ ਹੀ ਵੱਧ ਤੋਂ ਵੱਧ ਲੋਕਾਂ ਨੂੰ ਪਾਰਟੀ ਦੇ ਨਾਲ ਜੋੜਨ ਲਈ ਮਿਹਨਤ ਕਰਨਗੇ।

ਵਿਨੀਤ ਸਹਿਗਲ ਬਿੰਨੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਅੱਜ ਦਿਨ ਦੁਗਨੀਰ ਅਤੇ ਰਾਤ ਚੋਗਨੀ ਤਰੱਕੀ ਕਰ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਹਰ ਵਰਗ ਨੂੰ ਧਿਆਨ ਵਿੱਚ ਰੱਖਦਿਆਂ ਨੀਤੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਕਿਸਾਨ ਦੀ ਆਮਦਨ ਦੁਗਣੀ ਹੋ ਗਈ ਹੈ ਅਤੇ ਗਰੀਬ ਵਰਗ ਵੀ ਆਪਣੇ ਪੈਰਾਂ ਸਿਰ ਖੜਾ ਹੋ ਰਿਹਾ ਹੈ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਸਾਲ 247 ਤੱਕ ਵਿਕਸਿਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਹਰ ਦੇਸ਼ ਵਾਸੀ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਜਾਵੇਗਾ ਅਤੇ ਭਾਰਤ ਦੇ ਇਸ ਨੂੰ ਵਿਕਸਿਤ ਭਾਰਤ ਬਣਾਇਆ ਜਾਵੇਗਾ। ਭਾਜਪਾ ਪਟਿਆਲਾ ਸ਼ਹਿਰੀ ਦੇ ਨਵ ਨਿਯੁਕਤ ਮੀਤ ਪ੍ਰਧਾਨ ਵਿਨੀਤ ਸਹਿਗਲ ਬਿੰਨੀ ਨੇ ਪੰਜਾਬ ਸਰਕਾਰ ਉੱਤੇ ਵੀ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਦੇ ਚਲਦਿਆਂ ਹੀ ਪੰਜਾਬ ਸਰਕਾਰ ਵੱਲੋਂ 10 ਦੇ ਕਰੀਬ ਪੱਤਰਕਾਰਾਂ ਉੱਤੇ ਕੇਸ ਦਰਜ ਕੀਤੇ ਹਨ। ਉਹਨਾਂ ਕਿਹਾ ਕਿ ਵਿਧਾਨ ਸਭਾ ਚੋਣਾਂ 2022 ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਲੋਕਾਂ ਨੂੰ ਰਾਜਸੀ ਆਗੂਆਂ ਤੋਂ ਸਵਾਲ ਪੁੱਛਣ ਲਈ ਜਾਗਰੂਕ ਕਰਦੇ ਸਨ ਪਰ ਅੱਜ ਉਨਾਂ ਨੂੰ ਹੀ ਲੋਕਾਂ ਦੇ ਸਵਾਲ ਚੰਗੇ ਨਹੀਂ ਲੱਗਦੇ। ਇਸ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਮੁੱਚੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦਾ ਦੋਹਰਾ ਚਿਹਰਾ ਸਭ ਦੇ ਸਾਹਮਣੇ ਆਉਂਦਾ ਹੈ। ਪਰ ਪੰਜਾਬ ਦੇ ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਅਜਿਹੇ ਦੋਹਰੇ ਰਵੱਈਏ ਲਈ ਮੋੜਵਾਂ ਜਵਾਬ ਜਰੂਰ ਦੇਣਗੇ।

# ਲਾਇਨ ਗੁਰਦੀਪ ਸਿੰਘ ਕੰਗ ਵੱਲੋਂ 92ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਰੋਹ ਆਯੋਜਿਤ

## ਮਲਟੀਪਲ ਚੇਅਰਮੈਨ ਦਵਿੰਦਰਪਾਲ ਅਰੋੜਾ ਨੇ ਲਗਾਈ ਇੰਟਰਨੈਸ਼ਨਲ ਪਿਨ ਐਨ.ਆਰ.ਆਈ. ਅਮਰਜੀਤ ਸਿੰਘ ਨੇ ਰਾਸ਼ਨ ਵੰਡ ਦਾ ਕੀਤਾ ਸ਼ੁਭਾਰੰਭ





ਫਗਵਾੜਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਲਾਇਂਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਨੇ ਬਾਬਾ ਬਾਲਕ ਨਾਥ ਸੇਵਾ ਸਮਿਤੀ ਫਗਵਾੜਾ ਦੇ ਸਹਿਯੋਗ ਨਾਲ ਕੰਗ ਇੰਟਰਪ੍ਰਾਈਜ਼ਿਜ਼, ਸੈਂਟ੍ਰਲ ਟਾਊਨ ਫਗਵਾੜਾ ਵਿਖੇ 92ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਰੋਹ ਆਯੋਜਿਤ ਕੀਤਾ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਲਾਇਂਜ਼ ਇੰਟਰਨੈਸ਼ਨਲ 321-ਡੀ ਦੇ ਮਲਟੀਪਲ ਚੇਅਰਮੈਨ (ਫੂਡ ਫਾਰ ਹੰਗਰ) ਲਾਇਨ ਦਵਿੰਦਰਪਾਲ ਅਰੋੜਾ ਅਤੇ ਪ੍ਰਵਾਸੀ ਭਾਰਤੀ ਅਮਰਜੀਤ ਸਿੰਘ (ਫਿਲੀਪੀਨਜ਼) ਅਤੇ ਅਨੀਤਾ (ਕੈਨੇਡਾ) ਸ਼ਾਮਲ ਹੋਏ।

ਇਸ ਤੋਂ ਇਲਾਵਾ ਬਾਬਾ ਬਾਲਕ ਨਾਥ ਸੇਵਾ ਸਮਿਤੀ ਦੇ ਸਰਪ੍ਰਸਤ ਧਰਮਪਾਲ ਨਿਸ਼ਚਲ, ਸਰਪ੍ਰਸਤ ਐਸ.ਪੀ. ਬਸਰਾ, ਸ਼ਿਵ ਸ਼ਕਤੀ ਮਾਤਾ ਮੰਦਰ ਦੀ ਅਧ ?ਯਕਸ਼ਾ ਸ਼੍ਰੀਮਤੀ ਚੰਚਲ ਸੇਠ, ਸੇਵਾਮੁਕਤ ਪ੍ਰਿੰਸੀਪਲ ਕੇ.ਕੇ. ਸ਼ਰਮਾ, ਸ਼ਿਵਸੇਨਾ ਅਖੰਡ ਭਾਰਤ ਦੇ ਰਾਸ਼ਟਰੀ ਅਧ ?ਯਕਸ਼ ਅਜੈ ਮਹੇਤਾ, ਪੰਜਾਬ ਪ੍ਰਦੇਸ਼ ਧਾਰਮਿਕ ਕਮੇਟੀ ਦੇ ਅਧ ?ਯਕਸ਼ ਮਨਿਸ਼ ਕਨੌਜੀਆ, ਮਨਜੀਤ ਕੌਰ ਸਰਪੰਚ ਭਾਖੜਿਆਣਾ ਅਤੇ ਸਮਾਜ ਸੇਵਕ ਵਰਿੰਦਰ ਸਿੰਘ ਕੰਬੋਜ ਵੀ ਹਾਜ਼ਰ ਸਨ।

ਮੁੱਖ ਮਹਿਮਾਨਾਂ ਵੱਲੋਂ 20 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੇ ਨਾਲ ਸਬਜ਼ੀਆਂ ਵੰਡੀਆਂ ਗਈਆਂ ਅਤੇ ਲਾਇਨ ਗੁਰਦੀਪ ਸਿੰਘ ਕੰਗ ਵੱਲੋਂ ਕੀਤੇ ਜਾ ਰਹੇ ਇਸ ਸੇਵਾ ਕਾਰਜ ਨੂੰ ਮਹਾਨ ਅਤੇ ਹੋਰਾਂ ਲਈ ਪ੍ਰੇਰਣਾਦਾਇਕ ਦੱਸਿਆ ਗਿਆ। ਮਲਟੀਪਲ ਚੇਅਰਮੈਨ ਲਾਇਨ ਦਵਿੰਦਰਪਾਲ ਅਰੋੜਾ ਨੇ ਲਾਇਨ ਗੁਰਦੀਪ ਸਿੰਘ ਕੰਗ ਦੇ ਸਮਾਜ ਸੇਵੀ ਕਾਰਜਾਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ ਇੰਟਰਨੈਸ਼ਨਲ ਪਿਨ ਲਗਾ ਕੇ ਸਨਮਾਨਿਤ ਕੀਤਾ। ਲਾਇਨ ਅਰੋੜਾ ਨੇ ਕਿਹਾ ਕਿ ਹਰ ਮਹੀਨੇ ਲੋੜਵੰਦ ਪਰਿਵਾਰਾਂ ਲਈ ਰਾਸ਼ਨ ਉਪਲਬਧ ਕਰਵਾਉਣਾ ਬਹੁਤ ਹੀ ਸਰਾਹਣਯੋਗ ਪ੍ਰੋਜੈਕਟ ਹੈ। ਉਨ੍ਹਾਂ ਨੇ ਕਿਹਾ ਕਿ ਫਗਵਾੜਾ ਵਿੱਚ ਲਾਇਂਜ਼ ਇੰਟਰਨੈਸ਼ਨਲ 321-ਡੀ ਦਾ ਮਾਣ ਵਧਾਉਣ ਲਈ ਗੁਰਦੀਪ ਸਿੰਘ ਕੰਗ ਵਧਾਈ ਦੇ ਪਾਤਰ ਹਨ। ਪ੍ਰਵਾਸੀ ਭਾਰਤੀ ਅਮਰਜੀਤ ਸਿੰਘ ਨੇ ਕਿਹਾ ਕਿ ਅਜਿਹੇ ਨੇਕ ਕਾਰਜ ਸਦਾ ਕਰਦੇ ਰਹਿਣੇ ਚਾਹੀਦੇ ਹਨ ਅਤੇ ਲੋੜਵੰਦਾਂ ਦੀ ਹਰ ਸੰਭਵ ਮਦਦ ਕਰਨੀ ਚਾਹੀਦੀ ਹੈ।

ਲਾਇਨ ਗੁਰਦੀਪ ਸਿੰਘ ਨੇ ਦੱਸਿਆ ਕਿ ਉਹ ਹਰ ਮਹੀਨੇ ਇਹ ਰਾਸ਼ਨ ਵੰਡ ਸਮਾਰੋਹ ਆਯੋਜਿਤ ਕਰਦੇ ਹਨ, ਜਿਸ ਵਿੱਚ ਉਨ੍ਹਾਂ ਨੂੰ ਬਾਬਾ ਬਾਲਕ ਨਾਥ ਸੇਵਾ ਸਮਿਤੀ ਅਤੇ ਪ੍ਰਵਾਸੀ ਭਾਰਤੀ ਰਾਣਾ ਕੁਲਥਮੀਆ ਦਾ ਵੀ ਸਹਿਯੋਗ ਮਿਲਦਾ ਹੈ। ਇਸ ਦੌਰਾਨ ਮੁੱਖ ਮਹਿਮਾਨਾਂ ਅਤੇ ਗਣਮਾਨਿਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ।

# ਧੀਆਂ ਲੱਖ ਦੇਵਣ ਸਾਥ, ਨੂਹਾਂ ਹੀ ਹੁੰਦੀਆਂ ਨੇ ਸਿਰ ਦਾ ਤਾਜ




ਲੁਧਿਆਣਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਲੋਹੜੀ ਦੇ ਆਉਣ ਵਾਲੇ ਪਾਵਨ ਤਿਉਹਾਰ ਦੇ ਮੌਕੇ 'ਤੇ ਕ੍ਰੀਏਟਿਵ ਲੇਡੀਜ਼ ਕਲੱਬ ਵੱਲੋਂ ਨੂਹਾਂ ਦੀ ਮਹੱਤਤਾ ਨੂੰ ਸਮਰਪਿਤ ਨੂਹਾਂ ਦੀ ਲੋਹੜੀ ਥੀਮ ਹੇਠ ਖਾਸ ਸਮਾਗਮ ਦਾ ਆਯੋਜਨ ਕੀਤਾ ਗਿਆ।

ਇਸ ਵਿਲੱਖਣ ਪਹਿਲ ਦੀ ਸੋਚ ਕਲੱਬ ਦੀ ਪ੍ਰਧਾਨ ਸ੍ਰੀਮਤੀ ਅਨੂ ਕਪੂਰ ਦੀ ਸੀ, ਜਿਨ੍ਹਾਂ ਨੇ ਕਲੱਬ ਮੈਂਬਰਾਂ ਦੇ ਨਾਲ ਆਪਣੀ ਨੂਹ ਦੀ ਪਹਿਲੀ ਲੋਹੜੀ ਮਨਾਈ।

ਸਮਾਗਮ ਦੀ ਸ਼ੁਰੂਆਤ ਲੋਹੜੀ ਨਾਲ ਸੰਬੰਧਿਤ ਤੰਬੋਲਾ ਖੇਡਾਂ ਨਾਲ ਹੋਈ। ਇਸ ਤੋਂ ਬਾਅਦ ਚੈਰੀ ਅਤੇ ਸ਼ਿਲਪਾ ਵੱਲੋਂ ਪੇਸ਼ ਕੀਤੇ ਗਏ ਮਨਮੋਹਕ ਡਿਊਐਟ ਨਾਚ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਸਮਾਗਮ ਦਾ ਮੁੱਖ ਆਕਰਸ਼ਣ ਕਲੱਬ ਮੈਂਬਰਾਂ ਸਤਿੰਦਰ ਸੋਨੀ, ਰਮਨਦੀਪ, ਸਿਮੀ ਵਾਲੀਆ, ਆਸ਼ੂ ਛੱਡਾ, ਸ਼ਿਖਾ ਮੱਕੜ, ਸੁਨੀਤ, ਪੂਨਮ ਸੂਦ, ਰੋਜ਼ੀ ਗਰੋਵਰ, ਜਸਪ੍ਰੀਤ ਲੋਟੇ, ਮਿਸ਼ੀ ਜਿੰਦਲ, ਕੋਮਲ ਸੇਠੀ, ਅਨੂ ਕਪੂਰ ਅਤੇ ਵਿਨੈਪ੍ਰੀਤ ਵੱਲੋਂ ਪੇਸ਼ ਕੀਤਾ ਗਿਆ ਸ਼ਾਨਦਾਰ ਗਿੱਧਾ ਅਤੇ ਲੋਹੜੀ ਦੀਆਂ ਰਸਮਾਂ ਰਹੀਆਂ। ਇਸ ਤੋਂ ਬਾਅਦ ਆਰਤੀ ਸ਼ਰਮਾ ਦੀ ਹਾਸਿਆਤਮਕ ਪ੍ਰਸਤੁਤੀ ਨੇ ਸਮਾਗਮ ਨੂੰ ਹੋਰ ਰੌਣਕ ਬਖ਼ਸ਼ੀ।

ਇਸ ਮੌਕੇ 'ਤੇ ਡਾ. ਮੋਨਿਕਾ ਸਾਡੀਉਰਾ (ਕਾਸਮੈਟੋਲੋਜਿਸਟ ਐਸਥੈਟਿਕ) ਵੱਲੋਂ ਤਵਚਾ ਦੀ ਦੇਖਭਾਲ ਅਤੇ ਐਸਥੈਟਿਕ ਇਲਾਜਾਂ ਬਾਰੇ ਜਾਣਕਾਰੀਪੂਰਨ ਡਾਕਟਰ ਟਾਕ ਵੀ ਕਰਵਾਈ ਗਈ।

ਸਮਾਗਮ ਵਿੱਚ ਸ੍ਰੀਮਤੀ ਰੀਮਾ ਅਰੋੜਾ ਆਪਣੀ ਨੂਹ ਰਿਧਿਮਾ ਨਾਲ ਅਤੇ ਸ੍ਰੀਮਤੀ ਸੋਨੀਆ ਛਾਬੜਾ ਆਪਣੀ ਨੂਹ ਪ੍ਰਭਲੀਨ ਨਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਦੀ ਹਾਜ਼ਰੀ ਨੇ ਸਮਾਗਮ ਵਿੱਚ ਹੋਰ ਉਤਸ਼ਾਹ ਭਰ ਦਿੱਤਾ।

ਕਲੱਬ ਦੀ ਸਕੱਤਰ ਕੋਮਲ ਸੇਠੀ ਅਤੇ ਮੈਂਬਰ ਪੂਨਮ ਸੂਦ, ਅੰਜੂ ਕਲਰਾ, ਨੀਲਮ ਰਲਹਾਨ, ਮੀਨੂ ਬੰਸਲ, ਤਰਨਪ੍ਰੀਤ ਰੂਹੀ ਸਮੇਤ ਪ੍ਰਧਾਨ ਅਨੂ ਕਪੂਰ—ਜਿਨ੍ਹਾਂ ਦੀਆਂ ਨੂਹਾਂ ਦੀ ਪਹਿਲੀ ਲੋਹੜੀ ਸੀ—ਨੇ ਖੁਸ਼ੀ ਸਾਂਝੀ ਕਰਦਿਆਂ ਮੈਂਬਰਾਂ ਨੂੰ ਲੋਹੜੀ ਵੰਡੀ। ਇਸ ਤੋਂ ਇਲਾਵਾ ਡਾਇਰੈਕਟਰ ਸੁਰਿੰਦਰ ਬੰਸਲ, ਚੇਅਰਪਰਸਨ ਸ਼ਾਸ਼ੀ ਖੁੱਲਰ, ਸੀਨੀਅਰ ਐਡਵਾਈਜ਼ਰ ਕੁਲਵੰਤ ਭੰਬਰ, ਉਪ-ਪ੍ਰਧਾਨ ਸਤਿੰਦਰ ਸੋਨੀ ਅਤੇ ਬੋਰਡ ਮੈਂਬਰ ਰੇਨੂ ਭੰਬਰੀ, ਸਿਮਰਨ ਆਹੂਜਾ, ਹਰਜੀਤ ਕੋਚਰ, ਵਿਨੈਪ੍ਰੀਤ ਕੌਰ, ਤਰਨਪ੍ਰੀਤ ਅਤੇ ਸਤਿੰਦਰ ਟੋਨੀ ਵੱਲੋਂ ਮੈਂਬਰਾਂ ਨੂੰ ਮਿੱਠਿਆਂ ਦੇ ਡੱਬੇ ਭੇਟ ਕਰਕੇ ਲੋਹੜੀ ਦੀਆਂ ਵਧਾਈਆਂ ਦਿੱਤੀਆਂ ਗਈਆਂ।

ਇਹ ਸਮਾਗਮ ਨੂਹਾਂ ਨੂੰ ਪਰਿਵਾਰ ਦਾ ਮਾਣ ਅਤੇ ਸਿਰ ਦਾ ਤਾਜ ਮੰਨਣ ਦੇ ਸੁਨੇਹੇ ਨਾਲ ਸਮਾਪਤ ਹੋਇਆ।

# ਵਧੀਕ ਜਿਲ੍ਹਾ ਮੈਜਿਸਟ੍ਰੇਟ ਵੱਲੋਂ ਸੜਕਾਂ ਤੇ ਫੁਟਪਾਥਾਂ ਤੋਂ ਕਬਜ਼ੇ ਹਟਾਉਣ ਦੇ ਹੁਕਮ



ਪਟਿਆਲਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ-ਕਮ-ਏ.ਡੀ.ਸੀ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪਟਿਆਲਾ ਤੇ ਨਗਰ ਨਿਗਮ ਦੀ ਹਦੂਦ ਅੰਦਰ ਸੜਕਾਂ ਦੇ ਕਿਨਾਰਿਆਂ ਅਤੇ ਫੁਟਪਾਥਾਂ ਤੋਂ ਨਜਾਇਜ਼ ਕਬਜ਼ੇ ਹਟਾਉਣ ਦੇ ਹੁਕਮ ਜਾਰੀ ਕੀਤੇ ਹਨ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਆਮ ਦੇਖਣ ਵਿੱਚ ਆਇਆ ਹੈ ਕਿ ਸ਼ਹਿਰ ਅੰਦਰ ਦੁਕਾਨਦਾਰਾਂ ਅਤੇ ਹੋਰ ਕਾਰੋਬਾਰੀਆਂ ਨੇ ਆਪਣੀਆਂ ਦੁਕਾਨਾਂ ਤੇ ਵਪਾਰਕ ਅਦਾਰਿਆਂ ਦੇ ਬਾਹਰ ਸੜਕਾਂ @ਤੇ ਆਪਣੇ ਅਣਅਧਿਕਾਰਤ ਮਸ਼ਹੂਰੀ ਬੋਰਡ ਫਲੈਕਸਾਂ ਤੇ ਸਾਈਨ ਬੋਰਡ ਲਗਾ ਕੇ ਆਵਾਜਾਈ ਵਿੱਚ ਵਿਘਨ ਪਾਇਆ ਜਾ ਰਿਹਾ ਹੈ।

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਇਕ ਤਰਫ਼ਾ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਦੇ ਬਾਹਰ ਸਮਾਨ ਵਧਾ ਕੇ ਬਾਹਰ ਰੱਖਿਆ ਜਾਂਦਾ ਹੈ, ਫੁਟਪਾਥਾਂ @ਤੇ ਰੇਹੜੀਆਂ ਤੇ ਖੋਖੇ, ਫੜੀਆਂ ਲਗਾਈਆਂ ਜਾਂਦੀਆਂ ਅਤੇ ਵਹੀਕਲ ਵੀ ਰਸਤੇ ਵਿੱਚ ਗ਼ਲਤ ਢੰਗ ਨਾਲ ਪਾਰਕ ਕੀਤੇ ਜਾਂਦੇ ਹਨ। ਅਜਿਹਾ ਹੋਣ ਨਾਲ ਰਸਤੇ ਭੀੜੇ ਤੇ ਤੰਗ ਹੋ ਜਾਂਦੇ ਹਨ ਅਤੇ ਆਮ ਲੋਕਾਂ ਨੂੰ ਆਵਾਜਾਈ ਵਿੱਚ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਏ.ਡੀ.ਸੀ. ਸਿਮਰਪ੍ਰੀਤ ਕੌਰ ਵੱਲੋਂ ਪਾਸ ਹੁਕਮਾਂ ਮੁਤਾਬਕ ਅਜਿਹਾ ਹੋਣ ਨਾਲ ਟ੍ਰੈਫਿਕ ਵਿਵਸਥਾ ਵਿੱਚ ਵਿਘਨ ਪੈਂਦਾ ਹੈ ਤੇ ਘੰਟਿਆਂ ਬੱਧੀ ਜਾਮ ਲੱਗ ਜਾਂਦੇ ਹਨ ਅਤੇ ਇਸ ਕਾਰਨ ਰਾਹਗੀਰਾਂ ਤੇ ਆਮ ਲੋਕਾਂ ਦਰਮਿਆਨ ਆਪਸੀ ਲੜਾਈ ਝਗੜੇ ਦਾ ਮਾਹੌਲ ਬਣ ਜਾਂਦਾ ਹੈ, ਇਹ ਹਾਲਤ ਪੈਦਲ ਚੱਲਣ ਵਾਲਿਆਂ ਲਈ ਦਰਘਟਨਾਗ੍ਰਸਤ ਹੋਣ ਅਤੇ ਹੋਰ ਛੋਟੇ ਜੁਰਮਾਂ ਦੇ ਵਾਧੇ ਲਈ ਅਨਕੂਲ ਹੋ ਜਾਂਦੇ ਹਨ ਅਤੇ ਅਜਿਹੀ ਸਥਿਤੀ ਕਾਰਨ ਜ਼ਿਲ੍ਹੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਵੀ ਵਿਗੜਨ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਉਪਰੋਕਤ ਸਥਿਤੀ ਪੈਦਾ ਹੋਣ ਤੋਂ ਰੋਕਣ ਲਈ ਹੁਕਮ ਜਾਰੀ ਕੀਤੇ ਹਨ ਕਿ ਨਗਰ ਨਿਗਮ ਵੱਲੋਂ ਨਿਰਧਾਰਤ ਕੀਤੀਆਂ ਥਾਵਾਂ ਜਾਂ ਵੈਂਡਰ ਹਾਕਿੰਗ ਜੋਨ ਤੋਂ ਇਲਾਵਾ ਨਾਜਾਇਜ਼ ਤੌਰ @ਤੇ ਸੜਕਾਂ ਦੇ ਨਾਲ-ਨਾਲ ਫੁਟਪਾਥਾਂ @ਤੇ ਅਣ-ਅਧਿਕਾਰਤ ਤੇ ਨਾਜਾਇਜ਼ ਕਬਜ਼ੇ ਨਾ ਕੀਤੇ ਜਾਣ। ਦੁਕਾਨਦਾਰਾਂ ਵਲੋਂ ਆਪਣੇ ਹੋਰਡਿੰਗ ਤੇ ਸਾਇਨ ਬੋਰਡ ਤੇ ਫਲੈਕਸਾਂ ਅਤੇ ਆਪਣਾ ਸਮਾਨ ਸੜਕਾਂ @ਤੇ ਅੱਗੇ ਵਧਾ ਕੇ ਨਾ ਰੱਖਿਆ ਜਾਵੇ। ਵਹੀਕਲ ਤੇ ਸਾਰੇ ਵਾਹਨ ਨਿਰਧਾਰਤ ਕੀਤੇ ਪਾਰਕਿੰਗ ਸਥਾਨਾਂ @ਤੇ ਹੀ ਖੜ੍ਹੇ ਕੀਤੇ ਜਾਣ। ਇਹ ਹੁਕਮ ਜ਼ਿਲ੍ਹਾ ਪੁਲਿਸ, ਆਰ.ਟੀ.ਓ. ਤੇ ਨਗਰ ਨਿਗਮ ਵੱਲੋਂ ਆਪਣੇ ਖੇਤਰਾਂ ਵਿੱਚ ਸਖ਼ਤੀ ਨਾਲ ਲਾਗੂ ਕਰਵਾਏ ਜਾਣਗੇ।

# ਮਹੀਨਾਵਾਰ ਮੀਟਿੰਗ ਕਰਕੇ ਸਲਾਨਾ ਕੈਲੰਡਰ ਅਤੇ ਮੈਂਬਰਸ਼ਿਪ ਵੰਡੀ ਗਈ



ਪਟਿਆਲਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ, ਸਬ ਕਮੇਟੀ ਸਿੱਖਿਆ ਵਿਭਾਗ, ਪਟਿਆਲਾ ਵੱਲੋਂ ਮਹੀਨਾਵਾਰ ਮੀਟਿੰਗ ਕਰਕੇ ਸਲਾਨਾ ਕੈਲੰਡਰ ਅਤੇ ਮੈਂਬਰਸ਼ਿਪ ਵੰਡੀ ਗਈ। ਇਸ ਮੀਟਿੰਗ ਤੋਂ ਬਾਅਦ ਕੱਚੇ ਅਤੇ ਪੱਕੇ ਮੁਲਾਜਮ ਸਾਥੀ ਇੱਕਤਰਿਤ ਹੋਏ ਅਤੇ ਪਾਰਟ ਟਾਈਮ ਕਰਮਚਾਰੀਆਂ ਨੂੰ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਰਵਿੰਦਰਪਾਲ ਸ਼ਰਮਾ ਜੀ ਨੇ ਆਪਣੇ ਹੱਥ ਨਾਲ ਰੈਗੂਲਰ ਆਰਡਰ ਕੀਤੇ। ਇਸ ਸਮੇਂ ਸ਼ਾਮਲ ਸਾਥੀ ਪ੍ਰਧਾਨ ਰਾਮ ਪ੍ਰਸਾਦ ਸਹੋਤਾ, ਚਰਨਜੀਤ ਮਰਦਾਪੁਰ, ਤਰਸੇਮ ਲਾਲ, ਸੁਖਵੰਤ ਸਿੰਘ, ਧਰਮਿੰਦਰ ਸਿੰਘ, ਰਮੇਸ਼ ਕੁਮਾਰ, ਬੀਨਾ ਰਾਣੀ, ਓਮ ਪ੍ਰਕਾਸ, ਸਿੰਦਰ ਕੌਰ, ਗੁਰਜੀਤ ਕੌਰ, ਜਰਨੈਲ ਕੌਰ, ਸੰਜੂ ਰਾਣੀ, ਕ੍ਰਿਸ਼ਨਾ ਰਾਣੀ, ਊਸ਼ਾ ਰਾਣੀ ਆਦਿ ਸ਼ਾਮਿਲ ਸਨ।

# ਕੁੱਟਮਾਰ ਮਾਮਲੇ ਵਿੱਚ ਦੋ ਸਕੇ ਭਰਾਵਾਂ ਤੇ ਉਨ੍ਹਾਂ ਦੇ ਪੁੱਤਰਾਂ ਸਮੇਤ ਚਾਰ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੁਰਾਣੇ ਜ਼ਮੀਨੀ ਵਿਵਾਦ ਦੇ ਕਾਰਨ ਇੱਕ ਕਿਸਾਨ ਨਾਲ ਕੁੱਟਮਾਰ ਕਰਨ ਦੇ ਦੋਸ਼ ਵਿੱਚ ਸਦਰ ਪੁਲਿਸ ਨੇ ਦੋ ਸਕੇ ਭਰਾਵਾਂ ਅਤੇ ਉਨ੍ਹਾਂ ਦੇ ਪੁੱਤਰਾਂ ਸਮੇਤ ਕੁੱਲ ਚਾਰ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

ਮੁਲਜ਼ਮਾਂ ਵਿੱਚ ਧੰਨਾ ਸਿੰਘ, ਉਸ ਦਾ ਭਰਾ ਵਿਚਿੱਤਰ ਸਿੰਘ ਅਤੇ ਪੁੱਤਰ ਗੁਨਤਾਰ ਸਿੰਘ (ਸਾਰੇ ਵਾਸੀ ਪਿੰਡ ਚੌਹਟ) ਸ਼ਾਮਲ ਹਨ।ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਿਸ ਦੇ ਏ.ਐੱਸ.ਆਈ. ਸਰਵਜੀਤ ਸਿੰਘ ਨੇ ਦੱਸਿਆ ਕਿ ਪਲਵਿੰਦਰ ਸਿੰਘ ਵਾਸੀ ਪਿੰਡ ਰਣਵੀਰਪੁਰ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਪਿੰਡ ਚੌਹਟ ਵਿੱਚ ਉਸ ਦੀ ਜ਼ਮੀਨ ਹੈ। 3 ਜਨਵਰੀ ਨੂੰ ਦੁਪਹਿਰ ਤੋਂ ਬਾਅਦ ਜਦੋਂ ਉਹ ਆਪਣੀ ਜ਼ਮੀਨ 'ਤੇ ਗੇੜਾ ਮਾਰਨ ਗਿਆ ਤਾਂ ਮੁਲਜ਼ਮਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਉਸ ਦੀ ਕੁੱਟਮਾਰ ਕੀਤੀ। ਉਸ ਨੂੰ ਜ਼ਖ਼ਮੀ ਹਾਲਤ ਵਿੱਚ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ।

# ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਮਰੀਜ਼ਾਂ ਅਤੇ ਲੋੜਵੰਦਾਂ ਲਈ ਲਗਾਇਆ ਲੰਗਰ




ਖਰੜ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਲਾਇਨਜ਼ ਕਲੱਬ ਇੰਟਰਨੈਸ਼ਨਲ ਡਿਸਟ੍ਰਿਕਟ-321 ਐਫ ਦੀ ਸਮਾਜ ਸੇਵੀ ਸੰਸਥਾ ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਪੀ.ਜੀ.ਆਈ.ਚੰਡੀਗੜ੍ਹ ਵਿਖੇ ਮਰੀਜ਼ਾਂ ਅਤੇ ਮਰੀਜ਼ਾਂ ਨਾਲ ਆਏ ਪਰਿਵਾਰਾਂ ਦੀ ਸਹੂਲਤਾਂ ਲਈ ਲੰਗਰ ਲਗਾਇਆ ਗਿਆ। ਲਾਇਨਜ਼ ਕਲੱਬ ਖਰੜ ਸਿਟੀ ਦੇ ਪ੍ਰਧਾਨ ਰਜਨੀਸ ਕੁਮਾਰ ਸੋਨੀ ਦਸਿਆ ਕਿ ਸਵਾਮੀ ਜੀ ਨਦੀ ਪਾਰ ਕੁਟੀਆਂ ਕੁਰਾਲੀ ਵਿਖੇ ਲੰਗਰ ਤਿਆਰ ਕਰਵਾਕੇ ਪੀ.ਜੀ.ਆਈ. ਚੰਡੀਗੜ੍ਹ ਵਿਖੇ ਮਰੀਜ਼ਾਂ ਅਤੇ ਨਾਲ ਆਏ ਪਰਿਵਾਰਾਂ ਦੀ ਲਈ ਸੇਵਾ ਕੀਤੀ ਅਤੇ ਉਨ੍ਹਾਂ ਲਈ ਕੜਾਹ ਪ੍ਰਸ਼ਾਦਿ, ਚਾਵਲ, ਕਾਲੇ ਛੋਲੇ ਅਤੇ ਪ੍ਰਸਾਦਿਆਂ ਦਾ ਲੰਗਰ ਵਰਤਾਇਆ ਗਿਆ ਹੈ। ਉਨ੍ਹਾਂ ਦਸਿਆ ਕਿ ਕਲੱਬ ਵਲੋਂ ਇਸ ਤਰ੍ਹਾਂ ਦੇ ਪ੍ਰੋਜੈਕਟ ਜਲਦੀ ਹੋ ਲਗਾਏ ਜਾਣਗੇ ਅਤੇ ਭਵਿੱਖ ਵਿਚ ਇਸ ਤਰ੍ਹਾਂ ਦੀ ਸੇਵਾ ਜਾਰੀ ਰੱਖੀ ਜਾਵੇਗੀ। ਇਸ ਮੌਕੇ ਰਵਿੰਦਰ ਟੰਡਨ, ਸੁਨੀਲ ਕੁਮਾਰ ਗਿੰਨੀ, ਪਰਮਪ੍ਰੀਤ ਸਿੰਘ, ਜੋਨ ਚੇਅਰਮੈਨ ਸੰਜੀਵ ਕੁਮਾਰ,ਪੰਕਜ ਚੱਢਾ, ਪੰਡਿਤ ਚੰਦਰ ਸ਼ੇਖਰ, ਵਿੱਕੀ ਟੰਡਨ, ਭੁਪਿੰਦਰ ਮਹਿਰਾ, ਗੁਰਮੁੱਖ ਸਿੰਘ ਮਾਨ, ਮਨਿੰਦਰ ਸਿੰਘ ਸੈਣੀ, ਜੰਗਨੂੰ ਸ਼ਰਮਾ, ਪੰਕਜ, ਵਰੁਣ ਕਾਕਾ, ਵਿਸ਼ਾਲ ਸਮੇਤ ਹੋਰ ਅਹੁੱਦੇਦਾਰ ਅਤੇ ਸੇਵਾਦਾਰ ਹਾਜ਼ਰ ਸਨ।

# ਕੱਚੇ ਮੁਲਾਜ਼ਮਾਂ ਵੱਲੋਂ 24 ਨੂੰ ਦਿੜ੍ਹਬਾ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਸੀਵਰੇਜ ਬੋਰਡ ਕਾਮਿਆਂ ਨੇ ਕੀਤੀ ਮੀਟਿੰਗ



ਸੁਨਾਮ ਊਧਮ ਸਿੰਘ ਵਾਲਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਇੰਪਲਾਈਜ ਕੰਟਰੈਕਟ ਵਰਕਰਜ ਯੂਨੀਅਨ ਰਜਿ. 23 ਦੀ ਵਿਸ਼ੇਸ਼ ਮੀਟਿੰਗ ਸੀਵਰੇਜ ਟ੍ਰੀਟਮੈਂਟ ਪਲਾਂਟ ਬਖਸ਼ੀਵਾਲਾ ਰੋਡ ਸੁਨਾਮ ਵਿਖੇ ਸੂਬਾ ਆਗੂ ਗਗਨਦੀਪ ਸਿੰਘ ਸੁਨਾਮ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੀਵਰੇਜ ਬੋਰਡ ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ ਨੇ ਵਰਕਰਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੂਰੇ ਦੇ ਅੰਦਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਿੱਚ 2348 ਦੇ ਕਰੀਬ ਪਿਛਲੇ 15-20 ਸਾਲਾ ਤੋਂ ਵੱਖ ਵੱਖ ਠੇਕੇਦਾਰਾਂ, ਕੰਪਨੀਆਂ ਅਤੇ ਸੋਸਾਇਟੀਆਂ ਰਾਹੀਂ ਨਿਗੂਣੀਆਂ ਤਨਖਾਹਾਂ ਤੇ ਕੰਮ ਕਰਦੇ ਆ ਰਹੇ ਹਨ। ਪਿਛਲੇ ਚਾਰ ਸਾਲਾਂ ਤੋਂ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਅੰਦਰ ਵੱਖ-ਵੱਖ ਭਾਗਾਂ ਵਿੱਚ ਕੰਮ ਕਰਦੇ ਕੱਚੇ ਕਾਮਿਆਂ ਨਾਲ ਇਹ ਵਾਅਦਾ ਕੀਤਾ ਸੀ ਕਿ ਆਉਣ ਸਾਰ ਕੱਚੇ ਕਾਮਿਆਂ ਨੇ ਵਿਭਾਗ ਵਿੱਚ ਲਿਆ ਕੇ ਰੈਗੂਲਰ ਕੀਤਾ ਜਾਵੇਗਾ।

ਆਪ ਸਰਕਾਰ' ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਸਾਨੂੰ ਕੱਚੇ ਮੁਲਾਜ਼ਮਾਂ ਨੂੰ ਲਾਰੇ-ਲੱਪਿਆਂ 'ਚ ਰੱਖ ਕੇ ਸਮਾਂ ਲੰਘਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸੀਵਰੇਜ ਬੋਰਡ ਵਿੱਚ ਕਿਰਤ ਦੀ ਕੀਤੀ ਜਾ ਰਹੀ ਅੰਨ੍ਹੀ-ਲੁੱਟ ਨੂੰ ਬੰਦ ਕਰਨ ਦੇ ਐਲਾਨ ਮਗਰੋਂ ਵੀ ਠੇਕਾ ਮੁਲਾਜ਼ਮਾਂ ਨੂੰ ਠੇਕਾ ਪ੍ਰਣਾਲੀ ਦੀ ਚੱਕੀ 'ਚ ਪਿਸਣ ਲਈ ਮਜ਼ਬੂਰ ਕੀਤਾ ਹੋਇਆ ਹੈ। ਇਸ ਦੇ ਵਿਰੋਧ ਵਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਵੱਲੋਂ 24 ਜਨਵਰੀ ਨੂੰ ਦਿੜ੍ਹਬਾ ਦੀ ਅਨਾਜ ਮੰਡੀ 'ਚ ਪਰਿਵਾਰਾਂ ਅਤੇ ਬੱਚਿਆਂ ਸਮੇਤ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿਚ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਕੱਚੇ ਕਾਮੇ ਪੂਰੇ ਪੰਜਾਬ ਵਿਚੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।

ਇਸ ਮੌਕੇ ਗਗਨਦੀਪ ਸ਼ਰਮਾ ਸਲਾਹਕਾਰ, ਸੰਦੀਪ ਸਿੰਘ ਖਜਾਨਚੀ, ਜਗਦੀਪ ਸਿੰਘ ਮੀਤ ਪ੍ਰਧਾਨ, ਵਿਸ਼ਾਲ ਗਰਗ, ਬਲਦੇਵ ਸਿੰਘ, ਜਗਪ੍ਰੀਤ ਸਿੰਘ, ਦੀਪਕ ਸਿੰਘ, ਸੁਖਬੀਰ ਸਿੰਘ, ਮੇਜਰ ਸਿੰਘ, ਮਨਜੀਤ ਸਿੰਘ, ਹਰਦੇਵ ਸਿੰਘ, ਸ਼ਾਮ ਸਿੰਘ ਆਦਿ ਵੀ ਹਾਜ਼ਰ ਸਨ।

# ਯੁੱਧ ਨਸ਼ਿਆਂ, ਹਾਦਸਿਆਂ, ਲਾਪਰਵਾਹੀਆਂ ਵਿਰੁੱਧ ਸਫਲਤਾ ਲਈ ਜਾਗਰੂਕਤਾ ਜ਼ਰੂਰੀ




ਪਟਿਆਲਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਧਦੀਆਂ ਜਾ ਰਹੀਆਂ ਬਿਮਾਰੀਆਂ, ਮੌਤਾਂ ਅਤੇ ਤਬਾਹੀਆਂ ਤੋਂ ਪੰਜਾਬ ਨੂੰ ਬਚਾਉਣ ਲਈ ਸ਼ੁਰੂ ਹੋਏ ਮਾਨਵਤਾਵਾਦੀ ਜਾਗਰੂਕਤਾ ਮਿਸ਼ਨ ਦੀ ਸਫਲਤਾ ਅਤੇ ਪੰਜਾਬ ਨੂੰ ਸਿਹਤਮੰਦ, ਸੁਰਖਿਅਤ, ਖੁਸ਼ਹਾਲ, ਉੱਨਤ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਹਮੇਸ਼ਾ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਅਤੇ ਜ਼ੁਮੇਵਾਰੀਆਂ ਨਿਭਾਉਣ ਲਈ ਸਬਰ ਸ਼ਾਂਤੀ ਅਤੇ ਅਨੁਸ਼ਾਸਨ ਅਨੁਸਾਰ ਯਤਨ ਕਰਨੇ ਚਾਹੀਦੇ ਹਨ ਇਹ ਵਿਚਾਰ ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਇੰਸਪੈਕਟਰ ਸਰਬਜੀਤ ਕੌਰ ਅਤੇ ਏ ਐਸ ਆਈ ਰਾਮ ਸਰਨ ਵਲੋਂ ਪੀ ਆਰ ਟੀ ਸੀ ਟ੍ਰੇਨਿੰਗ ਸਕੂਲ ਵਿਖੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਡਰਾਈਵਰਾਂ, ਕੰਡਕਟਰਾਂ ਅਤੇ ਟੈਕਨੀਕਲ ਸਟਾਫ਼ ਨੂੰ ਬੇਨਤੀ ਕਰਦਿਆ ਕਿਹਾ ਕਿ ਆਪਣੇ ਘਰ ਪਰਿਵਾਰਾਂ ਅਤੇ ਨਾਗਰਿਕਾਂ ਦੀ ਖੁਸ਼ੀਆਂ, ਖੁਸ਼ਹਾਲੀ, ਉਨਤੀ ਲਈ ਆਵਾਜਾਈ, ਸਿਹਤ ਸੰਭਾਲ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਹਮੇਸ਼ਾ ਇੱਕ ਜ਼ੁਮੇਵਾਰ, ਵਫ਼ਾਦਾਰ, ਨਾਗਰਿਕ ਵਜੋਂ ਯਤਨ ਕੀਤੇ ਜਾਣ। ਸ਼੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਸੁਸਾਇਟੀ ਨੇ ਜ਼ਖਮੀਆਂ ਦੀ ਫਸਟ ਏਡ ਸੀ ਪੀ ਆਰ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ, ਸਾਇਬਰ ਸੁਰੱਖਿਆ ਅਤੇ ਹੈਲਪ ਲਾਈਨ ਨੰਬਰ 112/101/108/1033 ਅਤੇ 1930 ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਅਪੀਲ ਕੀਤੀ ਕਿ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਦੀ ਪਾਲਣਾ ਕਰਕੇ ਸਾਨੂੰ ਖੁਸ਼ੀਆਂ, ਸਨਮਾਨ ਮਿਲਦੇ, ਜਦਕਿ ਇਨ੍ਹਾਂ ਦੀ ਉਲੰਘਣਾ ਕਰਨ ਵਾਲੇ ਮੁਸੀਬਤਾਂ, ਪ੍ਰੇਸ਼ਾਨੀਆਂ ਵਿੱਚ ਫ਼ਸਦੇ ਹਨ। ਇੰਸਪੈਕਟਰ ਕ੍ਰਿਸ਼ਨ ਪਾਲ ਇੰਚਾਰਜ ਟ੍ਰੇਨਿੰਗ ਸਕੂਲ ਨੇ ਮੇਨੈਜਮੈਂਟ ਵਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਪੀ ਆਰ ਟੀ ਸੀ ਅਦਾਰੇ ਵਲੋਂ ਲੋਕਾਂ ਨੂੰ ਸਰਕਾਰ ਅਤੇ ਸੀਨੀਅਰ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਸਹੂਲਤਾਂ, ਸਹਿਯੋਗ ਅਤੇ ਸਤਿਕਾਰ ਦੇਣ ਦੇ ਨਾਲ ਨਾਲ ਨਸ਼ਿਆਂ, ਹਾਦਸਿਆਂ, ਅਪਰਾਧਾਂ, ਲਾਪਰਵਾਹੀਆਂ, ਕਾਹਲੀ, ਤੇਜ਼ੀ, ਨਾਸਮਝੀ ਤੋਂ ਬਚਾਉਣ ਲਈ ਵਿਸ਼ਾ ਮਾਹਿਰਾਂ ਦੇ ਸਹਿਯੋਗ ਨਾਲ ਜਾਗਰੂਕਤਾ ਮਿਸ਼ਨ ਚਲਾਏ ਜਾ ਰਹੇ ਹਨ।ਰਾਸ਼ਟਰੀ ਆਵਾਜਾਈ ਸੁਰੱਖਿਆ ਜਾਗਰੂਕਤਾ ਮਹੀਨੇ ਦੌਰਾਨ ਵੱਧ ਤੋਂ ਵੱਧ ਟ੍ਰੇਨਿੰਗ ਪ੍ਰੋਗਰਾਮ ਕਰਵਾਕੇ, ਨੌਜਵਾਨਾਂ ਅਤੇ ਨਾਗਰਿਕਾਂ ਨੂੰ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

# ਵਿਸ਼ਵ ਸ਼ਾਤੀ ਅਤੇ ਸਾਂਝੀਵਾਲਤਾ ਦਰਸਾਉਂਦਾ ਪੋਸਟਰ ਕੀਤਾ ਜਾਰੀ



ਪਟਿਆਲਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਿਸ਼ਵ ਸ਼ਾਤੀ ਸਥਾਪਿਤ ਕਰਨ ਹਿੱਤ ਇੱਕ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਿਸਦੇ ਅੰਤਰਗਤ ਸਾਰੇ ਧਰਮਾਂ ਨੂੰ ਨਾਲ ਲੈ ਕੇ ਚਲਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸੰਦੇਸ਼ ਦੇਣ ਹਿੱਤ ਹਿੰਦੂ, ਮੁਸਲਮਾਨ, ਸਿੱਖ, ਇਸਾਈ ਧਰਮਾਂ ਦੇ ਤੀਰਥਾਂ ਦੀ ਯਾਦਗਾਰ ਮੰਦਿਰ, ਮਸਜਿਦ, ਗੁਰਦੁਆਰਾ ਸਾਹਿਬ, ਚਰਚ ਦੀਆਂ ਤਸਵੀਰਾਂ ਲਗੀਆਂ ਦਾ ਇੱਕ ਪੋਸਟਰ ਜਾਰੀ ਕੀਤਾ ਗਿਆ ਹੈ। ਜੋ ਕਿ ਇੱਕ ਪ੍ਰੇਰਣਾ ਸਰੋਤ ਹੈ।

ਇਹ ਤਸਵੀਰਾਂ ਸਾਰੇ ਧਰਮਾਂ ਨੂੰ ਵਿਸ਼ਵ ਸੁੱਖ ਸ਼ਾਂਤੀ ਵੱਲ ਪ੍ਰੇਰਿਤ ਕਰਦੀਆਂ ਹਨ ਅਤੇ ਸਾਂਝੀਵਾਲਤਾ ਦਾ ਉਪਦੇਸ਼ ਦਿੰਦੀਆਂ ਹਨ। ਇਹ ਪੋਸਟਰ ਜ਼ਸਵੰਤ ਸਿੰਘ ਕੌਲੀ, ਤਾਰਾ ਸਿੰਘ ਭਮਰਾ, ਜਗਦੀਸ਼ ਆਹੂਜਾ ਅਤੇ ਪੂਰਨ ਸਵਾਮੀ ਵਲੋਂ ਇਕਾਗਰ ਹੋ ਕੇ ਬਣਾਇਆ ਗਿਆ ਹੈ। ਇਸ ਮੌਕੇ ਅਮਰਜੀਤ ਸਿੰਘ ਔਲਖ ਹਾਜਰ ਸਨ।

ਪਟਿਆਲਾ ਦੇ ਸਤਿਕਾਰਯੋਗ ਮਹਾਰਾਣੀ ਸਾਹਿਬਾਂ ਪ੍ਰਨੀਤ ਕੌਰ ਸਾਬਕਾ ਵਿਦੇਸ਼ ਮੰਤਰੀ ਭਾਰਤ ਜੀ ਨੇ ਜਨਤਾ ਦੇ ਹਿੱਤ ਵਿੱਚ ਇਹ ਪੋਸਟਰ ਜਾਰੀ ਕੀਤਾ ਗਿਆ ਹੈ ਅਤੇ ਉਹਨਾਂ ਨੇ ਇਹ ਇਕ ਸ਼ਲਾਘਾਯੋਗ ਕਦਮ ਦੱਸਿਆ ਹੈ। ਉਪਰੰਤ ਸ੍ਰੀ ਰਜਨੀਸ਼ ਸ਼ੋਰੀ ਸਹਾਇਕ ਮਹਾਰਾਣੀ ਪ੍ਰਨੀਤ ਕੌਰ ਜੀ, ਵਲੋਂ ਵੀ ਵਿਸ਼ਵ ਸ਼ਾਂਤੀ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਪੋਸਟਰ ਜਾਰੀ ਕੀਤਾ ਗਿਆ।

# ਲੋਹੜੀ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਲਗਾਏ ਗਏ ਫਲੈਕਸ ਬੋਰਡਾਂ ਤੇ ਸਰਾਰਤੀ ਅਨਸਰਾਂ ਵਲੋਂ ਮਲੀ ਕਾਲੀ ਸਿਆਹੀ: ਫਲੈਕਸ ਬੋਰਡ ਪਾੜੇ




ਖਰੜ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਕੌਂਸਲ ਖਰੜ ਦੇ ਸਾਬਕਾ ਮੀਤ ਪ੍ਰਧਾਨ ਅਤੇ ਸਮਾਜ ਸੇਵੀ ਅਤੇ ਖਰੜ ਨਿਵਾਸੀ ਸ੍ਰੀ ਜੈ ਭਗਵਾਨ ਸਿੰਗਲਾ ਵਲੋਂ ਖਰੜ ਸ਼ਹਿਰ ਦੇ ਵੱਖ-ਵੱਖ ਚੌਕਾਂ, ਸੜਕਾਂ ਤੇ ਨਵੇਂ ਸਾਲ, ਲੋਹੜੀ ਦੀਆਂ ਮੁਬਾਰਕਾਂ ਦੇ ਲਗਾਏ ਗਏ ਫਲੈਕਸ ਬੋਰਡਾਂ ਤੇ ਸ਼ਰਾਰਤੀ ਅਨਸਰਾਂ ਵਲੋਂ ਕਥਿਤ ਤੌਰ ਤੇ ਕਾਲੀ ਸਿਆਹੀ ਮਲਕੇ ਫਲੈਕਸ ਬੋਰਡਾਂ ਨੂੰ ਪਾੜ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਜੈ ਭਗਵਾਨ ਸਿੰਗਲਾ ਨੇ ਦਸਿਆ ਕਿ ਉਹ ਨਗਰ ਕੌਂਸਲ ਖਰੜ ਦੇ ਚਾਰ ਵਾਰ ਮੀਤ ਪ੍ਰਧਾਨ ਰਹਿ ਚੁੱਕੇ ਹਨ ਅਤੇ ਉਨ੍ਹਾਂ ਆਪਦੇ ਕਾਰਜਕਾਲ ਦੌਰਾਨ ਖਰੜ ਸਹਿਰ ਵਿਚ ਕੰਮ ਕਰਵਾਇਆ।

ਉਨ੍ਹਾਂ ਵਲੋਂ 29 ਦਸੰਬਰ ਨੂੰ ਸ਼ਹਿਰ ਦੇ ਵੱਖ ਵੱਖ ਹਿਸਿਆਂ ਵਿਚ ਨਵੇ ਸਾਲ, ਲੋਹੜੀ ਦੀ ਮੁਬਾਰਕਵਾਦ ਦੇ ਫਲੈਕਸ ਬੋਰਡ ਲਗਾਏ ਗਏ ਸਨ। ਉਹ ਬੀਤੀ ਕੱਲ ਇਨ੍ਹਾਂ ਵਾਰਡਾਂ ਵਿਚ ਚੱਕਰ ਲਗਾ ਰਹੇ ਸਨ ਕਿ ਕਈ ਥਾਵਾਂ ਤੇ ਉਨ੍ਹਾਂ ਫਲੈਕਸ ਬੋਰਡਾਂ ਤੇ ਕਾਲੀ ਸਿਆਹੀ ਮਲੀ ਹੋਈ ਸੀ ਅਤੇ ਫਲੈਕਸ ਬੋਰਡ ਪਾੜੇ ਹੋਏ ਸਨ। ਉਨ੍ਹਾਂ ਵਲੋਂ ਰਿਹਾਇਸ਼ੀ ਅਤੇ ਦੁਕਾਨਾਂ ਤੋਂ ਸੀ.ਸੀ.ਟੀ.ਵੀ.ਫੁਟੇਜ ਦੇਖੀ ਤਾਂ ਵੇਖਿਆ ਕਿ ਰਾਤ ਨੂੰ ਦੋ ਮੋਟਰ ਸਾਇਕਲ ਚਾਲਕਾਂ ਵਲੋਂ ਪਹਿਲਾਂ ਤੇ ਉਨਾਂ ਵਲੋਂ ਲਗਾਏ ਹੋਏ ਫਲੈਕਸ ਬੋਰਡਾਂ ਤੇ ਕਾਲੀ ਸੁੱਟੀ ਗਈ ਅਤੇ ਫਿਰ ਡੰਡੇ ਮਾਰ ਕੇ ਫਲੈਕਸ ਬੋਰਡ ਪਾੜ ਦਿੱਤੇ ਗਏ। ਉਨ੍ਹਾਂ ਮੰਗ ਕੀਤੀ ਕਿ ਇਸ ਸਾਰੇ ਮਾਮਲ ਦੀ ਪੜਤਾਲ ਕੀਤੀ ਜਾਵੇ ਇਹ ਵਿਅਕਤੀ ਕੌਣ ਹਨ ਜਿਨ੍ਹਾਂ ਵਲੋਂ ਅਜਿਹਾ ਕੀਤਾ ਗਿਆ ਹੈ।ਉਨ੍ਹਾਂ ਇਸ ਸਬੰਧ ਵਿਚ ਥਾਣਾ ਸਿਟੀ ਖਰੜ ਵਿਖੇ ਲਿਖਤੀ ਤੌਰ ਤੇ ਸੂਚਨਾ ਦੇ ਦਿੱਤੀ। ਇਸੇ ਦੌਰਾਨ ਖਰੜ ਦੇ ਵਸਨੀਕ ਸੁਸੀਲ ਕਪੂਰ, ਨਿਰਮਲ ਕੁਮਾਰ ਚੌਹਾਨ ਸਮੇਤ ਹੋਰਨਾਂ ਨੇ ਇਸਨੂੰ ਬਹੁਤ ਹੀ ਮੰਦਭਾਗਾ ਦਸਿਆ ਤੇ ਕਿਹਾ ਕਿ ਇਸ ਤਰ੍ਹਾਂ ਨਹੀ ਕਰਨਾ ਚਾਹੀਦਾ ਸੀ।

# ਦੁੱਧ 'ਚ ਲਸਣ ਮਿਲਾ ਕੇ ਪੀਣ ਨਾਲ ਸਰੀਰ ਨੂੰ ਹੋਣਗੇ ਹੈਰਾਨੀਜਨਕ ਫ਼ਾਇਦੇ


ਲਸਣ ਸਿਰਫ਼ ਖਾਣੇ ਦਾ ਸਵਾਦ ਹੀ ਨਹੀਂ ਵਧਾਉਂਦਾ, ਸਗੋਂ ਇਹ ਸਰੀਰ ਲਈ ਇੱਕ ਦਵਾਈ ਦੀ ਤਰ੍ਹਾਂ ਕੰਮ ਕਰਦਾ ਹੈ। ਇਸ 'ਚ ਵਿਟਾਮਿਨ, ਖਣਿਜ, ਲਵਣ ਅਤੇ ਫ਼ਾਸਫ਼ੋਰਸ , ਆਇਰਨ, ਵਿਟਾਮਿਨ ਏ, ਬੀ ਅਤੇ ਸੀ ਭਰਪੂਰ ਮਾਤਰਾ 'ਚ ਹੁੰਦੇ ਹਨ। ਲਸਣ ਸਾਡੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਨੂੰ ਵਧਾਉਂਦਾ ਹੈ। ਜੇਕਰ ਅਸੀਂ ਲਸਣ ਦਾ ਦੁੱਧ 'ਚ ਮਿਲਾ ਕੇ ਵਰਤੋਂ ਕਰੀਏ, ਤਾਂ ਇਸ ਦੇ ਫ਼ਾਇਦੇ ਦੁੱਗਣੇ ਹੋ ਜਾਂਦੇ ਹਨ ਅਤੇ ਇਸ ਨਾਲ ਬਹੁਤ ਸਾਰੀਆਂ ਬੀਮਾਰੀਆਂ ਦੂਰ ਹੋ ਜਾਂਦੀਆਂ ਹਨ। ਅੱਜ ਕੱਲ੍ਹ ਲੋਕਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਹੋ ਰਹੀਆਂ ਹਨ ਪਰ ਇਹ ਸਾਰੀਆਂ ਸਮੱਸਿਆਵਾਂ ਅਸੀਂ ਆਪਣੇ ਖਾਣ ਪੀਣ ਨਾਲ ਸਹੀ ਕਰ ਸਕਦੇ ਹਾਂ।

ਅੱਜ ਅਸੀਂ ਤੁਹਾਨੂੰ ਦੱਸਾਂਗੇ ਲਸਣ ਵਾਲਾ ਦੁੱਧ ਪੀਣ ਨਾਲ ਕਿਹੜੀਆਂ-ਕਿਹੜੀਆਂ ਬੀਮਾਰੀਆਂ ਬਿਲਕੁੱਲ ਠੀਕ ਹੁੰਦੀਆਂ ਹਨ। ਲਸਣ ਵਾਲਾ ਦੁੱਧ ਬਣਾਉਣ ਦੀ ਵਿਧੀ

ਇਸ ਦੁੱਧ ਨੂੰ ਬਣਾਉਣ ਲਈ ਇੱਕ ਗਲਾਸ ਦੁੱਧ 'ਚ ਥੋੜ੍ਹਾ ਜਿਹਾ ਪਾਣੀ







ਅਤੇ ਲਸਣ ਮਿਲਾ ਕੇ ਚੰਗੀ ਤਰ੍ਹਾਂ ਉਬਾਲੋ। ਫ਼ਿਰ ਇਸ ਦੁੱਧ ਨੂੰ ਰਾਤ ਨੂੰ ਖਾਣਾ ਖਾਣ ਤੋਂ ਬਾਅਦ ਸੌਣ ਤੋਂ ਪਹਿਲਾਂ ਪੀ ਲਓ। ਇਸ ਨਾਲ ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ।

ਸਿਆਟਿਕਾ ਦਾ ਦਰਦ

ਚਾਰ ਕਲੀਆਂ ਲਸਣ ਦੀਆਂ ਦੁੱਧ 'ਚ ਮਿਲਾ ਕੇ ਚੰਗੀ ਤਰ੍ਹਾਂ ਉਬਾਲੋ ਤੁਸੀਂ ਇਸ ਦੁੱਧ ਨੂੰ ਮਿੱਠਾ ਬਣਾਉਣ ਦੇ ਲਈ ਇਸ 'ਚ ਥੋੜ੍ਹਾ ਜਿਹਾ ਸ਼ਹਿਦ ਮਿਲਾ ਲਓ ਅਤੇ ਰੋਜ਼ਾਨਾ ਇਸ ਦੀ ਵਰਤੋਂ ਕਰੋ। ਇਸ ਨਾਲ ਸਿਆਟਿਕਾ ਦਾ ਦਰਦ ਠੀਕ ਹੋ ਜਾਵੇਗਾ।

ਕੋਲੈਸਟਰੋਲ ਦੀ ਸਮੱਸਿਆ ਹੁੰਦੀ ਹੈ ਦੂਰ

ਰੋਜ਼ਾਨਾ ਦੁੱਧ 'ਚ ਲਸਣ ਮਿਲਾ ਕੇ ਪੀਣ ਨਾਲ ਦਿਲ ਦੀਆਂ ਨਸਾਂ 'ਚ ਜੰਮਿਆ ਹੋਇਆ ਕੋਲੈਸਟਰੋਲ ਦੂਰ ਹੋ ਜਾਂਦਾ ਹੈ। ਇਸ ਲਈ ਜੇਕਰ ਤੁਹਾਨੂੰ ਵੀ ਕਲੈਸਟਰੋਲ ਦੀ ਸਮੱਸਿਆ ਹੈ ਤਾਂ ਰੋਜ਼ਾਨਾ ਲਸਣ ਵਾਲਾ ਦੁੱਧ ਜ਼ਰੂਰ ਪੀਓ।

ਕਬਜ਼ ਦੀ ਸਮੱਸਿਆ ਤੋਂ ਰਾਹਤ

ਆਯੂਰਵੈਦ ਮੁਤਾਬਕ ਦੁੱਧ 'ਚ ਲਸਣ ਮਿਲਾ ਕੇ ਪੀਣ ਨਾਲ ਅੰਤੜੀਆਂ ਐਕਟਿਵ ਹੁੰਦੀਆਂ ਹਨ। ਜਿਸ ਨਾਲ ਕਬਜ਼ ਦੀ ਸਮੱਸਿਆ ਦੂਰ ਹੁੰਦੀ ਹੈ।

ਬਦਹਜ਼ਮੀ ਦੀ ਸਮੱਸਿਆ ਕਰੇ ਦੂਰ

ਦੁੱਧ ਅਤੇ ਲਸਣ ਦਾ ਮਿਸ਼ਰਣ ਪਾਚਕ ਰਸ ਨੂੰ ਬਣਾਉਣ 'ਚ ਅਹਿਮ ਭੂਮਿਕਾ ਨਿਭਾਉਂਦਾ ਹੈ। ਜਿਸ ਨਾਲ ਐਸੀਡਿਟੀ ਅਤੇ ਬਦਹਜ਼ਮੀ ਜਿਹੀਆਂ ਸਮੱਸਿਆਵਾਂ ਠੀਕ ਹੁੰਦੀਆਂ ਹਨ।

ਜੋੜਾਂ ਦੇ ਦਰਦ ਲਈ ਲਾਭਕਾਰੀ

ਲਸਣ ਵਾਲਾ ਦੁੱਧ ਜੋੜਾਂ ਦੇ ਦਰਦ ਲਈ ਬਹੁਤ ਜ਼ਿਆਦਾ ਫ਼ਾਇਦੇਮੰਦ ਹੁੰਦਾ ਹੈ। ਇਸ ਲਈ ਜੇਕਰ ਤੁਹਾਨੂੰ ਵੀ ਜੋੜਾਂ 'ਚ ਦਰਦ ਰਹਿੰਦਾ ਹੈ ਤਾਂ ਰੋਜ਼ਾਨਾ ਇੱਕ ਗਲਾਸ ਦੁੱਧ 'ਚ ਲਸਣ ਦੀਆਂ ਕਲੀਆਂ ਮਿਲਾ ਕੇ ਉਬਾਲ ਕੇ ਪੀਓ। ਇਸ ਨਾਲ ਦਰਦ ਦੀ ਸਮੱਸਿਆ ਦੂਰ ਹੋ ਜਾਵੇਗੀ। **ਮਾਈਗ੍ਰੇਨ ਦੇ ਮਰੀਜ਼ਾਂ ਲਈ ਫ਼ਾਇਦੇਮੰਦ** ਮਾਈਗ੍ਰੇਨ ਦੇ ਮਰੀਜ਼ਾਂ ਲਈ ਦੁੱਧ ਅਤੇ ਲਸਣ ਦਾ ਮਿਸ਼ਰਣ ਬਹੁਤ ਜ਼ਿਆਦਾ ਫ਼ਾਇਦੇਮੰਦ ਹੈ। ਇਸ ਨਾਲ ਨਾਰਮਲ ਸਿਰ ਦਰਦ ਵੀ ਠੀਕ ਹੋ ਜਾਂਦਾ ਹੈ।

**ਹੱਡੀਆਂ ਦੀ ਸਮੱਸਿਆ**- ਰੋਜ਼ਾਨਾ ਲਸਣ ਵਾਲਾ ਦੁੱਧ ਪੀਣ ਨਾਲ ਦੰਦ ਅਤੇ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਕਿਉਂਕਿ ਦੁੱਧ 'ਚ ਕੈਲਸ਼ੀਅਮ ਭਰਪੂਰ ਮਾਤਰਾ 'ਚ ਹੁੰਦਾ ਹੈ।

**ਕਮਜ਼ੋਰੀ ਕਰੇ ਦੂਰ** - ਜੇਕਰ ਤੁਸੀਂ ਕੰਮ ਕਰਨ ਤੋਂ ਬਾਅਦ ਬਹੁਤ ਜ਼ਿਆਦਾ ਥੱਕ ਜਾਂਦੇ ਹੋ ਤਾਂ ਰੋਜ਼ਾਨਾ ਇੱਕ ਗਲਾਸ ਦੁੱਧ 'ਚ ਥੋੜ੍ਹਾ ਜਿਹਾ ਲਸਣ ਮਿਲਾ ਕੇ ਪੀਓ। ਇਸ ਨਾਲ ਤੁਹਾਡਾ ਸਰੀਰ ਐਕਟਿਵ ਰਹੇਗਾ ਅਤੇ ਥਕਾਵਟ ਦੀ ਸਮੱਸਿਆ ਦੂਰ ਹੋ ਜਾਵੇਗੀ।

**ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।**

# ਜੇਕਰ ਠੰਡ 'ਚ ਦਰਦ ਅਤੇ ਸੋਜ ਤੋਂ ਪਰੇਸ਼ਾਨ ਹੋ ਤਾਂ ਅਪਣਾਓ ਇਹ ਘਰੇਲੂ ਨੁਸਖ਼ੇ

ਠੰਡ ਦਾ ਮੌਸਮ ਆਉਂਦੇ ਹੀ ਸਰਦ ਹਵਾ ਦੇ ਚੱਲਦੇ ਸਰਦੀ-ਜ਼ੁਕਾਮ ਦੇ ਨਾਲ ਸਰੀਰ 'ਚ ਦਰਦ ਦੀ ਪਰੇਸ਼ਾਨੀ ਹੋਣ ਲੱਗਦੀ ਹੈ। ਇਸ ਦੇ ਨਾਲ ਹੀ ਸਰੀਰ 'ਚ ਅਕੜਨ ਹੈ ਅਤੇ ਸੋਜ ਵੀ ਆ ਜਾਂਦੀ ਹੈ। ਅਸਲ 'ਚ ਮੌਸਮ ਬਦਲਾਅ ਦੇ ਨਾਲ ਗਲ਼ਤ ਤਰੀਕੇ ਅਤੇ ਕਈ ਘੰਟੇ ਲਗਾਤਾਰ ਬੈਠਣ ਦੇ ਨਾਲ ਦਰਦ ਵੀ ਵੱਧਣ ਲੱਗਦਾ ਹੈ। ਅਜਿਹੇ 'ਚ ਬੇਹੱਦ ਲੋਕ ਇਸ ਦਰਦ ਤੋਂ ਰਾਹਤ ਪਾਉਣ ਲਈ ਦਵਾਈਆਂ ਦਾ ਸਹਾਰਾ ਲੈਣ ਲੱਗ ਜਾਂਦੇ ਹਨ ਪਰ ਇਸ ਨਾਲ ਆਪਣੀ ਰੋਜ਼ਾਨਾ ਰੂਟੀਨ 'ਚ ਬਦਲਾਅ ਲਿਆਉਣ ਦੇ ਨਾਲ ਕੁੱਝ ਘਰੇਲੂ ਚੀਜ਼ਾਂ ਨੂੰ ਅਪਣਾ ਕੇ ਬਚਾ ਸਕਦੇ ਹਾਂ। ਤਾਂ ਆਓ ਅੱਜ ਅਸੀਂ ਤੁਹਾਨੂੰ ਕੁੱਝ ਘਰੇਲੂ ਨੁਸਖਿਆਂ ਦੇ ਬਾਰੇ 'ਚ ਦੱਸਦੇ ਹਾਂ, ਜਿਸ ਨੂੰ ਅਪਣਾ ਕੇ ਤੁਸੀਂ ਆਪਣੇ ਸਰੀਰ 'ਚ ਹੋਣ ਵਾਲੇ ਦਰਦ ਅਤੇ ਸੋਜ ਤੋਂ ਛੁਟਕਾਰਾ ਪਾ ਸਕਦੇ ਹੋ।

ਲੈਵੇਂਡਰ ਤੇਲ

ਇਸ 'ਚ ਮੌਜੂਦ ਐਂਟੀ ਆਕਸੀਡੇਂਟਸ ਦਰਦ ਅਤੇ ਸੋਜ ਨੂੰ ਘੱਟ ਕਰਨ 'ਚ ਫ਼ਾਇਦੇਮੰਦ ਹੁੰਦੇ ਹਨ। ਇਸ ਦੇ ਲਈ ਪਾਣੀ 'ਚ ਲੈਵੇਂਡਰ ਤੇਲ ਦੀਆਂ ਕੁੱਝ ਬੂੰਦਾਂ ਮਿਲਾ ਕੇ ਨਹਾਓ। ਇਸ ਨਾਲ ਜੋੜਾਂ ਅਤੇ ਮੋਢਿਆਂ ਦੇ ਦਰਦ ਤੋਂ ਛੁਟਕਾਰਾ ਮਿਲੇਗਾ। ਨਾਲ ਹੀ ਥਕਾਵਟ ਘੱਟ ਹੋਵੇਗੀ ਅਤੇ ਦਿਨਭਰ ਤਾਜ਼ਗੀ ਮਹਿਸੂਸ ਹੋਵੇਗੀ।

ਹਲਦੀ ਵਾਲਾ ਦੁੱਧ



ਪੋਸ਼ਕ ਅਤੇ ਐਂਟੀ ਆਕਸੀਡੈਂਟਸ ਗੁਣਾਂ ਨਾਲ ਭਰਪੂਰ ਹਲਦੀ ਦਵਾਈ ਮੰਨੀ ਜਾਂਦੀ ਹੈ। ਇਸ ਦੀ ਵਰਤੋਂ ਨਾਲ ਇਮੀਊਨਿਟੀ ਸਿਸਟਮ ਮਜ਼ਬੂਤ ਹੋਣ ਦੇ ਨਾਲ ਦਰਦ ਅਤੇ ਸੋਜ ਘੱਟ ਹੋਣ 'ਚ ਮਦਦ ਮਿਲਦੀ ਹੈ। 1 ਕੱਪ ਗਰਮ ਦੁੱਧ 'ਚ 1/4 ਛੋਟਾ ਚਮਚ ਹਲਦੀ ਮਿਲਾ ਕੇ ਪੀਣ ਨਾਲ ਦਰਦ ਅਤੇ ਸੋਜ ਦੀ ਸਮੱਸਿਆ ਤੋਂ ਰਾਹਤ ਮਿਲਦੀ ਹੈ। ਨਿਯਮਿਤ ਰੂਪ ਨਾਲ ਇਸ ਦੁੱਧ ਦਾ ਸੇਵਨ ਕਰਨ ਨਾਲ ਜਲਦ ਹੀ ਆਰਾਮ ਮਿਲਦਾ ਹੈ।

ਅਦਰਕ

ਅਦਰਕ 'ਚ ਐਂਟੀ-ਆਕਸੀਡੇਂਟ, ਐਂਟੀ ਇੰਫ਼ਲੈਮੇਟਰੀ, ਐਂਟੀ ਵਾਇਰਸ ਗੁਣ ਹੁੰਦੇ ਹਨ। ਇਸ ਦਾ ਸੇਵਨ ਕਰਨ ਨਾਲ ਦਰਦ ਅਤੇ ਸੋਜ ਦੀ ਪਰੇਸ਼ਾਨੀ ਤੋਂ ਜਲਦ ਹੀ ਰਾਹਤ ਮਿਲਦੀ ਹੈ। ਇਸ ਦੇ ਲਈ 1 ਕੱਪ ਪਾਣੀ 'ਚ ਅਦਰਕ ਉਬਾਲ ਕੇ ਕਾੜ੍ਹਾ ਤਿਆਰ ਕਰਕੇ ਪੀ ਸਕਦੇ ਹੋ। ਨਹੀਂ ਤਾਂ ਰੋਜ਼ਾਨਾ ਦੀ ਚਾਹ 'ਚ 1 ਟੁਕੜਾ ਅਦਰਕ ਪਾ ਕੇ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਨਾਲ ਦਰਦ ਅਤੇ ਸੋਜ ਤੋਂ ਆਰਾਮ ਮਿਲਣ ਦੇ ਨਾਲ ਇਮਊਨਿਟੀ ਮਜ਼ਬੂਤ ਹੋਣ 'ਚ ਮਦਦ ਮਿਲੇਗੀ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਸਰਦੀਆਂ 'ਚ ਰਹਿਣਾ ਚਾਹੁੰਦੇ ਹੋ ਸਿਹਤਮੰਦ, ਤਾਂ ਖ਼ੁਰਾਕ 'ਚ ਜ਼ਰੂਰ ਸ਼ਾਮਲ ਕਰੋ ਇਹ ਚੀਜ਼ਾਂ

ਸਰਦੀਆਂ ਦਾ ਮੌਸਮ ਸ਼ੁਰੂ ਹੋ ਗਿਆ ਹੈ। ਬਾਹਰਲੀ ਠੰਢ ਤੋਂ ਆਪਣੇ ਆਪ ਨੂੰ ਬਚਾਉਣ ਲਈ ਅਸੀਂ ਗਰਮ ਕੱਪੜੇ ਪਾਉਂਦੇ ਹਾਂ ਪਰ ਸਰਦੀਆਂ ਦੇ ਮੌਸਮ ਵਿੱਚ ਆਪਣੇ ਆਪ ਨੂੰ ਅੰਦਰੂਨੀ ਤੌਰ 'ਤੇ ਸੁਰੱਖਿਅਤ ਕਰਨਾ ਬਹੁਤ ਜ਼ਰੂਰੀ ਹੈ। ਚੰਗੀ ਗੱਲ ਇਹ ਹੈ ਕਿ ਸਾਡਾ ਸਰੀਰ ਗਰਮੀ ਦੇ ਮੁਕਾਬਲੇ ਸਰਦੀਆਂ ਵਿੱਚ ਭੋਜਨ ਪਚਾਉਣ ਵਿੱਚ ਵਧੇਰੇ ਸਮਰੱਥ ਹੈ। ਅਜਿਹੀ ਸਥਿਤੀ ਵਿੱਚ ਇਹ ਜਾਣਨਾ ਜ਼ਰੂਰੀ ਹੈ ਕਿ ਸਾਨੂੰ ਠੰਢ ਦੇ ਮੌਸਮ ਵਿੱਚ ਕਿਹੜੀਆਂ ਚੀਜ਼ਾਂ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

**ਜੜ੍ਹ ਵਾਲੀਆਂ ਸਬਜ਼ੀਆਂ:**

ਸਰਦੀਆਂ ਦਾ ਮੌਸਮ ਜੜ ਵਾਲੀਆਂ ਸਬਜ਼ੀਆਂ ਲਈ ਜਾਣਿਆ ਜਾਂਦਾ ਹੈ। ਇਸ ਮੌਸਮ ਵਿੱਚ ਗਾਜਰ, ਸ਼ਲਗਮ, ਸ਼ਕਰਕੰਦ ਖਾਣ ਨਾਲ ਸਰੀਰ ਨੂੰ ਬਹੁਤ ਜ਼ਿਆਦਾ ਊਰਜਾ ਅਤੇ ਗਰਮੀ ਮਿਲਦੀ ਹੈ।

**ਡ੍ਰਾਈਫ਼ਰੂਟਸ ਅਤੇ ਨਟਜ਼:**

ਡ੍ਰਾਈਫ਼ਰੂਟਸ ਜਿਵੇਂ ਖਜੂਰ, ਨਟਜ਼, ਮੂੰਗਫ਼ਲੀ, ਬਦਾਮ ਤੇ ਨਾਰੀਅਲ ਤੇ ਤੇਲ ਬੀਜ ਜਿਵੇਂ ਕੱਦੂ ਦੇ ਬੀਜ ਤੇ ਤੇਲ ਦੇ ਬੀਜ ਮੈਗਨੀਸ਼ੀਅਮ ਤੇ ਜ਼ਿੰਕ ਵਰਗੇ ਪੋਸ਼ਕ ਤੱਤਾਂ ਦੀ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ। ਇਹ ਊਰਜਾ ਦੇ ਬਹੁਤ ਚੰਗੇ ਸ੍ਰੋਤ ਹਨ, ਜਿਸ ਦੀ ਸਾਨੂੰ ਸਰਦੀਆਂ ਦੇ ਮੌਸਮ ਵਿੱਚ ਵੀ ਲੋੜ ਹੈ।

**ਹਰੀਆਂ ਸਬਜ਼ੀਆਂ:**

ਸਰਦੀਆਂ ਦੇ ਮੌਸਮ ਵਿੱਚ ਹਰੀਆਂ ਸਬਜ਼ੀਆਂ ਬਹੁਤ ਜ਼ਿਆਦਾ ਮਿਲਦੀਆਂ ਹਨ, ਜਿਵੇਂ ਪਾਲਕ, ਮੇਥੀ, ਸੋਇਆ, ਗੋਭੀ। ਇਨ੍ਹਾਂ ਹਰੀਆਂ ਸਬਜ਼ੀਆਂ ਵਿੱਚ ਵਿਟਾਮਿਨ ਏ ਤੇ ਵਿਟਾਮਿਨ ਸੀ ਪਾਏ ਜਾਂਦੇ ਹਨ, ਜੋ ਸਾਡੀ ਪ੍ਰਤੀਰੋਧੀ ਸ਼ਕਤੀ ਨੂੰ ਵਧਾਉਣ ਵਿੱਚ ਤੇ ਇਨਫ਼ੈਕਸ਼ਨ ਨਾਲ ਲੜਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ।



**ਖੱਟੇ ਫ਼ਲ:**

ਨਿੰਬੂ, ਆਵਲਾ, ਸੰਤਰੇ ਤੇ ਅੰਗੂਰ ਬਹੁਤ ਰਸੀਲੇ ਤੇ ਮਿੱਠੇ ਫ਼ਲ ਸਰਦੀਆਂ ਦੇ ਮੌਸਮ ਵਿੱਚ ਵਧੇਰੇ ਗੁਣਕਾਰੀ ਹੁੰਦੇ ਹਨ। ਇਸ ਦੇ ਨਾਲ ਹੀ ਮੌਸਮੀ ਫ਼ਲ ਖਾਣ ਨਾਲ ਸਰੀਰ ਨੂੰ ਬਹੁਤ ਲਾਭ ਹੁੰਦਾ ਹੈ। ਇਸ ਲਈ ਸਰਦੀਆਂ ਦੇ ਮੌਸਮ ਵਿੱਚ ਖੱਟੇ ਫ਼ਲ ਖਾਓ ਤੇ ਇਮਿਊਨਿਟੀ ਵਧਾਓ।

**ਮਸਾਲੇ:**

ਅਦਰਕ, ਜੀਰਾ, ਦਾਲਚੀਨੀ ਉਹ ਮਸਾਲੇ ਹਨ ਜੋ ਸਰਦੀਆਂ ਦੇ ਮੌਸਮ ਵਿੱਚ ਨਿਯਮਤ ਰੂਪ ਵਿੱਚ ਵਰਤੇ ਜਾਣੇ ਚਾਹੀਦੇ ਹਨ। ਇਹ ਸਾਡੇ ਸਰੀਰ ਦਾ ਤਾਪਮਾਨ ਵਧਾਉਂਦੇ ਹਨ ਤੇ ਖ਼ੂਨ ਦੇ ਗੇੜ ਨੂੰ ਵੀ ਕਾਇਮ ਰੱਖਦੇ ਹਨ। ਇਸ ਦੇ ਨਾਲ ਇਹ ਮਸਾਲੇ ਹਾਜ਼ਮੇ ਨੂੰ ਵੀ ਠੀਕ ਰੱਖਦੇ ਹਨ। ਸਰਦੀਆਂ ਵਿੱਚ ਅਦਰਕ ਦੀ ਵਰਤੋਂ ਕਰਨ ਨਾਲ ਗਲੇ ਦੀ ਖਰਾਸ਼ ਜਾਂ ਬਲਗਮ ਤੋਂ ਰਾਹਤ ਮਿਲਦੀ ਹੈ। ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਕੈਂਸਰ ਤੇ ਦਿਲ ਦੇ ਗੰਭੀਰ ਰੋਗਾਂ ਨੂੰ ਠੀਕ ਕਰਦੀ ਹੈ 'ਮੱਕੀ ਦੀ ਰੋਟੀ'

ਸਰਦੀਆਂ 'ਚ ਮੱਕੀ ਦਾ ਸੇਵਨ ਕਰਨਾ ਸਿਹਤ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ। ਚਾਹੇ ਇਸ ਨੂੰ ਦਾਣੇ ਦੇ ਰੂਪ 'ਚ ਖਾਓ ਜਾਂ ਰੋਟੀ ਦੇ ਰੂਪ 'ਚ। ਇਸ 'ਚ ਵਿਟਾਮਿਨ-ਏ, ਬੀ, ਈ ਅਤੇ ਕਈ ਤਰ੍ਹਾਂ ਦੇ ਮਿਨਰਲਸ ਜਿਵੇਂ ਆਇਰਨ, ਕਾਪਰ, ਜ਼ਿੰਕ ਅਤੇ ਮੈਗਨੀਜ਼, ਸੇਲੇਨਿਯਮ ਪੋਟਾਸ਼ੀਅਮ ਆਦਿ ਭਰਪੂਰ ਮਾਤਰਾ 'ਚ ਹੁੰਦੇ ਹਨ। ਇਹ ਕੋਲਨ ਕੈਂਸਰ ਅਤੇ ਦਿਲ ਦੇ ਗੰਭੀਰ ਰੋਗ ਹੋਣ ਦੀ ਸੰਭਾਵਨਾ ਨੂੰ ਘੱਟ ਕਰਦੇ ਹਨ। ਇਸ ਲਈ ਆਪਣੀ ਖ਼ੁਰਾਕ 'ਚ ਮੱਕੀ ਦੀ ਰੋਟੀ ਨੂੰ ਜ਼ਰੂਰ ਸ਼ਾਮਲ ਕਰੋ। ਆਓ ਜਾਣਦੇ ਹਾਂ ਇਸ ਦੇ ਫ਼ਾਇਦੇ।

**1. ਅੱਖਾਂ ਦੀ ਰੌਸ਼ਨੀ**

ਇਸ 'ਚ ਪਾਇਆ ਜਾਣ ਵਾਲਾ ਰੇਟਿਨਾਈਡਸ ਅੱਖਾਂ ਦੇ ਰੇਟਿਨਾ ਲਈ ਲਾਭਕਾਰੀ ਹੁੰਦਾ ਹੈ। ਇਸ ਦਾ ਸੇਵਨ ਕਰਨ ਨਾਲ ਅੱਖਾਂ ਦੀ ਰੌਸ਼ਨੀ ਨੂੰ ਫ਼ਾਇਦਾ ਮਿਲਦਾ ਹੈ।

**2. ਚਮੜੀ ਲਈ ਫ਼ਾਇਦੇਮੰਦ**

ਇਸ 'ਚ ਮੌਜੂਦ ਬੀਟਾ-ਕੈਰੋਟਿਨ ਅਤੇ ਵਿਟਾਮਿਨ-ਏ ਚਮੜੀ ਲਈ ਬੈਸਟ ਹੁੰਦਾ ਹੈ। ਰੋਜ਼ਾਨਾ ਇਸ ਦਾ ਸੇਵਨ ਕਰਨ ਨਾਲ ਚਮੜੀ 'ਚ ਨਿਖ਼ਾਰ ਆਉਂਦਾ ਹੈ।

**3. ਕੈਂਸਰ ਦੀ ਰੋਕਥਾਮ**

ਮੱਕੀ ਦਾ ਸੇਵਨ ਕਰਨਾ ਸਿਹਤ ਲਈ ਬੇਹੱਦ ਫ਼ਾਇਦੇਮੰਦ ਹੁੰਦਾ ਹੈ। ਇਸ 'ਚ ਐਂਟੀ-ਆਕਸੀਡੈਂਟ, ਬੀਟਾ ਕ੍ਰਿਪਟੋਜੇਂਥਿਨ, ਐਂਟੀ-ਆਕਸੀਡੈਂਟ ਭਰਪੂਰ ਮਾਤਰਾ 'ਚ ਪਾਏ ਜਾਂਦੇ ਹਨ, ਜੋ ਫ਼ੇਫ਼ੜਿਆਂ ਦੇ ਕੈਂਸਰ, ਲਿਵਰ ਅਤੇ ਬ੍ਰੈਸਟ ਕੈਂਸਰ ਦੇ ਖ਼ਤਰੇ ਨੂੰ ਘੱਟ ਕਰਦੇ ਹਨ।

**4. ਦਿਲ ਨੂੰ ਸਿਹਤਮੰਦ ਰੱਖੇ**

ਇਹ ਕੋਲੈਸਟਰੋਲ ਨੂੰ ਘੱਟ ਕਰ ਕਾਰਡਿਓਵਰਸਕੁਲਰ ਦੇ ਰਿਸਕ ਨੂੰ ਘੱਟ ਕਰਦਾ ਹੈ। ਇਸ 'ਚ ਓਮੇਗਾ-3 ਫ਼ੈਟੀ ਐਸਿਡ ਹੁੰਦਾ ਹੈ, ਜੋ ਦਿਲ ਨੂੰ ਸਿਹਤਮੰਦ ਬਣਾਉਂਦਾ ਹੈ। ਇਸ ਤੋਂ ਇਲਾਵਾ ਇਹ ਹਾਈ ਬੀ.ਪੀ. ਦੀ ਸਮੱਸਿਆ ਨੂੰ ਵੀ ਘੱਟ ਕਰ ਹਾਰਟ ਅਟੈਕ ਤੇ ਸਟ੍ਰੋਕ ਦਾ ਖ਼ਤਰਾ ਘੱਟ ਕਰਦਾ ਹੈ। ਨਿਯਮਿਤ ਇਸ ਨੂੰ ਖ਼ਾਣ ਨਾਲ ਸਰੀਰ 'ਚੋਂ ਮਾੜੇ ਕੋਲੈਸਟਰੋਲ ਦਾ ਲੈਵਲ ਘੱਟ ਹੋ ਜਾਂਦਾ ਹੈ।

**5. ਸਰਦੀ-ਜ਼ੁਕਾਮ ਤੋਂ ਰਾਹਤ**



ਮੱਕੀ ਦੇ ਭੁੱਟੇ ਨੂੰ ਜਲਾ ਕੇ ਉਸ ਦੀ ਰਾਖ ਨੂੰ ਪੀਸ ਲਓ ਫ਼ਿਰ ਇਸ 'ਚ ਸੁਆਦ ਮੁਤਾਬਕ ਸੇਂਧਾ ਨਮਕ ਪਾ ਕੇ ਦਿਨ 'ਚ 4 ਵਾਰ 1 ਚੱਮਚ ਇਸ ਦਾ ਸੇਵਨ ਕਰੋ। ਇਸ ਨਾਲ ਖਾਂਸੀ, ਕਫ਼ ਅਤੇ ਸਰਦੀ ਤੋਂ ਰਾਹਤ ਮਿਲਦੀ ਹੈ।

**6. ਹੱਡੀਆਂ ਨੂੰ ਮਜ਼ਬੂਤ ਬਣਾਏ**

ਇਹ ਹੱਡੀਆਂ ਲਈ ਬਹੁਤ ਫ਼ਾਇਦੇਮੰਦ ਹੁੰਦੀ ਹੈ। ਮੈਗਨੀਸ਼ੀਅਮ ਅਤੇ ਆਇਰਨ ਇਸ 'ਚ ਭਰਪੂਰ ਮਾਤਰਾ 'ਚ ਹੁੰਦਾ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਨਾਲ ਹੀ ਇਸ 'ਚ ਮੌਜੂਦ ਜ਼ਿੰਕ ਅਤੇ ਫ਼ਾਸਫ਼ੋਰਸ ਆਰਥਰਾਈਟਸ ਵਰਗੇ ਰੋਗਾਂ ਦੇ ਖ਼ਤਰੇ ਨੂੰ ਘੱਟ ਕਰਦਾ ਹੈ।

**7. ਪਾਚਣ ਦੀ ਸਮੱਸਿਆ**

ਕਣਕ ਦੀ ਰੋਟੀ ਦੀ ਬਜਾਏ ਮੱਕੀ ਦੀ ਰੋਟੀ ਸੌਖੀ ਹਜ਼ਮ ਹੋ ਜਾਂਦੀ ਹੈ। ਮੱਕੀ 'ਚ ਮੌਜੂਦ ਫ਼ਾਈਬਰ ਪਾਚਨ ਨੂੰ ਸਹੀ ਰੱਖਦਾ ਹੈ ਅਤੇ ਹਾਨੀਕਾਰਕ ਪਦਾਰਥਾਂ ਨੂੰ ਸਰੀਰ 'ਚੋਂ ਬਾਹਰ ਕੱਢਣ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਐਸੀਡਿਟੀ, ਕਬਜ਼ ਆਦਿ ਪੇਟ ਸਬੰਧੀ ਸਮੱਸਿਆਵਾਂ ਘੱਟ ਹੁੰਦੀਆਂ ਹਨ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# ਜੇਕਰ ਤੁਹਾਡੇ ਬੱਚਿਆਂ ਦੇ ਢਿੱਡ 'ਚ ਹਨ ਕੀੜੇ ਤਾਂ ਅਪਣਾਓ ਇਹ ਘਰੇਲੂ ਨੁਸਖ਼ੇ



ਜੇਕਰ ਤੁਹਾਡੇ ਬੱਚਿਆਂ ਦੇ ਵੀ ਢਿੱਡ 'ਚ ਕੀੜੇ ਹਨ ਤਾਂ ਅੱਜ ਅਸੀਂ ਤੁਹਾਡੇ ਲਈ ਕੁਝ ਘਰੇਲੂ ਨੁਸਖ਼ੇ ਲੈ ਕੇ ਆਏ ਹਾਂ। ਜਿਨ੍ਹਾਂ ਨੂੰ ਅਪਣਾਉਣ ਨਾਲ ਤੁਹਾਨੂੰ ਇਹ ਪ੍ਰੇਸ਼ਾਨੀ ਤੋਂ ਛੁਟਕਾਰਾ ਮਿਲ ਜਾਵੇਗਾ। ਬਚਪਨ 'ਚ ਬੱਚੇ ਮਿੱਟੀ 'ਚ ਖੇਡਣਾ ਪਸੰਦ ਕਰਦੇ ਹਨ ਤਾਂ ਮਿੱਟੀ ਖਾਣ ਜਾਂ ਕੁਝ ਗ਼ਲਤ ਚੀਜਾਂ ਖਾਣ ਨਾਲ ਬੱਚਿਆਂ ਦੇ ਢਿੱਡ 'ਚ ਕੀੜੇ ਪੈਦਾ ਹੋ ਜਾਂਦੇ ਹਨ। ਜਿਸ ਨਾਲ ਬੱਚਿਆਂ ਦੇ ਢਿੱਡ 'ਚ ਦਰਦ ਹੋਣਾ, ਬੱਚੇ ਦਾ ਚਿੜਚੜਾਪਣ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਸ ਨਾਲ ਬੱਚਿਆਂ ਦੀ ਸਿਹਤ 'ਤੇ ਕਈ ਮਾੜੇ ਅਸਰ ਪੈ ਸਕਦੇ ਹਨ। ਜਿਵੇਂ ਬੱਚਿਆਂ ਨੂੰ ਜ਼ਰੂਰੀ ਪੋਸ਼ਣ ਤੱਤ ਨਹੀਂ ਮਿਲ ਪਾਉਂਦੇ ਹਨ।

**ਖ਼ੂਨ ਦੀ ਕਮੀ**

ਸਰੀਰ 'ਚ ਖ਼ੂਨ ਦੀ ਕਮੀ ਹੋ ਸਕਦੀ ਹੈ, ਜਿਸ ਨਾਲ ਅਨੀਮੀਆ ਦੀ ਸ਼ਿਕਾਇਤ ਹੋ ਸਕਦੀ ਹੈ। ਬੱਚਿਆਂ ਦਾ ਇਮਿਊਨ ਸਿਸਟਮ ਵੀ ਕਮਜ਼ੋਰ ਹੋ ਸਕਦਾ ਹੈ ਜਿਸ ਨਾਲ ਨਾਰਮਲ ਬੱਚਿਆਂ ਨਾਲੋਂ ਭਾਰ ਘੱਟ ਜਾਂਦਾ ਹੈ।

ਜੇਕਰ ਸਮਾਂ ਰਹਿੰਦੇ ਇਨ੍ਹਾਂ ਲੱਛਣਾਂ ਦੀ ਪਛਾਣ ਕਰ ਕੇ ਡਾਕਟਰੀ ਇਲਾਜ਼ ਨਾ ਕਰਵਾਇਆ ਜਾਵੇ ਤਾਂ ਇਸ ਨਾਲ ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਲੱਗ ਸਕਦੀਆਂ ਹਨ। ਇਨ੍ਹਾਂ ਬੀਮਾਰੀਆਂ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਤੁਸੀ ਘਰ ਦੀਆਂ ਕੁਝ ਘਰੇਲੂ ਚੀਜਾਂ ਦੀ ਵਰਤੋਂ ਕਰ ਕੇ ਢਿੱਡ ਦੇ ਕੀੜਿਆਂ ਤੋਂ ਛੁਟਕਾਰਾ ਪਾ ਸਕਦੇ ਹੋ।

ਜਿਸ ਨਾਲ ਢਿੱਡ ਦਾ ਦਰਦ ਖ਼ਤਮ ਹੁੰਦਾ ਹੈ ਤੇ ਨਾਲ ਹੀ ਢਿੱਡ ਦੇ ਕੀੜੇ ਵੀ ਮਰ ਜਾਂਦੇ ਹਨ। ਸ਼ਹਿਦ ਵੀ ਢਿੱਡ ਦੇ ਕੀੜਿਆਂ ਤੋਂ ਛੁਟਕਾਰਾ ਦਿਵਾਉਣ ਦਾ ਕੰਮ ਕਰਦਾ ਹੈ। ਰੋਜ਼ਾਨਾ ਸਵੇਰੇ ਉੱਠਦੇ ਹੀ ਬੱਚਿਆਂ ਨੂੰ ਸ਼ਹਿਦ ਪਿਲਾਓ। ਅਜਿਹਾ ਕਰਨ ਨਾਲ ਢਿੱਡ ਦੇ ਕੀੜੇ ਖਤਮ ਹੋ ਜਾਂਦੇ ਹਨ।

**ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।**

# ਦਿਲ ਅਤੇ ਸੂਗਰ ਦੇ ਮਰੀਜ਼ਾਂ ਲਈ ਬੇਹੱਦ ਲਾਭਕਾਰੀ ਹੈ ਅਖਰੋਟ

ਅਖਰੋਟ 'ਚ ਵਿਟਾਮਿਨ, ਕੈਲਸ਼ੀਅਮ, ਐਂਟੀ-ਆਕਸੀਡੈਂਟ, ਐਂਟੀ ਵਾਇਰਲ ਗੁਣ ਹੁੰਦੇ ਹਨ। ਦਿੱਸਣ 'ਚ ਦਿਮਾਗ ਦੀ ਸ਼ਕਲ ਵਾਲਾ ਅਖਰੋਟ ਖਾਣ 'ਚ ਸੁਆਦ ਹੋਣ ਦੇ ਨਾਲ ਦਿਲ ਅਤੇ ਦਿਮਾਗ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ। ਰੋਜ਼ਾਨਾ ਇਸ ਦੀ ਵਰਤੋਂ ਕਰਨ ਨਾਲ ਸਰੀਰ ਨੂੰ ਸਾਰੇ ਉਚਿਤ ਤੱਤ ਮਿਲਣ ਦੇ ਨਾਲ ਬੀਮਾਰੀਆਂ ਨਾਲ ਲੜਣ ਦੀ ਸ਼ਕਤੀ ਮਿਲਦੀ ਹੈ। ਕੈਲੋਸਟ੍ਰਾਲ ਲੈਵਲ ਘੱਟ ਹੋ ਕੇ ਦਿਲ ਸਿਹਤਮੰਦ ਰਹਿਣ 'ਚ ਮਦਦ ਮਿਲਦੀ ਹੈ। ਤਾਂ ਚੱਲੋ ਜਾਣਦੇ ਹਾਂ ਇਸ ਤੋਂ ਮਿਲਣ ਵਾਲੇ ਹੋਰ ਗੁਣਾਂ ਦੇ ਬਾਰੇ 'ਚ...


**ਦਿਲ ਲਈ ਫ਼ਾਇਦੇਮੰਦ**

ਇਸ ਦੀ ਵਰਤੋਂ ਨਾਲ ਕੈਲੋਸਟ੍ਰਾਲ ਘੱਟ ਹੁੰਦਾ ਹੈ। ਅਜਿਹੇ 'ਚ ਬਲੱਡ ਪ੍ਰੈਸ਼ਰ ਕੰਟਰੋਲ ਹੋ ਕੇ ਦਿਲ ਨੂੰ ਸਹੀ ਤਰੀਕੇ ਨਾਲ ਖ਼ੂਨ ਪਹੁੰਚਾਉਂਦਾ ਹੈ। ਇਸ ਤਰ੍ਹਾਂ ਦਿਲ ਸਿਹਤਮੰਦ ਹੋ ਕੇ ਹਾਰਟ ਅਟੈਕ ਆਉਣ ਅਤੇ ਦਿਲ ਨਾਲ ਜੁੜੀਆਂ ਬੀਮਾਰੀਆਂ ਦੇ ਹੋਣ ਦਾ ਖਤਰਾ ਘੱਟ ਹੁੰਦਾ ਹੈ।

**ਸ਼ੂਗਰ ਰੱਖੇ ਕੰਟਰੋਲ**

ਜੋ ਲੋਕ ਸ਼ੂਗਰ ਦੇ ਸ਼ਿਕਾਰ ਹਨ। ਉਨ੍ਹਾਂ ਨੂੰ ਰਾਤ ਭਰ ਭਿਓ ਕੇ ਰੱਖੇ ਅਖਰੋਟ ਸਵੇਰੇ ਖਾਲੀ ਪੇਟ ਖਾਣੇ ਚਾਹੀਦੇ ਹਨ। ਇਸ ਨਾਲ ਉਨ੍ਹਾਂ ਦਾ ਸ਼ੂਗਰ ਲੈਵਲ ਕੰਟਰੋਲ 'ਚ ਰਹਿਣ ਦੇ ਨਾਲ ਦਿਨ ਭਰ ਸਰੀਰ 'ਚ ਐਨਰਜੀ ਬਰਕਰਾਰ ਰਹੇਗੀ।





**ਭਾਰ ਹੋਵੇਗਾ ਘੱਟ**

ਹਮੇਸ਼ਾ ਲੋਕਾਂ ਦਾ ਮੰਨਣਾ ਹੁੰਦਾ ਹੈ ਕਿ ਅਖਰੋਟ ਦੀ ਵਰਤੋਂ ਕਰਨ ਨਾਲ ਭਾਰ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਇਸ ਨੂੰ ਸਹੀ ਮਾਤਰਾ 'ਚ ਖਾਣ ਨਾਲ ਇਹ ਸਰੀਰ ਨੂੰ ਭਾਰ ਕੰਟਰੋਲ ਰੱਖਣ 'ਚ ਮਦਦ ਕਰਦਾ ਹੈ।

**ਮਜ਼ਬੂਤ ਮਾਸਪੇਸ਼ੀਆਂ ਅਤੇ ਹੱਡੀਆਂ**

ਨਿਯਮਿਤ ਰੂਪ ਨਾਲ ਅਖਰੋਟ ਦੀ ਵਰਤੋਂ ਕਰਨ ਨਾਲ ਮਾਸਪੇਸ਼ੀਆਂ ਅਤੇ ਹੱਡੀਆਂ 'ਚ ਮਜ਼ਬੂਤੀ ਆਉਂਦੀ ਹੈ। ਨਾਲ ਹੀ ਸਰੀਰ ਦਾ ਬਿਹਤਰ ਵਿਕਾਸ ਹੋਣ 'ਚ ਮਦਦ ਮਿਲਦੀ ਹੈ।

**ਵਰਤੋਂ ਕਰਨ ਤੋਂ ਪਹਿਲਾਂ ਇਨ੍ਹਾਂ ਗੱਲਾਂ ਦਾ ਰੱਖੋ ਧਿਆਨ**

-ਰੋਜ਼ਾਨਾ 4-5 ਅਖਰੋਟ ਦੀ ਵਰਤੋਂ ਕਰੋ। ਇਸ ਤੋਂ ਜ਼ਿਆਦਾ ਅਖਰੋਟ ਖਾਣ ਨਾਲ ਬੁਖਾਰ, ਛਾਲੇ ਆਦਿ ਦੀ ਸ਼ਿਕਾਇਤ ਹੋ ਸਕਦੀ ਹੈ। -ਅਸਲ 'ਚ ਅਖਰੋਟ ਹਾਈ ਕੈਲੋਰੀ ਨਾਲ ਭਰਿਆ ਹੁੰਦਾ ਹੈ। ਅਜਿਹੇ 'ਚ ਇਸ ਦੀ ਜ਼ਿਆਦਾ ਵਰਤੋਂ ਕਰਨ ਨਾਲ ਭਾਰ ਵਧਣ, ਡਾਈਰੀਆ ਦੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

-ਖਾਲੀ ਪੇਟ ਅਖਰੋਟ ਖਾਣ ਨਾਲ ਪੇਟ 'ਚ ਦਰਦ, ਸੜਨ ਅਤੇ ਐਸੀਡਿਟੀ ਹੋ ਸਕਦੀ ਹੈ।

-ਜਿਨ੍ਹਾਂ ਲੋਕਾਂ ਨੂੰ ਕਫ਼ ਦੀ ਪ੍ਰੇਸ਼ਾਨੀ ਹੁੰਦੀ ਹੈ। ਉਨ੍ਹਾਂ ਨੂੰ ਗਲਤੀ ਨਾਲ ਵੀ ਅਖਰੋਟ ਨਹੀਂ ਖਾਣੇ ਚਾਹੀਦੇ। ਇਸ ਨਾਲ ਉਨ੍ਹਾਂ ਦੀ ਪ੍ਰੇਸ਼ਾਨੀ ਵਧ ਸਕਦੀ ਹੈ।

ਅਖਰੋਟ ਖਾਣ ਦਾ ਸਹੀ ਤਾਰੀਕਾ

-ਇਸ ਨੂੰ ਖਾਲੀ ਪੇਟ ਅਤੇ ਇੱਕੱਲੇ ਖਾਣ ਦੀ ਥਾਂ ਹੋਰ ਚੀਜ਼ਾਂ 'ਚ ਮਿਲਾ ਕੇ ਖਾਣਾ ਚਾਹੀਦਾ। ਇਸ ਲਈ ਤੁਸੀਂ ਇਸ ਨੂੰ ਦਲੀਆ, ਖੀਰ ਜਾਂ ਪੁਲਾਅ 'ਚ ਮਿਲਾ ਕੇ ਖਾ ਸਕਦੇ ਹੋ।

-ਅਖਰੋਟ, ਲਸਣ, ਕਾਲੀ ਮਿਰਚ ਨੂੰ ਪੀਸ ਕੇ ਉਸ 'ਚ ਨਿੰਬੂ ਦਾ ਰਸ, ਨਮਕ ਅਤੇ ਜੈਤੂਨ ਦਾ ਤੇਲ ਮਿਲਾਓ। ਫ਼ਿਰ ਇਸ ਦੀ ਵਰਤੋਂ ਕਰੋ।

-ਰਾਤ ਭਰ ਭਿਓ ਕੇ ਰੱਖੇ ਅਖਰੋਟ ਸਵੇਰੇ ਖਾਲੀ ਪੇਟ ਖਾਓ।

**ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।**



# ਆਵਾਜ਼ ਨਾਲ ਬਣਾਓ ਆਪਣੀ ਪਛਾਣ

ਵਧੀਆ ਤੇ ਸੁਰੀਲੀ ਆਵਾਜ਼ ਦਾ ਹੁਨਰ ਰੱਖਣ ਵਾਲੇ ਨੌਜਵਾਨਾਂ ਲਈ ਅੱਜ ਫਿਲਮਾਂ ਤੋਂ ਲੈ ਕੇ ਨਾਟਕਾਂ, ਰੇਡੀਓ, ਟੈਲੀਵਿਜ਼ਨ, ਇਸ਼ਤਿਹਾਰ, ਡਾਕੂਮੈਂਟਰੀ, ਐਨੀਮੇਸ਼ਨ ਫਿਲਮਾਂ ਆਦਿ ’ਚ ਡਬਿੰਗ ਆਰਟਿਸਟ ਦੇ ਤੌਰ ’ਤੇ ਕੰਮ ਕਰਨ ਦੇ ਵਧੀਆ ਮੌਕੇ ਮੌਜੂਦ ਹਨ।

### ਆਵਾਜ਼ ਦਾ ਹੁਨਰ

ਡਬਿੰਗ ਆਰਟਿਸਟ ਬਣਨ ਲਈ ਮਹੱਤਵਪੂਰਨ ਯੋਗਤਾ ਹੈ - ਦਿਲਕਸ਼ ਆਵਾਜ਼। ਆਵਾਜ਼ ’ਚ ਦਮ ਅਤੇ ਲਫ਼ਜ਼ਾਂ ’ਤੇ ਪਕੜ ਰੱਖਣ ਵਾਲਾ ਕੋਈ ਵੀ ਨੌਜਵਾਨ ਡਬਿੰਗ ਆਰਟਿਸਟ ਜਾਂ ਵਾਇਸ ਓਵਰ ਆਰਟਿਸਟ ਬਣਨ ਦੀ ਪਹਿਲ ਕਰ ਸਕਦਾ ਹੈ। ਵਧੀਆ ਆਵਾਜ਼ ਦੇ ਨਾਲ ਜੇ ਤੁਸੀਂ ਬਾਰ੍ਹਵੀਂ ਜਾਂ ਸੀਨੀਅਰ ਸੈਕੰਡਰੀ ਦੀ ਯੋਗਤਾ ਰੱਖਦੇ ਹੋ ਤਾਂ ਤੁਹਾਡੇ ਲਈ ਵਧੀਆ ਕਰੀਅਰ ਬਣਾਉਣ ਦੇ ਰਾਹ ਆਸਾਨ ਹੋ ਜਾਣਗੇ। ਡਬਿੰਗ ਆਰਟਿਸਟ ਦੀ ਵਧਦੀ ਮੰਗ ਨੂੰ ਵੇਖਦਿਆਂ ਅਜਿਹੀਆਂ ਕਈ ਸੰਸਥਾਵਾਂ ਹਨ, ਜੋ ਇਸ ਨਾਲ ਸਬੰਧਤ ਸ਼ਾਰਟ-ਟਰਮ ਤੇ ਸਰਟੀਫਿਕੇਟ ਕੋਰਸ ਕਰਵਾ ਰਹੀਆਂ ਹਨ। ਇਨ੍ਹਾਂ ਕੋਰਸਾਂ ਜ਼ਰੀਏ ਵਿਦਿਆਰਥੀਆਂ ਨੂੰ ਵਾਇਸ ਓਵਰ ਦੀ ਤਕਨੀਕੀ ਜਾਣਕਾਰੀ ਦਿੱਤੀ ਜਾਂਦੀ ਹੈ। ਆਪਣੀ ਆਵਾਜ਼ ’ਚ ਨਿਖਾਰ ਲਿਆਉਣ ਲਈ ਇਸ ਕੋਰਸ ਦੀ ਮਦਦ ਲਈ ਜਾ ਸਕਦੀ ਹੈ।

### ਤਕਨੀਕ ਦੀ ਸਮਝ ਜ਼ਰੂਰੀ

ਮੌਜੂਦਾ ਦੌਰ ’ਚ ਸ਼ਾਇਦ ਹੀ ਕੋਈ ਅਜਿਹਾ ਖੇਤਰ ਹੋਵੇਗਾ, ਜਿਥੇ ਤਕਨਾਲੋਜੀ ਦਾ ਇਸਤੇਮਾਲ ਨਾ ਹੁੰਦਾ ਹੋਵੇ। ਜ਼ਾਹਿਰ ਹੈ ਡਬਿੰਗ ਆਰਟਿਸਟ ਬਣਨ ਲਈ ਤੁਹਾਨੂੰ ਆਪਣੇ ਕੰਮ ਨਾਲ ਸਬੰਧਤ ਤਕਨੀਕੀ ਜਾਣਕਾਰੀ ਰੱਖਣੀ ਹੋਵੇਗੀ। ਤੁਹਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਰਿਕਾਰਡਿੰਗ ਕਰਦੇ ਸਮੇਂ ਮਾਈਕ ਕਿੰਨਾ ਦੂਰ ਜਾਂ ਕਿੰਨਾ



ਨੇੜੇ ਰੱਖਣਾ ਹੈ ਤੇ ਡਬਿੰਗ ਦੇ ਤਰੀਕਿਆਂ ਨੂੰ ਬਾਰੀਕੀ ਨਾਲ ਸਮਝਣਾ ਪਵੇਗਾ। ਇੰਡਸਟਰੀ ’ਚ ਰਿਕਾਰਡਿੰਗ ਦੇ ਦੋ ਤਰੀਕੇ ਅਪਨਾਏ ਜਾਂਦੇ ਹਨ। ਪਹਿਲਾ ਪੈਰਾ ਡਬਿੰਗ ਅਤੇ ਫਿਰ ਲਿਪਸਿੰਗ।

ਪੈਰਾ ਡਬਿੰਗ ’ਚ ਆਰਟਿਸਟ ਨੇ ਆਡੀਓ ਜਾਂ ਵੀਡੀਓ ’ਤੇ ਬਿਨਾਂ ਧਿਆਨ ਦਿੱਤਿਆਂ ਰਿਕਾਰਡਿੰਗ ਕਰਨੀ ਹੁੰਦੀ ਹੈ, ਉੱਥੇ ਹੀ ਲਿਪਸਿੰਗ ’ਚ ਆਵਾਜ਼ ਦੇਣ ਵਾਲੇ ਨੂੰ ਪਾਤਰ ਦੇ ਬੁੱਲ੍ਹਾਂ ਨੂੰ ਪੜ੍ਹ ਕੇ ਉਚਾਰਨ ਨੂੰ ਮਿਲਾਉਂਦੇ ਹੋਏ ਰਿਕਾਰਡਿੰਗ ਕਰਨੀ ਪੈਂਦੀ ਹੈ। ਤੁਹਾਨੂੰ ਇਨ੍ਹਾਂ ਤਰੀਕਿਆਂ ਨੂੰ ਬਾਰੀਕੀ ਨਾਲ ਸਮਝਣਾ ਹੋਵੇਗਾ।

### ਸੰਭਾਵਨਾਵਾਂ

ਡਬਿੰਗ ਆਰਟਿਸਟ ਦੇ ਰੂਪ ’ਚ ਤੁਹਾਨੂੰ ਅਕਾਸ਼ਬਾਣੀ, ਦੂਰਦਰਸ਼ਨ, ਵੱਖ-ਵੱਖ ਟੀਵੀ ਚੈਨਲਾਂ, ਨਾਟਕ, ਰੇਡੀਓ, ਇਸ਼ਤਿਹਾਰ, ਡਾਕੂਮੈਂਟਰੀ, ਐਨੀਮੇਸ਼ਨ ਫਿਲਮਾਂ ਆਦਿ ’ਚ ਕੰਮ ਕਰਨ ਦੇ ਮੌਕੇ ਮਿਲ ਸਕਦੇ ਹਨ। ਹੋ ਸਕਦਾ ਹੈ ਕਿ ਸ਼ੁਰੂਆਤੀ ਦੌਰ ’ਚ ਤੁਹਾਨੂੰ ਮੌਕੇ ਦੀ ਤਲਾਸ਼ ਕਰਨੀ ਥੋੜ੍ਹੀ ਔਖੀ ਹੋਵੇਗੀ ਪਰ ਇਕ ਵਾਰ ਜਦੋਂ ਤੁਸੀਂ ਲੋਕਾਂ ਵਿਚ ਆਪਣੀ ਆਵਾਜ਼ ਦੀ ਪਛਾਣ ਬਣਾ ਲੈਂਦੇ ਹੋ ਤਾਂ ਤੁਹਾਡੇ ਲਈ ਕੰਮ ਦੇ ਮੌਕਿਆਂ ਦੀ ਕੋਈ ਕਮੀ ਨਹੀਂ ਹੋਵੇਗੀ।

ਜਿਥੋਂ ਤਕ ਕਮਾਈ ਦੀ ਗੱਲ ਹੈ ਤਾਂ ਤੁਸੀਂ ਸ਼ੁਰੂਆਤੀ ਦੌਰ ’ਚ ਪ੍ਰਾਜੈਕਟ ਅਨੁਸਾਰ 10 ਤੋਂ 12 ਹਜ਼ਾਰ ਰੁਪਏ ਪ੍ਰਤੀ ਮਹੀਨਾ ਕਮਾ ਸਕਦੇ ਹੋ ਪਰ ਤਜਰਬਾ ਵਧਣ ਦੇ ਨਾਲ ਤੁਹਾਨੂੰ ਮਿਲਣ ਵਾਲੇ ਮੌਕਿਆਂ ਅਤੇ ਕਮਾਈ ’ਚ ਦੁੱਗਣੀ-ਚੌਗੁਣੀ ਕਮਾਈ ਹੋ ਸਕਦੀ ਹੈ। ਤੁਹਾਨੂੰ ਸਿਰਫ਼ ਆਪਣੇ ਹੁਨਰ ਵਿਚ ਨਿਖਾਰ ਲਿਆਉਣਾ ਹੋਵੇਗਾ। •

#### ਮੁੱਖ ਸੰਸਥਾਵਾਂ

- ਭਾਰਤੀ ਜਨਸੰਚਾਰ ਸੰਸਥਾ, ਨਵੀਂ ਦਿੱਲੀ।
- ਡਿਜ਼ਾਇਰਜ਼ ਐਂਡ ਡੈਸਟੀਨੇਸ਼ਨ, ਮੁੰਬਈ।
- ਈਐੱਮਡੀਆਈ ਆਫ ਰੇਡੀਓ ਮੈਨੇਜਮੈਂਟ, ਹੌਜ ਖ਼ਾਸ, ਨਵੀਂ ਦਿੱਲੀ।
- ਏਸ਼ੀਅਨ ਅਕਾਦਮੀ ਆਫ ਫਿਲਮ ਐਂਡ ਟੈਲੀਵਿਜ਼ਨ, ਨੋਇਡਾ।

#### ਰਾਹ ਆਸਾਨ ਬਣਾਉਂਦੇ ਹਨ ਕੁਝ ਵਿਸ਼ੇਸ਼ ਗੁਣ

ਵਧੀਆ ਆਵਾਜ਼ ਦੇ ਨਾਲ-ਨਾਲ ਡਬਿੰਗ ਆਰਟਿਸਟ ਅੰਦਰ ਆਵਾਜ਼ ਦੀ ਗੁਣਵੱਤਾ, ਸਪਸ਼ਟ ਉਚਾਰਨ ਅਤੇ ਭਾਸ਼ਾ ’ਤੇ ਮਜ਼ਬੂਤ ਪਕੜ ਹੋਣੀ ਜ਼ਰੂਰੀ ਹੁੰਦੀ ਹੈ। ਇਸ ਤੋਂ ਇਲਾਵਾ ਡਬਿੰਗ ਆਰਟਿਸਟ ਨੂੰ ਕਿਰਦਾਰ ਜਾਂ ਸਥਿਤੀ ਦੇ ਹਿਸਾਬ ਨਾਲ ਆਪਣੀ ਆਵਾਜ਼ ’ਚ ਤਬਦੀਲੀ ਲਿਆਉਣੀ ਪੈਂਦੀ ਹੈ, ਜਿਵੇਂ ਈਮੋਸ਼ਨ ਜਾਂ ਕਾਮੇਡੀ ਦੀ ਜਗ੍ਹਾ ’ਤੇ ਉਸੇ ਹਿਸਾਬ ਨਾਲ ਆਪਣੀ ਆਵਾਜ਼ ਨੂੰ ਢਾਲਣਾ ਪੈਂਦਾ ਹੈ। ਇਸ ਲਈ ਤੁਹਾਨੂੰ ਜ਼ਰੂਰਤ ਅਨੁਸਾਰ ਆਪਣੀ ਆਵਾਜ਼ ’ਚ ਹਾਈ-ਪਿੱਚ ਤੇ ਲੋਅ-ਪਿੱਚ ਲਿਆਉਣ ਦੀ ਕਲਾ ਨੂੰ ਸਿੱਖਣਾ ਹੋਵੇਗਾ।

## ਅਡਮਿਸ਼ਨ ਅਲਰਟ

### ਪੀਐੱਚਡੀ

**ਆਲ** ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਭੋਪਾਲ ਵੱਲੋਂ ਅਗਲੇ ਸੈਸ਼ਨ ਵਿਚ ਪੀਐੱਚਡੀ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।

**ਯੋਗਤਾ** - 55 ਫ਼ੀਸਦੀ ਅੰਕ ਐਗ੍ਰੀਗੇਟ ਮਾਰਕਸ ਮੈਡੀਕਲ ਕੁਆਲੀਫਿਕੇਸ਼ਨ ਤਹਿਤ ਐੱਮਬੀਬੀਐੱਸ, ਬੀਡੀਐੱਸ ਜਾਂ ਫਿਰ ਸਬੰਧਤ ਵਿਸ਼ੇ ’ਚ ਐੱਮਡੀ, ਐੱਮਐੱਸ, ਐੱਮਡੀਐੱਸ, ਡੀਐੱਮ, ਐੱਮਸੀਐੱਚ ਕੀਤੀ ਹੋਵੇ। ਨਾਨ ਮੈਡੀਕਲ ਲਈ ਸਬੰਧਤ ਵਿਸ਼ੇ ’ਚ ਘੱਟੋ-ਘੱਟ 55 ਫ਼ੀਸਦੀ ਅੰਕਾਂ ਨਾਲ ਪੋਸਟ ਗ੍ਰੈਜੂਏਟ ਕੀਤੀ ਹੋਵੇ।

**ਆਖ਼ਰੀ ਤਰੀਕ - 30 ਨਵੰਬਰ, 2018**

**ਵੈੱਬਸਾਈਟ** - www.aiimsbhopal.edu.in

### ਐੱਮਬੀਏ

**ਅੰਮ੍ਰਿਤ** ਮੂਡੀ ਸਕੂਲ ਆਫ ਮੈਨੇਜਮੈਂਟ ਅਹਿਮਦਾਬਾਦ ਵੱਲੋਂ ਅਗਲੇ ਸੈਸ਼ਨ ਲਈ ਐੱਮਬੀਏ ਪ੍ਰੋਗਰਾਮ ਵਾਸਤੇ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ।

**ਯੋਗਤਾ** - ਕੈਟ-2018 ’ਚ ਸ਼ਾਮਿਲ। ਘੱਟ ਤੋਂ ਘੱਟ 50 ਫ਼ੀਸਦੀ ਅੰਕਾਂ ਨਾਲ ਬੈਚਲਰ ਡਿਗਰੀ। ਜਿਨ੍ਹਾਂ ਨੇ ‘ਕੈਟ’ ਨਹੀਂ ਦਿੱਤੀ, ਉਹ ਵਿਸ਼ੇਸ਼ ਸ਼ਰਤਾਂ ਤਹਿਤ ਅਪਲਾਈ ਕਰਨ।

**ਆਖ਼ਰੀ ਤਰੀਕ - 15 ਫਰਵਰੀ, 2019**

**ਵੈੱਬਸਾਈਟ** - www.ahduni.edu.in

### ਗਲੋਬਲ ਮੈਨੇਜਮੈਂਟ ਪ੍ਰੋਗਰਾਮ

**ਐੱਸ** ਪੀ ਜੈਨ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਰਿਸਰਚ ਮੁੰਬਈ ਅਗਲੇ ਸੈਸ਼ਨ ਲਈ ਗਲੋਬਲ ਮੈਨੇਜਮੈਂਟ ਪ੍ਰੋਗਰਾਮ ਲਈ ਅਰਜ਼ੀਆਂ ਦੀ ਮੰਗ ਕਰਦੀ ਹੈ।

**ਯੋਗਤਾ** - ਘੱਟ ਤੋਂ ਘੱਟ 60 ਫ਼ੀਸਦੀ ਅੰਕਾਂ ’ਚ ਬੈਚਲਰ ਡਿਗਰੀ।

**ਆਖ਼ਰੀ ਤਰੀਕ -15 ਮਾਰਚ, 2019**


**ਵੈੱਬਸਾਈਟ** - www.spjimr.org

## ਜਗਿਆਸਾ

### ਚਾਬਹਾਰ ਬੰਦਰਗਾਹ ਕਿੱਥੇ ਹੈ?

ਚਾਬਹਾਰ ਬੰਦਰਗਾਹ ਓਮਾਨ ਦੀ ਖਾੜੀ ਵਿਚ ਈਰਾਨ ਦੇ ਦੱਖਣ-ਪੂਰਬ ’ਚ ਸਥਿਤ ਡੂੰਘੇ ਸਾਗਰ ਦੀ ਇਕੱਲੀ ਬੰਦਰਗਾਹ ਹੈ। ਇਸ ’ਚ ਦੋ ਬੰਦਰਗਾਹਾਂ ਹਨ। ਇਕ ਹੈ-ਸ਼ਹੀਦ ਕਲੰਤਾਰੀ ਤੇ ਦੂਜੀ-ਸ਼ਹੀਦ ਬਹਿਸ਼ਤੀ। ਦੋਵਾਂ ’ਚ ਪੰਜ-ਪੰਜ ਬਰਥ ਹਨ। ਇਹ ਬਰਥ ਭਾਰਤ-ਈਰਾਨ ਅਤੇ ਅਫ਼ਗਾਨਿਸਤਾਨ, ਤਿੰਨਾਂ ਦੇਸ਼ਾਂ ਦੇ ਸਮਝੌਤੇ ਤਹਿਤ ਵਿਕਸਤ ਕੀਤੇ ਜਾ ਰਹੇ ਹਨ। ਇਹ ਇਕ ਅਗਾਂਹਵਧੂ ਯੋਜਨਾ ਹੈ, ਜੋ ਬਾਅਦ ’ਚ ਇਸ ਇਲਾਕੇ ਨੂੰ ਅੰਤਰਰਾਸ਼ਟਰੀ ਉੱਤਰ-ਦੱਖਣ ਕੋਰੀਡੋਰ ਦੀ ਮਾਰਫ਼ਤ ਮੱਧ ਏਸ਼ੀਆ ਦੇ ਰਸਤੇ ਯੂਰਪ ਨੂੰ ਜੋੜਨ ਦਾ ਕੰਮ ਕਰ ਸਕਦੀ ਹੈ। ਇਸ ਬੰਦਰਗਾਹ ਦੇ ਵਿਕਾਸ ਦੀ ਕਲਪਨਾ 1973 ਵਿਚ ਈਰਾਨ ਦੇ ਆਖ਼ਰੀ ਸ਼ਾਹ ਨੇ ਕੀਤੀ ਸੀ। ਸ਼ਹੀਦ ਬਹਿਸ਼ਤੀ ਬੰਦਰਗਾਹ ਨੂੰ ਵਿਕਸਤ ਕਰਨ ਲਈ ਭਾਰਤ ਤੇ ਈਰਾਨ ਵਿਚਕਾਰ 2003 ’ਚ ਸਮਝੌਤਾ ਹੋਇਆ ਸੀ। •

ਅਸਫਲਤਾ ਵੇਲੇ ਯਾਦ ਰੱਖੋ ਕਿ ਸਰਦੀਆਂ ’ਚ ਧੁੰਦ ਸੂਰਜ ਦੀ ਰੌਸ਼ਨੀ ਦੇ ਰਾਹ ’ਚ ਵੱਡੀ ਰੁਕਾਵਟ ਬਣਦੀ ਹੈ ਪਰ ਸੂਰਜ ਇਸ ਨੂੰ ਮੇਟ ਕੇ ਆਪਣੀ ਲੋਅ ਧਰਤੀ ਤਕ ਲੈ ਹੀ ਆਉਂਦਾ ਹੈ...



## ਅਸਫਲਤਾ ਹੀ ਸਫਲਤਾ ਦੀ ਹੈ ਪਹਿਲੀ ਪੌੜੀ

• ਅਜੇ ਕੁਮਾਰ ਬਾੜੀਆਂ
98159-06268

ਅਸੀਂ ਬਹੁਤ ਵਾਰ ਸੁਣਿਆ ਹੈ ਕਿ ਅਸਫਲਤਾ ਹੀ ਸਫਲਤਾ ਦੀ ਪਹਿਲੀ ਪੌੜੀ ਹੈ। ਇਹ ਗੱਲ ਬਿਲਕੁਲ ਸਹੀ ਹੈ, ਕਿਉਂਕਿ ਜਿਹੜਾ ਇਨਸਾਨ ਕੋਸ਼ਿਸ਼ ਕਰਦਾ ਹੈ, ਉਹੀ ਸਫਲ ਹੁੰਦਾ ਹੈ, ਨਾ ਕਿ ਉਹ ਜਿਹੜਾ ਅਸਫਲਤਾਵਾਂ ਤੋਂ ਡਰਦਾ ਮੈਦਾਨ ਵਿਚ ਹੀ ਨਾ ਆਵੇ। ਸਾਨੂੰ ਆਪਣੀ ਜ਼ਿੰਦਗੀ ਵਿਚ ਇਕ ਖ਼ਾਸ ਮਕਸਦ ਰੱਖ ਕੇ ਉਸ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਹੋ ਸਕਦਾ ਹੈ ਕਿ ਮੰਜ਼ਿਲ ਤਕ ਪਹੁੰਚਣ ਲਈ ਬਹੁਤ ਸਾਰੀਆਂ ਅਸਫਲਤਾਵਾਂ ਜਾਂ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇ ਪਰ ਲਗਾਤਾਰ ਮਿਹਨਤ ਨਾਲ ਅਸਫਲਤਾਵਾਂ ਤੋਂ ਵੀ ਸਿੱਖਦੇ ਜਾਵਾਂਗੇ ਤੇ ਇਕ ਦਿਨ ਅਸੀਂ ਜ਼ਰੂਰ ਸਫਲ ਹੋਵਾਂਗੇ।

ਸਫਲਤਾ ਨੂੰ ਮੁੱਖ ਰੱਖ ਕੇ ਕੀਤਾ ਕਾਰਜ ਅਸਫਲਤਾ ਮਿਲਣ ’ਤੇ ਦੁੱਖ ਪਹੁੰਚਾਉਂਦਾ ਹੈ, ਇਸ ਲਈ ਕਦੇ ਵੀ ਕੋਈ ਕੰਮ ਸਫਲਤਾ ਨੂੰ ਮੁੱਖ ਰਖਦਿਆਂ ਨਹੀਂ ਕਰਨਾ ਚਾਹੀਦਾ। ਜ਼ਿੰਦਗੀ ’ਚ ਕੁਝ ਕਰਨ ਦਾ ਨਿਸ਼ਾਨਾ ਸਾਫ਼ ਰੱਖਣਾ ਚਾਹੀਦਾ ਹੈ, ਕਿਉਂਕਿ ਸਰਦੀਆਂ ’ਚ ਸੂਰਜ ਕਦੇ ਵੀ ਧੁੰਦ ਮਿਟਾਉਣ ਲਈ ਨਹੀਂ ਚੜ੍ਹਦਾ। ਉਸ ਦਾ ਮਕਸਦ ਸਿਰਫ ਧਰਤੀ ’ਤੇ ਚਾਨਣ ਕਰਨਾ ਹੈ ਪਰ ਉਹ ਰਸਤੇ ’ਚ ਆਉਣ ਵਾਲੀ ਹਰ ਮੁਸ਼ਕਲ ਭਾਵ ਧੁੰਦ ਨੂੰ ਮਿਟਾ ਦਿੰਦਾ ਹੈ। ਜੇ ਇਤਿਹਾਸ ’ਤੇ ਨਜ਼ਰ ਮਾਰੀਏ ਤਾਂ ਵਿਗਿਆਨ, ਸਾਹਿਤ ਤੇ ਰਾਜਨੀਤਕ ਖੇਤਰ ’ਚ ਬਹੁਗਿਣਤੀ ਲੋਕਾਂ ਨੂੰ ਜ਼ਿੰਦਗੀ ’ਚ ਅਸਫਲਤਾ ਪ੍ਰਾਪਤੀ ਤੋਂ ਬਾਅਦ ਹੀ ਸਫਲਤਾ ਮਿਲੀ ਹੈ। ਇਬਰਾਹਿਮ ਲਿੰਕਨ ਤਿੰਨ ਵਾਰ ਆਪਣੇ ਕਾਰੋਬਾਰ ’ਚ ਅਸਫਲ ਰਿਹਾ ਤੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਲਈ ਕਈ ਵਾਰ ਅਸਫਲਤਾਵਾਂ ਦਾ ਸਾਹਮਣਾ ਕਰਨ ਤੋਂ ਬਾਅਦ ਸਫਲ ਹੋਇਆ। ਵਿਗਿਆਨ ਦੇ ਖੇਤਰ ’ਚ ਐਲਬਰਟ ਆਈਨਸਟਾਈਨ ਬਹੁਤ ਵੱਡਾ ਰੁਤਬਾ ਰੱਖਦਾ ਹੈ। ਚਾਰ ਸਾਲ ਤਕ ਉਹ ਬੋਲ ਤੇ ਸੱਤ ਸਾਲ ਤਕ ਪੜ੍ਹ ਨਹੀਂ ਸਕਿਆ। ਉਨ੍ਹਾਂ ਨੂੰ ਸਕੂਲ ’ਚੋਂ ਅਧਿਆਪਕ ਵੱਲੋਂ ਇਹ ਕਹਿ ਕੇ ਕੱਢ ਦਿੱਤਾ ਗਿਆ ਕਿ ਐਲਬਰਟ ਮਾਨਸਿਕ ਤੌਰ ’ਤੇ ਬੇਹੱਦ ਕਮਜ਼ੋਰ ਹੈ।

ਸਟੀਵ ਜੌਬਸ, ਜੋ ‘ਐਪਲ’ ਕੰਪਨੀ ਦਾ ਸੀਈਓ ਸੀ, ਉਸ ਨੂੰ ਆਪਣੀ ਹੀ ਬਣਾਈ ਕੰਪਨੀ ’ਚੋਂ ਬਾਹਰ ਕੱਢ ਦਿੱਤਾ ਗਿਆ ਸੀ ਤੇ ਉਸ ਨੇ ਮੁੜ ਦੁਬਾਰਾ ਆਪਣੀ ਕੰਪਨੀ ‘ਨੈਕਸਟ’ ਦੀ ਸ਼ੁਰੂਆਤ ਕੀਤੀ ਸੀ। ਹੈਨਰੀ ਫੋਰਡ ਤਿੰਨ ਕਾਰੋਬਾਰਾਂ ’ਚ ਅਸਫਲ ਹੋਏ ਤੇ 53 ਸਾਲ ਦੀ ਉਮਰ ’ਚ ਫੋਰਡ ਮੋਟਰ ਕੰਪਨੀ ਨਾਲ ਸਫਲ ਰਹੇ। ਸਟੀਫਨ ਕਿੰਗ, ਜੋ ਪ੍ਰਸਿੱਧ ਲੇਖਕ ਹਨ, ਦੀ ਪਹਿਲੀ ਕਿਤਾਬ ਨੂੰ 30 ਵਾਰ ਰੱਦ ਕਰ ਦਿੱਤਾ ਗਿਆ ਸੀ।

ਪ੍ਰਸਿੱਧ ਨਾਵਲਕਾਰਾ ਜੇਕੇ ਰਊਲਿੰਗ ਦੀਆਂ ਕਿਤਾਬਾਂ 73 ਭਾਸ਼ਾਵਾਂ ’ਚ ਛਪ ਚੁੱਕੀਆਂ ਤੇ ਇਨ੍ਹਾਂ ਦੀਆਂ ਲੱਖਾਂ ਕਾਪੀਆਂ ਵਿਕ ਚੁੱਕੀਆਂ ਹਨ। ਜਦੋਂ ਉਹ ਆਪਣਾ ਪਹਿਲਾ ਨਾਵਲ ਹੈਰੀ ਪੌਟਰ ਲਿਖ ਰਹੀ ਸੀ ਤਾਂ ਉਸ ਸਮੇਂ ਉਹ ਬੇਰੁਜ਼ਗਾਰ ਸੀ ਤੇ ਉਸ ਦਾ ਤਲਾਕ ਹੋ ਚੁੱਕਾ ਸੀ। ਉਸ ਦੇ ਨਾਵਲ ਹੈਰੀ ਪੌਟਰ ਨੂੰ ਬਾਰਾਂ ਪ੍ਰਕਾਸ਼ਨ ਘਰਾਂ ਨੇ ਰੱਦ ਕਰ ਦਿੱਤਾ ਸੀਏ। ਥਾਮਸ ਅਲਵਾ ਐਡੀਸਨ, ਜਿਸ ਨੂੰ ਅਧਿਆਪਕ ਨੇ ਇਹ ਕਹਿ ਕੇ ਸਕੂਲੋਂ ਕੱਢ ਦਿੱਤਾ ਸੀ ਕਿ ਐਡੀਸਨ ਸਿੱਖਣ ਦੀ ਸਮਰਥਾ ਨਹੀਂ ਰੱਖਦਾ। ਜਦੋਂ ਐਡੀਸਨ ਬਿਜਲੀ ਦੇ ਬਲਬ ਦੀ ਖੋਜ ਕਰ ਰਿਹਾ ਸੀ ਤਾਂ ਉਹ 999 ਵਾਰ ਅਸਫਲ ਹੋਇਆ ਤੇ 1000ਵੀਂ ਵਾਰ ਉਸ ਨੂੰ ਸਫਲਤਾ ਮਿਲੀ। ਇਨ੍ਹਾਂ ਮਹਾਨ ਲੋਕਾਂ ਦੀ ਸਫਲਤਾ ਪਿਛਲੇ ਸੰਘਰਸ਼ ਤੋਂ ਪ੍ਰੇਰਨਾ ਲੈ ਕੇ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ। ਅਸਫਲਤਾ ਤੋਂ ਡਰਨਾ ਨਹੀਂ ਚਾਹੀਦਾ। •



ਇਤਿਹਾਸ ਉਨ੍ਹਾਂ ਮਹਾਨ ਵਿਅਕਤੀਆਂ ਦੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਰਫ਼ਤਾਰ ਨਾਲੋਂ ਦਿਸ਼ਾ ਨੂੰ ਅਹਿਮੀਅਤ ਦਿੱਤੀ ਤੇ ਹੈਰਾਨ ਕਰਨ ਵਾਲੀਆਂ ਪ੍ਰਾਪਤੀਆਂ ਲੋਕਾਂ ਦੇ ਸਾਹਮਣੇ ਰੱਖੀਆਂ...



## ਰਫ਼ਤਾਰ ਨਾਲੋਂ ਦਿਸ਼ਾ ਵਧੇਰੇ ਮਹੱਤਵਪੂਰਨ

• ਬੂਟਾ ਸਿੰਘ ਵਾਕਫ਼
98762-24461

ਮਨੁੱਖ ਸ਼ੁਰੂ ਤੋਂ ਹੀ ਖੋਜੀ ਪ੍ਰਵਿਰਤੀ ਦਾ ਮਾਲਕ ਰਿਹਾ ਹੈ। ਇਸੇ ਪ੍ਰਵਿਰਤੀ ਸਦਕਾ ਉਹ ਕੁਝ ਨਾ ਕੁਝ ਨਵਾਂ ਕਰਨ, ਕੁਝ ਨਵਾਂ ਸਿੱਖਣ, ਕੁਝ ਨਵਾਂ ਸਮਝਣ ਤੇ ਕੁਝ ਨਵਾਂ ਖੋਜਣ ਦੀ ਲਗਾਤਾਰ ਕੋਸ਼ਿਸ਼ ਕਰਦਾ ਰਹਿੰਦਾ ਹੈ। ਉਸ ਅੰਦਰਲੀ ਇਹ ਚਿਣਗ ਉਸ ਨੂੰ ਹੋਰ ਅਗੇਰੇ ਤੋਰੀ ਰੱਖਦੀ ਹੈ ਤੇ ਉਹ ਉਮਰ ਭਰ ਨਵੇਂ-ਨਵੇਂ ਰਾਹਾਂ ਦਾ ਹਮਸਫ਼ਰ ਤੇ ਨਵੀਆਂ ਮੰਜ਼ਿਲਾਂ ਦਾ ਸਾਥੀ ਬਣਦਾ ਰਹਿੰਦਾ ਹੈ।

ਅਜਿਹਾ ਤਦ ਹੀ ਸੰਭਵ ਹੁੰਦਾ ਹੈ, ਜੇਕਰ ਉਸ ਨੇ ਤੁਰਨ ਤੋਂ ਪਹਿਲਾਂ ਆਪਣਾ ਟੀਚਾ ਨਿਸ਼ਚਿਤ ਕੀਤਾ ਹੋਵੇ, ਕੋਈ ਸੁਪਨਾ ਆਪਣੇ ਮਨ ਅੰਦਰ ਪਾਲਿਆ ਹੋਵੇ, ਕੋਈ ਸਪਸ਼ਟ ਦਿਸ਼ਾ ਨਿਸ਼ਚਿਤ ਕੀਤੀ ਹੋਵੇ। ਕਿਸੇ ਵੀ ਵਿਸ਼ੇਸ਼ ਪ੍ਰਾਪਤੀ ਲਈ ਦਿਸ਼ਾ, ਰਫ਼ਤਾਰ ਨਾਲੋਂ ਵੀ ਵਧੇਰੇ ਮਹੱਤਤਾ ਰੱਖਦੀ ਹੈ। ਇਸ ਦੇ ਨਾਲ ਹੀ ਦਿਸ਼ਾ ਤੇ ਰਫ਼ਤਾਰ ਦਾ ਆਪਸੀ ਤਾਲਮੇਲ ਹੋਣਾ ਵੀ ਬੇਹੱਦ ਜ਼ਰੂਰੀ ਹੁੰਦਾ ਹੈ।

ਦਿਸ਼ਾਹੀਣ ਮਨੁੱਖ ਉਸ ਮੱਖੀ ਦੇ ਤੁਲ ਹੁੰਦਾ ਹੈ, ਜਿਹੜੀ ਬੇਤਰਤੀਬ ਗਤੀ ਨਾਲ ਇੱਕੋ ਸਥਾਨ ’ਤੇ ਘੁੰਮ ਰਹੀ ਹੁੰਦੀ ਹੈ ਪਰ ਕਿਧਰੇ ਵੀ ਨਹੀਂ ਪਹੁੰਚ ਸਕਦੀ। ਦਿਸ਼ਾ, ਭਾਵ ਟੀਚੇ ਨੂੰ ਆਪਣੀ ਨਜ਼ਰ ਦੇ ਸਨਮੁੱਖ ਰੱਖ ਕੇ ਚੱਲਣ ਵਾਲਾ ਮਨੁੱਖ ਪਰਵਾਸੀ ਪੰਛੀਆਂ ਵਾਂਗ ਨੱਕ ਦੀ ਸੇਧ ਚੱਲਦਾ ਹੋਇਆ ਆਪਣੀ ਨਿਰਧਾਰਤ ਮੰਜ਼ਿਲ ਤਕ ਆਸਾਨੀ ਨਾਲ ਪਹੁੰਚ ਜਾਂਦਾ ਹੈ।

### ਤਕਨੀਕੀ ਯੁੱਗ

ਅਸੀਂ ਵਿਗਿਆਨ ਅਤੇ ਤਕਨੀਕ ਦੇ ਯੁੱਗ ਦੇ ਬਾਸ਼ਿੰਦੇ ਹਾਂ, ਜਿਸ ਨੂੰ ਰਫ਼ਤਾਰ ਦਾ ਯੁੱਗ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ। ਰਫ਼ਤਾਰ ਦੇ ਇਸ ਯੁੱਗ ਵਿਚ ਸਾਡੀ ਜ਼ਿੰਦਗੀ ਵਧੇਰੇ ਰੁਝੇਵਿਆਂ ਭਰੀ ਹੋ ਗਈ ਹੈ। ਆਵਾਜਾਈ ਦੇ ਤੇਜ਼ ਰਫ਼ਾਤਾਰ ਵਾਲੇ ਸਾਧਨਾਂ ਸਦਕਾ ਅਸੀਂ ਪੂਰੀ ਦੁਨੀਆ ਦੀ ਥਾਹ ਪਾਉਣ ਦੇ ਯੋਗ ਹੋ ਗਏ ਹਾਂ ਪਰ ਜੇਕਰ ਅਸੀਂ ਰਫ਼ਤਾਰ ਫੜਨ ਤੋਂ ਪਹਿਲਾਂ ਦਿਸ਼ਾ ਨਿਰਧਾਰਤ ਨਾ ਕੀਤੀ ਹੋਵੇ ਤਾਂ ਅਸੀਂ ਕਿਧਰੇ ਵੀ ਨਹੀਂ ਪਹੁੰਚ ਸਕਾਂਗੇ। ਸਾਡੀ ਹਾਲਤ ਆਸਮਾਨ ਤੋਂ ‘ਡਿੱਗੀ ਤੇ ਖਜੂਰ ’ਤੇ ਅਟਕੀ’ ਵਾਲੀ ਹੋ ਨਿੱਬੜੇਗੀ। ਹਰ ਪ੍ਰਾਪਤੀ ਲਈ ਜਿੱਥੇ ਪੂਰੀ ਲਗਨ, ਸਖ਼ਤ ਮਿਹਨਤ, ਗਹਿਰੇ ਤਜਰਬੇ ਤੇ ਵੱਡੇ ਸਬਰ-ਸੰਤੋਖ ਦੀ ਲੋੜ ਹੁੰਦੀ ਹੈ, ਉੱਥੇ ਨਾਲ ਹੀ ਦਰੁਸਤ ਦਿਸ਼ਾ ਦੀ ਲੋੜ ਵੀ ਮੁੱਖ ਹੁੰਦੀ ਹੈ। ਬਿਨਾਂ ਦਿਸ਼ਾ ਨਿਰਧਾਰਤਕ ਕੀਤੇ ਕਾਹਲ ਸਾਨੂੰ ਕਿਸੇ ਵੀ ਨਤੀਜੇ ’ਤੇ ਨਹੀਂ ਪਹੁੰਚਾ ਸਕਦੀ। ਕਾਹਲੀ ਅੱਗੇ ਤਾਂ ਹਮੇਸ਼ਾਂ ਟੋਏ ਹੁੰਦੇ ਹਨ। ਹਰ ਪਹਿਲਾ ਕਦਮ ਪੁੱਟਣ ਤੋਂ ਪਹਿਲਾਂ ਸਾਡੇ ਮਨ ਅੰਦਰ ਦਿਸ਼ਾ ਨਿਰਧਾਰਤ ਹੋਣੀ ਬੇਹੱਦ ਜ਼ਰੂਰੀ ਹੈ।

#### ਦਿਸ਼ਾ ਨਿਰਧਾਰਤ ਕਰਨੀ

ਹਰ ਮਨੁੱਖ ਨੂੰ ਅੱਗੇ ਵਧਣ ਲਈ ਕੁਝ ਨਾ ਕੁਝ ਨਵਾਂ ਪ੍ਰਾਪਤ ਕਰਨ ਲਈ ਤੇ ਨਿਵੇਕਲੀਆਂ ਮੰਜ਼ਿਲਾਂ ਸਰ ਕਰਨ ਲਈ ਆਪਣੀ ਦਿਸ਼ਾ ਨੂੰ ਨਿਰਧਾਰਤ ਕਰਨਾ ਬੇਹੱਦ ਜ਼ਰੂਰੀ ਹੀ ਨਹੀਂ ਹੈ ਬਲਕਿ ਪਹਿਲੀ ਲੋੜ ਹੈ। ਜਿੱਤ ਸਾਡੀ ਰਹੇਗੀ ਜੇਕਰ ਅਸੀਂ ਸਹੀ ਦਿਸ਼ਾ ਵੱਲ ਅੱਗੇ ਵਧ ਰਹੇ ਹੋਵਾਂਗੇ। ਤੁਰੋ ਕਿ ਤੇਜ਼ ਤੁਰੋ, ਹੋਰ ਤੇਜ਼ ਤੁਰੋ ਪਰ ਇਸ ਤੋਂ ਪਹਿਲਾਂ ਆਪਣੇ ਮਨ ਅੰਦਰ ਸੁਪਨੇ ਬੀਜੋ, ਆਪਣੀ ਦਿਸ਼ਾ ਦਾ ਨਿਰਧਾਰਤ ਕਰੋ, ਆਪਣੇ ਟੀਚਿਆਂ ਨੂੰ ਜਾਣੋ। ਜਿੱਤ, ਤੁਹਾਡਾ ਖਿੜੇ ਮੱਥੇ ਸਵਾਗਤ ਕਰਨ ਲਈ ਹਮੇਸ਼ਾਂ ਤਿਆਰ-ਬਰ-ਤਿਆਰ ਰਹੇਗੀ।

### ਸਹੀ ਦਿਸ਼ਾ ਦਾ ਸੰਕਲਪ

ਇਤਿਹਾਸ ਉਨ੍ਹਾਂ ਮਹਾਨ ਵਿਅਕਤੀਆਂ ਦੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਰਫ਼ਤਾਰ ਨਾਲੋਂ ਦਿਸ਼ਾ ਨੂੰ ਅਹਿਮੀਅਤ ਦਿੱਤੀ ਤੇ ਹੈਰਾਨ ਕਰਨ ਵਾਲੀਆਂ ਪ੍ਰਾਪਤੀਆਂ ਲੋਕਾਂ ਦੇ ਸਾਹਮਣੇ ਰੱਖੀਆਂ ਹਨ। ਇਸੇ ਕਾਰਨ ਅੱਜ ਅਸੀਂ ਅਣਗਿਣਤ ਮਹਾਨ ਖੋਜਾਂ ਦਾ ਆਨੰਦ ਮਾਣ ਰਹੇ ਹਾਂ। ਜੇ ਇਨ੍ਹਾਂ ਖੋਜਾਂ ਨੂੰ ਕਰਨ ਵਾਲੇ ਸਿਰੜੀ ਵਿਗਿਆਨੀ ਆਪਣੇ ਮਨ ਮਸਤਕ ਅੰਦਰ ਖੋਜ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਸਹੀ ਦਿਸ਼ਾ ਦਾ ਸੰਕਲਪ ਉਸਾਰ ਕੇ ਨਾ ਚੱਲਦੇ ਤਾਂ ਇਹ ਖੋਜਾਂ ਸ਼ਾਇਦ ਸੰਭਵ ਹੀ ਨਾ ਹੁੰਦੀਆਂ। ਲੰਬੀ ਰੇਸ ਵਿਚ ਭਾਗ ਲੈਣ ਵਾਲਾ ਦੌੜਾਕ ਜੇਕਰ ਆਪਣੇ ਟੀਚੇ ਭਾਵ ਦਿਸ਼ਾ ਦਾ ਖ਼ਿਆਲ ਰੱਖ ਕੇ ਇਕ ਨਿਸ਼ਚਿਤ ਰਫ਼ਤਾਰ ਨਾਲ ਦੌੜਦਾ ਰਹਿੰਦਾ ਹੈ ਤਾਂ ਉਹ ਜ਼ਰੂਰ ਜਿੱਤ ਪ੍ਰਾਪਤ ਕਰਨ ਦੇ ਸਮਰੱਥ ਹੋਵੇਗਾ। ਜੇਕਰ ਉਹ ਆਪਣੇ ਟੀਚੇ ਤੋਂ ਅਨਜਾਣ ਹੈ, ਭਟਕਿਆ ਹੋਇਆ ਹੈ ਤਾਂ ਉਹ ਭਾਵੇਂ ਕਿੰਨੀ ਹੀ ਰਫ਼ਤਾਰ ਨਾਲ ਦੌੜਦਾ ਰਹੇ, ਕਿਸੇ ਪ੍ਰਾਪਤੀ ਤੇ, ਕਿਸੇ ਮੰਜ਼ਿਲ ’ਤੇ ਨਹੀਂ ਪਹੁੰਚ ਸਕੇਗਾ।

ਮਨੁੱਖ ਦੀ ਕੁਦਰਤੀ ਪ੍ਰਵਿਰਤੀ ਹੈ ਕਿ ਉਹ ਹਮੇਸ਼ਾ ਦੂਸਰਿਆਂ ਨਾਲੋਂ ਅੱਗੇ ਨਿਕਲਣਾ ਚਾਹੁੰਦਾ ਹੈ। ਉਸ ਦੀ ਇਹ ਲਾਲਸਾ ਤਦ ਹੀ ਪੂਰੀ ਹੁੰਦੀ ਹੈ ਜੇਕਰ ਉਸ ਅੰਦਰ ਸਹੀ ਦਿਸ਼ਾ ਦਾ ਸੰਕਲਪ ਦ੍ਰਿੜ੍ਹ ਹੋਵੇ। ਜੇਕਰ ਜਹਾਜ਼ ਦਾ ਪਾਇਲਟ ਸਹੀ ਦਿਸ਼ਾ ਨਿਰਧਾਰਤ ਨਾ ਕਰੇ ਤਾਂ ਉਸ ਨੇ ਕਿਧਰੇ ਵੀ ਨਹੀਂ ਪਹੁੰਚਣਾ ਹੁੰਦਾ। ਅਜਿਹੀ ਹਾਲਤ ਵਿਚ ਜਹਾਜ਼ ਦੀ ਰਫ਼ਤਾਰ ਦਾ ਕੋਈ ਅਰਥ ਨਹੀਂ ਰਹਿ ਜਾਣਾ ਸੀ।

ਦਿਸ਼ਾਹੀਣ ਰੇਲ ਗੱਡੀਆਂ ਨੇ ਕਿਧਰੇ ਨਹੀਂ ਪਹੁੰਚਣਾ ਸੀ। ਠੀਕ ਇਸੇ ਤਰ੍ਹਾਂ ਦਿਸ਼ਾਹੀਣ ਲੋਕਾਂ ਨੇ ਵੀ ਕਿਧਰੇ ਨਹੀਂ ਪਹੁੰਚਣਾ ਹੁੰਦਾ। ਵਿਦਿਆਰਥੀਆਂ ਨੂੰ ਸਹੀ ਦਿਸ਼ਾ ਦੇਣ ਤੋਂ ਸੱਖਣੇ ਅਧਿਆਪਕਾਂ ਦੇ ਵਿਦਿਅਰਥੀ ਪੜ੍ਹ-ਲਿਖ ਕੇ ਵੀ ਅਨਪੜ੍ਹਾਂ ਦੇ ਬਰਾਬਰ ਹੀ ਰਹਿਣੇ ਸਨ, ਅਜਿਹੇ ਡਾਕਟਰਾਂ ਦੇ ਮਰੀਜ਼ ਤੰਦਰੁਸਤ ਹੋਣ ਦੀ ਕੋਈ ਸੰਭਾਵਨਾ ਨਹੀਂ ਰਹਿਣੀ ਸੀ।

ਅਜਿਹੇ ਇੰਜੀਨੀਅਰਾਂ ਦੇ ਬਣਾਏ ਪੁਲ ਕਿਸੇ ਕੰਮ ਨਹੀਂ ਆਉਣੇ ਸਨ। ਅਜਿਹੇ ਵਪਾਰੀ ਸਫ਼ਲ ਸੌਦਾਗਰ ਨਹੀਂ ਬਣ ਸਕਣੇ ਸਨ। ਅਜਿਹੇ ਲੋਕਾਂ ਦੀ ਭੀੜ ਨੇ ਕੁਰੱਖ਼ਤ ਸਮਾਜ ਨੂੰ ਜਨਮ ਦੇਣਾ ਸੀ, ਕਿਉਂਕਿ ਭੀੜਾਂ ਵਿਚ ਦਿਸ਼ਾ ਨਿਰਧਾਰਨ ਸੰਭਵ ਨਹੀਂ ਹੁੰਦਾ। ਸੋ ਸਾਡੀ ਜ਼ਿੰਦਗੀ ਵਿਚ ਰਫ਼ਤਾਰ ਨਾਲੋਂ ਦਿਸ਼ਾ ਦਾ ਵਧੇਰੇ ਮਹੱਤਵ ਹੀ ਹੋਣਾ ਬੇਹੱਦ ਜ਼ਰੂਰੀ ਹੈ। •



# ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ ਸਹਿਭਾਗੀ ਲੋਕਤੰਤਰ ਤੇ ਸਾਂਝੀ ਜਿਮੇਵਾਰੀ ਦਾ ਪ੍ਰਤੀਕ : ਮੁੱਖ ਮੰਤਰੀ

ਚੰਡੀਗੜ੍ਹ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਗੁਰੂਗ੍ਰਾਮ ਵਿੱਚ ਦੋ ਸੈਸ਼ਨਾਂ ਵਿੱਚ ਵੱਖ-ਵੱਖ ਹਿੱਤਧਾਰਕਾਂ ਦੇ ਨਾਲ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ ਵਿੱਚ ਸਾਰਥਕ ਚਰਚਾ ਕਰ ਪੇਸ਼ੇਵਰਾਂ ਦੇ ਸੁਝਾਅ ਸੁਣੇ। ਦੂਜੇ ਸੈਸ਼ਨ ਵਿੱਚ ਚਾਰਟਰਡ ਅਕਾਉਂਟੈਂਟ, ਐਡਵੋਕੇਟਸ, ਆਰਕੀਟੈਕਟਸ ਅਤੇ ਵਾਤਾਵਰਣ ਨਾਲ ਸਬੰਧਿਤ, ਡਾਕਟਰ ਸਮੇਤ ਵੱਖ-ਵੱਖ ਪੇਸ਼ੇਵਰ ਸ਼ਾਮਿਲ ਹੋਏ। ਮੁੱਖ ਮੰਤਰੀ ਨੇ ਕਿਹਾ ਕਿ ਮੀਟਿੰਗਾਂ ਵਿੱਚ ਦਿੱਤੇ ਗਏ ਸੁਝਾਅ ਸਹਿਭਾਗੀ ਲੋਕਤੰਤਰ, ਸਹਿਯੋਗਾਤਮਕ ਸ਼ਾਸਨ ਅਤੇ ਸਾਂਝੀ ਜਿਮੇਵਾਰੀ ਦਾ ਪ੍ਰਤੀਕ ਹੈ। ਇਸ ਜਨ ਭਾਵਨਾ 'ਤੇ ਹੀ ਹਰਿਆਣਾ ਸਰਕਾਰ ਨੀਤੀਆਂ ਅਤੇ ਫੈਸਲਿਆਂ ਦੀ ਨੀਂਹ ਰੱਖਦੀ ਹੈ।

ਹਿੱਤਧਾਰਕਾਂ ਨੂੰ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਵੱਖ-ਵੱਖ ਖੇਤਰਾਂ ਦੇ ਪੇਸ਼ੇਵਰ ਖੁੱਲੇ ਮਨ, ਸਪਸ਼ਟ ਸੋਚ ਅਤੇ ਰਚਨਾਤਮਕ ਦ੍ਰਿਸ਼ਟੀਕੋਣ ਦੇ ਨਾਲ ਇੱਕ ਮੰਚ 'ਤੇ ਇਕੱਠਾ ਹੋਏ ਹਨ।

ਸਮਾਜ ਦੇ ਪ੍ਰਬੁੱਧ ਵਰਗ ਨਾਲ ਜੁੜੇ ਹੋਣ ਦੇ ਕਾਰਨ ਨੀਤੀ-ਨਿਰਮਾਣ, ਲੀਗਲ ਸੁਝਾਅ, ਵਿੱਤੀ ਅਨੁਸ਼ਾਸਨ, ਨਿਯੋਜਨ, ਵਾਤਾਵਰਣ ਸਰੰਖਣ ਅਤੇ ਲਗਾਤਾਰ ਵਿਕਾਸ ਦੇ ਖੇਤਰ ਵਿੱਚ ਮਾਰਗਦਰਸ਼ਕ ਦੀ ਭੂਮਿਕਾ ਨਿਭਾਉਂਦੇ ਹਨ। ਇਹ ਕਹਿਣਾ ਬੀਤੇ ਸਾਲ ਹਿੱਤਧਾਰਕਾਂ ਤੋਂ ਮਿਲੇ ਸੁਝਾਅ ਦੇ ਮਹਤੱਵ 'ਤੇ ਗੱਲ ਕਰਦੇ ਹੋਏ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਨ ਹਿੱਤ ਵਿੱਚ ਸੁਝਾਅ ਬੇਹੱਦ ਵਿਵਹਾਰਕ ਰਹੇ। ਉਨ੍ਹਾਂ ਵਿੱਚ ਦੂਰਦਰਸ਼ਿਤਾ ਅਤੇ ਭਵਿੱਖ ਦੀ ਜਰੂਰਤਾਂ ਦੀ ਸਪਸ਼ਟ ਝਲਕ ਦਿਖਾਈ ਦਿੱਤੀ।

ਬੀਤੇ ਸਾਲ ਕੁੱਲ 43 ਵਿੱਚੋਂ 15 ਸੁਝਾਆਂ ਨੂੰ ਬਜਟ 2025-26 ਵਿੱਚ ਸ਼ਾਮਿਲ ਵੀ ਕੀਤਾ ਗਿਆ। ਇੰਨ੍ਹਾਂ ਸੁਝਾਆਂ ਦੇ ਤਹਿਤ ਵਨ ਟਾਇਮ ਸੈਂਟਲਮੈਂਟ ਯੋਜਨਾ, ਈਟੀਓ ਵੱਲੋਂ ਧਾਰਾ-61 ਤਹਿਤ ਸੁਓ ਮੋਟੋ ਜਾਂਚ, ਜੀਐਸਟੀ ਐਕਟ 2017 ਦੀ ਧਾਰਾ-66 ਦੇ ਤਹਿਤ ਸਪੈਸ਼ਲ ਆਡਿਟ ਤਹਿਤ ਚਾਰਟਡ ਅਕਾਉਂਟੈਂਟ ਪੈਨਲ ਦਾ ਗਠਨ, ਈਟੀਓ ਅਤੇ ਡੀਈਟੀਸੀ ਦਫਤਰਾਂ ਵਿੱਚ ਪਾਰਦਰਸ਼ਿਤ ਤਹਿਤ ਸੀਸੀਟੀਵੀ ਦੀ ਵਿਵਸਥਾ ਸ਼ਾਮਿਲ ਹੈ।

ਇਸ ਤੋਂ ਇਲਾਵਾ, ਖੇਤੀਬਾੜੀ ਸਮੱਗਰੀਆਂ 'ਤੇ ਜੀਐਸਟੀ ਵਿੱਚ ਛੋਟ, ਜੀਐਸਟੀ ਰਿਫੰਡ ਪ੍ਰਕ੍ਰਿਆ ਦਾ ਸਵਚਾਲਨ, ਈ-ਵੇਸਟ ਪ੍ਰਬੰਧਨ ਦੀ ਨਵੀਂ ਨੀਤੀ, ਅਰਾਵਲੀ ਜੰਗਲ ਸਫਾਰੀ ਵਰਗੀ ਵਾਤਾਵਰਣੀ ਪਹਿਲ, ਪ੍ਰਾਣਵਾਇਯੂ ਦੇਵਤਾ ਪੈਨਸ਼ਨ ਯੋਜਨਾ ਅਤੇ ਵਾਤਾਵਰਣ ਸਿਖਲਾਈ ਕੇਂਦਰ ਵਰਗੇ ਦੂਰਗਾਮੀ ਮਹਤੱਵ ਦੇ ਫੈਸਲੇ ਵੀ ਸ਼ਾਮਿਲ ਹਨ। ਇਹ ਸਾਰੇ ਫੈਸਲੇ ਸਰਲ ਕਰ ਪ੍ਰਣਾਲੀ, ਪਾਰਦਰਸ਼ੀ ਪ੍ਰਸ਼ਾਸਨ, ਵਾਤਾਵਰਣ ਸਰੰਖਣ ਅਤੇ ਜਨਹਿਤ ਦੀ ਦਿਸ਼ਾ ਵਿੱਚ ਠੋਸ ਸੰਕਲਪ ਦਾ ਪ੍ਰਮਾਣ ਬਣੇ।

# ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਧਾਰਮਿਕ ਭਜਨ ਦਾ ਪੋਸਟਰ ਰਿਲੀਜ਼



ਸ੍ਰੀ ਆਨੰਦਪੁਰ ਸਾਹਿਬ,11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ÷ਸਤਿਗੁਰੂ ਰੱਬ ਨੂੰ ਮਿਲਾਵੇ÷ ਧਾਰਮਿਕ ਭਜਨ ਦਾ ਪੋਸਟਰ ਰਿਲੀਜ਼ ਕੀਤਾ।

ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਧਾਰਮਿਕ ਅਤੇ ਸੱਭਿਆਚਾਰਕ ਗਾਇਕੀ ਸਮਾਜ ਨੂੰ ਸਹੀ ਦਿਸ਼ਾ ਦਿਖਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਇਸ ਤਰ੍ਹਾਂ ਦੇ ਉਪਰਾਲੇ ਬਹੁਤ ਜ਼ਰੂਰੀ ਹਨ।

ਇਸ ਧਾਰਮਿਕ ਭਜਨ ਨੂੰ ਗਾਇਕ ਗੁਰਮੁੱਖ ਸਿੰਘ ਮਟੌਰ ਵੱਲੋਂ ਆਵਾਜ਼ ਦਿੱਤੀ ਗਈ ਹੈ, ਜੋ ਆਪਣੇ ਲੋਕ ਤੱਤਾਂ ਨਾਲ ਭਰਪੂਰ ਗੀਤਾਂ ਰਾਹੀਂ ਸਮਾਜਿਕ ਸੁਨੇਹਾ ਦੇਣ ਲਈ ਜਾਣੇ ਜਾਂਦੇ ਹਨ। ਭਜਨ ਦਾ ਸੰਗੀਤ ਜਸ਼ਨ ਬੀਟ ਵੱਲੋਂ ਤਿਆਰ ਕੀਤਾ ਗਿਆ ਹੈ, ਜੋ ਸ੍ਰੋਤਿਆਂ ਦੇ ਮਨ ਨੂੰ ਸ਼ਾਂਤੀ ਅਤੇ ਭਗਤੀ ਭਾਵ ਨਾਲ ਜੋੜਦਾ ਹੈ। ਇਸ ਪ੍ਰੋਜੈਕਟ ਨੂੰ ਜੀਐਸ ਆਡੀਓ ਰਿਕਾਰਡ ਕੰਪਨੀ ਵੱਲੋਂ ਪੇਸ਼ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਗਾਇਕ ਅਤੇ ਪੂਰੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੀ ਗਾਇਕੀ ਸਮਾਜ ਵਿੱਚ ਸੱਚ, ਸੇਵਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ। ਉਨ੍ਹਾਂ ਆਸ ਜਤਾਈ ਕਿ ਇਹ ਭਜਨ ਲੋਕਾਂ ਦੇ ਦਿਲਾਂ ਵਿੱਚ ਧਾਰਮਿਕ ਆਸਥਾ ਨੂੰ ਹੋਰ ਮਜ਼ਬੂਤ ਕਰੇਗਾ।

ਇਸ ਮੌਕੇ ਕੁਲਵਿੰਦਰ ਸਿੰਘ, ਗੁਰੀ ਨਾਨੋਵਾਲੀਆ, ਦਲਜੀਤ ਸਿੰਘ, ਨਿਤਿਨ ਬਾਸੋਵਾਲ, ਹਰਵਿੰਦਰ ਸਿੰਘ, ਗੁਰਦੇਵ ਸਿੰਘ, ਗੁਰਪ੍ਰੀਤ, ਬਹਾਦਰ ਸਿੰਘ ਸਰਾਂ, ਸੁਖਜਿੰਦਰ, ਗਾਇਕ ਜਸਪਾਲ ਰਾਣਾ, ਰਾਜ ਖੋਸਲਾ , ਬਲਜਿੰਦਰ ਸਿੰਘ, ਅਮਰੀਕ ਸਿੰਘ, ਗੁਰਸੇਵਕ ਰਿਆੜ, ਭਾਗ ਸਿੰਘ, ਜਗਜੀਤ ਜੱਗੀ, ਕੁਲਵਿੰਦਰ ਬਰਨਾਲਾ ਮਿਊਜਿਕ, ਡਾਇਰੈਕਟਰ ਹਰਪ੍ਰੀਤ ਸੋਨੂ, ਮਹਿਤਾਬ ਅਗੰਮਪੁਰ ਆਦਿ ਵੀ ਹਾਜ਼ਰ ਸਨ।

# ਅਬੋਹਰ ਦੇ ਰੇਲਵੇ ਸਟੇਸ਼ਨ ਤੋਂ ਇੱਕ ਗੁਮਸ਼ੁਦਾ ਬੱਚੀ ਮਿਲੀ : ਜ਼ਿਲਾ ਬਾਲ ਸੁਰੱਖਿਆ ਅਫਸਰ ਰੀਤੂ ਬਾਲਾ

ਫਾਜ਼ਿਲਕਾ,11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਜ਼ਿਲ੍ਹਾ ਪ੍ਰੋਗਰਾਮ ਅਫਸਰ ਫਾਜ਼ਿਲਕਾ ਅਨੁਪ੍ਰਿਆ ਸਿੰਘ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਰੀਤੂ ਬਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਾਈਲਡ ਹੈਲਪਲਾਈਨ ਰਾਹੀਂ ਉਨ੍ਹਾਂ ਨੂੰ ਅਬੋਹਰ ਦੇ ਰੇਲਵੇ ਸਟੇਸ਼ਨ ਤੋਂ ਇੱਕ ਗੁੰਮਸ਼ੁਦਾ ਬੱਚੀ ਮਿਲੀ ਹੈ। ਇਸ ਬੱਚੀ ਦੀ ਉਮਰ ਲਗਭਗ 7 ਸਾਲ ਹੈ, ਜੋ ਕਿ ਨਾ ਸੁਣ ਸਕਦੀ ਹੈ ਅਤੇ ਨਾ ਹੀ ਬੋਲ ਸਕਦੀ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਜੇਕਰ ਕੋਈ ਇਸ ਬੱਚੇ ਨੂੰ ਜਾਣਦਾ/ਪਛਾਣਦਾ ਹੈ ਤਾਂ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨੇ ਇਸ ਸਬੰਧੀ ਹੋਰ ਦੱਸਿਆ ਕਿ ਇਹ ਬੱਚੀ ਆਪਣੇ ਪਰਿਵਾਰ ਬਾਰੇ ਕੁਝ ਵੀ ਦੱਸਣ ਤੋਂ ਅਸਮਰੱਥ ਹੈ। ਇਸ ਬੱਚੀ ਬਾਰੇ ਸੂਚਨਾ ਲੈਣ ਜਾਂ ਦੇਣ ਲਈ ਪੁਲਿਸ ਦੇ ਨਾਲ-ਨਾਲ ਸੂਬੇ ਦੇ ਜ਼ਿਲ੍ਹਾ ਬਾਲ ਸੁਰੱਖਿਆ ਦਫਤਰਾਂ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਬਾਲ ਸੁਰੱਖਿਆ ਵਿਭਾਗ ਇਸ ਬੱਚੀ ਨੂੰ ਆਪਣੇ ਪਰਿਵਾਰ ਨਾਲ ਮਿਲਾਉਣ ਲਈ ਪੂਰਾ ਯਤਨਸ਼ੀਲ ਹੈ।

ਉਨ੍ਹਾਂ ਕਿਹਾ ਕਿ ਇਸ ਬੱਚੀ ਬਾਰੇ ਜੇਕਰ ਕੋਈ ਜਾਣਕਾਰੀ ਰੱਖਦਾ ਹੋਵੇ ਜਾਂ ਇਸ ਨੂੰ ਕੋਈ ਪਹਿਚਾਣਦਾ ਹੋਵੇ ਤਾਂ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ, ਫਾਜ਼ਿਲਕਾ ਕਮਰਾ ਨੰ. 405, ਤੀਜੀ ਮੰਜ਼ਿਲ, ਏ ਬਲਾਕ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਾਜ਼ਿਲਕਾ ਵਿਖੇ ਸੰਪਰਕ ਕੀਤਾ ਜਾਵੇ।

# ਸਾਢੇ 6 ਸਾਲਾ ਦੌੜਾਕ ਨੂੰ ਦਿੱਤੀ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਹੱਲਾਸ਼ੇਰੀ

ਸੰਗਰੂਰ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਲੰਘੇ ਦਿਨੀਂ ਪਿੰਡ ਘਰਾਚੋਂ ਵਿੱਚ ਪ੍ਰਸਿੱਧ ਖੇਡ ਪ੍ਰਮੋਟਰ ਪਿੰਕਾ ਜਰਗ ਵੱਲੋਂ ਕਰਵਾਈਆਂ ਗਈਆਂ 10 ਸਾਲਾ ਬੱਚਿਆਂ ਦੀਆਂ ਖੇਡਾਂ ਵਿੱਚ ਦੌੜਾਕ ਜਸਰਾਜ ਸਿੰਘ ਨੇ ਸੋਨੇ ਦਾ ਤਮਗਾ ਜਿੱਤਿਆ ਸੀ। ਦੌੜਾਕ ਜਸਰਾਜ ਸਿੰਘ ਜ਼ਿਲ੍ਹਾਸੰਗਰੂਰ ਦੇ ਪਿੰਡ ਮੰਗਵਾਲ ਦਾ ਖ਼ਿਡਾਰੀ ਹੈ। ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਨੇ ਅੱਜ ਦੌੜਾਕ ਜਸਰਾਜ ਸਿੰਘ ਨੂੰ ਆਪਣੇ ਦਫ਼ਤਰ ਬੁਲਾ ਕੇ ਵਿਸ਼ੇਸ਼ ਤੌਰ ਉੱਤੇ ਹੱਲਾਸ਼ੇਰੀ ਦਿੱਤੀ।

ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਨੂੰ ਜਸਰਾਜ ਸਿੰਘ ਦੇ ਪਿਤਾ ਜਗਪਾਲ ਸਿੰਘ ਨੇ ਦੱਸਿਆ ਕਿ ਜਸਰਾਜ ਸਿੰਘ ਦੀ ਉਮਰ ਇਸ ਵੇਲੇ ਸਾਢੇ 6 ਸਾਲ ਹੈ ਅਤੇ ਉਹ ਸਥਾਨਕ ਸਕੂਲ ਵਿੱਚ ਪਹਿਲੀ ਜਮਾਤ ਦਾ ਵਿਦਿਆਰਥੀ ਹੈ।

ਉਹ ਜਨਮ ਤੋਂ ਹੀ ਖੇਡਾਂ ਪ੍ਰਤੀ ਬਹੁਤ ਉਤਸ਼ਾਹ ਰੱਖਦਾ ਹੈ। ਉਸਦੀ ਖੇਡਾਂ ਪ੍ਰਤੀ ਰੁਚੀ ਨੂੰ ਦੇਖਦੇ ਹੋਏ ਉਸਨੂੰ ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਵਿਖੇ ਕੋਚਿੰਗ ਲਈ ਭੇਜਿਆ ਗਿਆ ਸੀ ਤਾਂ ਉਸਦੀ ਪ੍ਰਤਿਭਾ ਵਿੱਚ ਲਗਾਤਾਰ ਨਿਖ਼ਾਰ ਆ ਰਿਹਾ ਹੈ। ਮੌਜੂਦਾ ਸਮੇਂ ਉਹ ਡਿਸਟ੍ਰਿਕਟ ਐਥਲੈਟਿਕ ਐਸੋਸ਼ੀਏਸ਼ਨ ਦੇ ਜਨਰਲ ਸਕੱਤਰ ਅਤੇ ਕੋਚ ਸ਼੍ਰੀ ਸੰਜੇ ਕੁਮਾਰ ਕੋਲੋਂ ਸਿਖ਼ਲਾਈ ਪ੍ਰਾਪਤ ਕਰ ਰਿਹਾ ਹੈ।ਕਿੱਤੇ ਵਜੋਂ ਖੇਤੀਬਾੜੀ ਨਾਲ ਜੁੜੇ ਪਿਤਾ ਜਗਪਾਲ ਸਿੰਘ ਨੇ ਇੱਛਾ ਜਤਾਈ ਕਿ ਉਹ ਜਸਰਾਜ ਸਿੰਘ ਨੂੰ ਦੇਸ਼ ਲਈ ਉਲੰਪਿਕ ਵਿੱਚ ਖੇਡਦਾ ਦੇਖਣਾ ਚਾਹੁੰਦਾ ਹੈ।ਉਸਨੇ ਦੱਸਿਆ ਕਿ ਉਹ ਆਪਣੇ ਸਕੂਲ ਦੀ ਲੌਂਗ ਜੰਪ ਟੀਮ ਦਾ ਵੀ ਮੋਹਰੀ ਮੈਂਬਰ ਹੈ।ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਨੇ ਦੌੜਾਕ ਜਸਰਾਜ ਸਿੰਘ ਨੂੰ ਉਸਦੀ ਪ੍ਰਾਪਤੀ ਲਈ ਮੁਬਾਰਕਬਾਦ ਦਿੰਦਿਆਂ ਭਵਿੱਖ ਵਿੱਚ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਹਨਾਂ ਕਿਹਾ ਕਿ ਉਭਰਦੇ ਖਿਡਾਰੀਆਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਲੈਣਾ ਚਾਹੀਦਾ ਹੈ।

# ਗੋਆ ਵਿੱਚ 27 ਤੋਂ 30 ਜਨਵਰੀ ਤੱਕ ਆਯੋਜਿਤ ਕੀਤਾ ਜਾਵੇਗਾ ਇੰਡੀਆ ਐਨਰਜੀ ਵੀਕ 2026

ਚੰਡੀਗੜ੍ਹ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਇੰਡੀਆ ਐਨਰਜੀ ਵੀਕ 2026 (ਆਈਈਡਬਲਿਊ) 27 ਤੋਂ 30 ਜਨਵਰੀ 2026 ਤੱਕ ਗੋਆ ਵਿੱਚ ਆਯੋਜਿਤ ਕੀਤਾ ਜਾਵੇਗਾ, ਜੋ ਕਿ ਆਲਮੀ ਊਰਜਾ ਖੇਤਰ ਲਈ ਇੱਕ ਮਹੱਤਵਪੂਰਨ ਪਲ 'ਤੇ ਆਲਮੀ ਮੰਤਰੀਆਂ, ਸੀਈਓ, ਨੀਤੀ ਘਾੜਿਆਂ, ਵਿੱਤੀ ਅਦਾਰੇ, ਸਿੱਖਿਆ ਵਿਦਵਾਨਾਂ ਅਤੇ ਤਕਨਾਲੋਜੀ ਪ੍ਰਦਾਤਾਵਾਂ ਨੂੰ ਇੱਕ ਮੰਚ 'ਤੇ ਇਕੱਠਾ ਕਰੇਗਾ। ਸਾਲ ਦੇ ਪਹਿਲੇ ਵੱਡੇ ਅੰਤਰਰਾਸ਼ਟਰੀ ਊਰਜਾ ਸਮਾਗਮ ਦੇ ਰੂਪ ਵਿੱਚ, ਆਈਈਡਬਲਿਊ 2026 ਊਰਜਾ ਸੁਰੱਖਿਆ ਨੂੰ ਮਜ਼ਬੂਤ ਬਣਾਉਣ, ਨਿਵੇਸ਼ਾਂ ਨੂੰ ਹੁਲਾਰਾ ਦੇਣ ਅਤੇ ਡੀਕਾਰਬੋਨਾਈਜ਼ੇਸ਼ਨ ਲਈ ਵਿਹਾਰਕ ਮਾਰਗਾਂ ਨੂੰ ਅੱਗੇ ਵਧਾਉਣ 'ਤੇ ਧਿਆਨ ਕੇਂਦ੍ਰਿਤ ਕਰੇਗਾ।

ਪਿਛਲੇ ਸੰਸਕਰਣਾਂ ਦੀ ਸਫਲਤਾ ਦੇ ਆਧਾਰ 'ਤੇ, ਆਈਈਡਬਲਿਊ 2026 ਵਿੱਚ 120 ਤੋਂ ਵੱਧ ਦੇਸ਼ਾਂ ਤੋਂ ਭਾਗੀਦਾਰੀ ਦੀ ਆਸ ਹੈ। 2025 ਸੰਸਕਰਣ ਵਿੱਚ 100 ਕਾਨਫ਼ਰੰਸ ਸੈਸ਼ਨਾਂ ਵਿੱਚ 68,000 ਤੋਂ ਵੱਧ ਹਾਜ਼ਰੀਨ, 570 ਪ੍ਰਦਰਸ਼ਕ ਅਤੇ 5,400 ਕਾਨਫ਼ਰੰਸ ਡੈਲੀਗੇਟ ਦਰਜ ਕੀਤੇ ਗਏ, ਜੋ ਇਸ ਮੰਚ ਦੇ ਵਧਦੇ ਆਲਮੀ ਕੱਦ ਨੂੰ ਦਰਸਾਉਂਦਾ ਹੈ। ਆਉਣ ਵਾਲੇ ਸੰਸਕਰਣ ਦਾ ਮੰਤਵ ਦੁਨੀਆ ਦੀਆਂ ਪ੍ਰਮੁੱਖ ਊਰਜਾ ਸੰਵਾਦ ਫੋਰਮਾਂ ਵਿੱਚ ਇੰਡੀਆ ਐਨਰਜੀ ਵੀਕ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨਾ ਹੈ।

ਭਾਰਤ ਸਰਕਾਰ ਦੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੀ ਸਰਪ੍ਰਸਤੀ ਹੇਠ ਆਯੋਜਿਤ ਅਤੇ ਫੈਡਰੇਸ਼ਨ ਆਫ਼ ਇੰਡੀਅਨ ਪੈਟਰੋਲੀਅਮ ਇੰਡਸਟਰੀ (ਐਫਆਈਪੀਆਈ) ਅਤੇ ਡੀਐਮਜੀ ਸਮਾਗਮਾਂ ਰਾਹੀਂ ਸਾਂਝੇ ਤੌਰ 'ਤੇ ਆਯੋਜਿਤ, ਆਈਈਡਬਲਿਊ 2026 ਊਰਜਾ ਸੁਰੱਖਿਆ, ਕਿਫ਼ਾਇਤੀ ਬਣਾਉਣ ਅਤੇ ਸਥਿਰਤਾ 'ਤੇ ਸਹਿਯੋਗ ਲਈ ਇੱਕ ਆਲਮੀ ਪੱਧਰ 'ਤੇ ਜੁੜਿਆ ਮੰਚ ਪ੍ਰਦਾਨ ਕਰੇਗਾ। ਇਸ ਵਿੱਚ ਅਮਰੀਕਾ, ਯੂਰਪ, ਮੱਧ ਪੂਰਬ, ਅਫ਼ਰੀਕਾ ਅਤੇ ਏਸ਼ੀਆ-ਪ੍ਰਸ਼ਾਂਤ ਖੇਤਰ ਦੇ ਵਫ਼ਦਾਂ ਦੇ ਹਿੱਸਾ ਲੈਣ ਦੀ ਉਮੀਦ ਹੈ, ਜੋ ਕਿ ਆਲਮੀ ਊਰਜਾ ਕੂਟਨੀਤੀ ਵਿੱਚ ਭਾਰਤ ਦੀ ਵਧਦੀ ਭੂਮਿਕਾ ਨੂੰ ਉਜਾਗਰ ਕਰਦੇ ਹਨ।

ਵਧਦੀ ਆਲਮੀ ਊਰਜਾ ਮੰਗ ਅਤੇ ਜਲਵਾਯੂ ਪ੍ਰਤੀ ਵਚਨਬੱਧਤਾਵਾਂ ਦੇ ਮੱਦੇਨਜ਼ਰ, ਆਈਈਡਬਲਿਊ 2026 ਭਾਰਤ ਦੇ ਸੁਧਾਰ-ਅਧਾਰਤ ਊਰਜਾ ਢਾਂਚੇ, ਸਵੱਛ ਊਰਜਾ ਪਹਿਲਕਦਮੀਆਂ ਅਤੇ ਬੁਨਿਆਦੀ ਢਾਂਚੇ ਦੇ ਵਿਸਥਾਰ 'ਤੇ ਕੇਂਦ੍ਰਿਤ ਹੋਵੇਗਾ। ਮੁੱਖ ਵਿਚਾਰ-ਵਟਾਂਦਰੇ ਵਿੱਚ ਈਥਾਨੌਲ ਮਿਸ਼ਰਣ, ਬਾਇਓਫਿਊਲ, ਗ੍ਰੀਨ ਹਾਈਡ੍ਰੋਜਨ, ਟਿਕਾਊ ਬਾਲਣ, ਕੁਦਰਤੀ ਗੈਸ ਦਾ ਵਿਸਥਾਰ, ਖਪਤਕਾਰ ਸੁਰੱਖਿਆ ਅਤੇ ਕੀਮਤ ਸਥਿਰਤਾ, ਅਤੇ ਨਾਲ ਹੀ ਨਵੀਆਂ ਨਿਮਨ-ਕਾਰਬਨ ਤਕਨਾਲੋਜੀਆਂ ਸ਼ਾਮਲ ਹੋਣਗੀਆਂ।

ਚਾਰ ਦਿਨਾਂ ਤੱਕ ਚੱਲਣ ਵਾਲੇ, ਆਈਈਡਬਲਿਊ 2026 ਵਿੱਚ ਮੰਤਰੀ ਪੱਧਰੀ ਗੋਲਮੇਜ਼, ਸੀਈਓ ਸੰਵਾਦ, ਜਨਤਕ-ਨਿੱਜੀ ਖੇਤਰ ਦੇ ਆਪਸੀ ਤਾਲਮੇਲ, ਤਕਨਾਲੋਜੀ ਪ੍ਰਦਰਸ਼ਨੀਆਂ, ਪ੍ਰਦਰਸ਼ਨੀਆਂ, ਸਮਾਜਿਕ ਸਮਾਗਮਾਂ ਅਤੇ ਮੀਡੀਆ ਦੀ ਸ਼ਮੂਲੀਅਤ ਸ਼ਾਮਲ ਹੋਵੇਗੀ, ਜਿਸ ਨਾਲ ਸਮੁੱਚੀ ਊਰਜਾ ਮੁੱਲ ਲੜੀ ਵਿੱਚ ਸਹਿਯੋਗ ਨੂੰ ਉਤਸ਼ਾਹਿਤ ਕੀਤਾ ਜਾਵੇਗਾ।ਇੰਡੀਆ ਐਨਰਜੀ ਵੀਕ ਭਾਰਤ ਦਾ ਪ੍ਰਮੁੱਖ ਆਲਮੀ ਊਰਜਾ ਮੰਚ ਹੈ, ਜੋ ਇੱਕ ਸੁਰੱਖਿਅਤ, ਟਿਕਾਊ ਅਤੇ ਕਿਫ਼ਾਇਤੀ ਊਰਜਾ ਭਵਿੱਖ ਲਈ ਨੀਤੀਗਤ ਅਨੁਕੂਲਤਾ, ਨਿਵੇਸ਼ ਅਤੇ ਤਕਨੀਕੀ ਸਹਿਯੋਗ ਨੂੰ ਉਤਸ਼ਾਹਿਤ ਕਰਦਾ ਹੈ। ਆਈਈਡਬਲਿਊ 2026 ਗੋਆ ਵਿੱਚ 27-30 ਜਨਵਰੀ 2026 ਤੱਕ ਆਯੋਜਿਤ ਕੀਤਾ ਜਾਵੇਗਾ।

# ਸੂਬੇ ਦੇ ਬਜਟ ਨੂੰ ਰੁਜ਼ਗਾਰਪਰਕ ਅਤੇ ਉਦਯੋਗਾਂ ਦੇ ਅਨੁਕੂਲ ਬਨਾਉਣਾ ਸਰਕਾਰ ਦਾ ਟੀਚਾ - ਮੁੱਖ ਮੰਤਰੀ




ਚੰਡੀਗੜ੍ਹ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਉਦਯੋਗ ਅਤੇ ਮੈਨੂਫੈਕਚਰਿੰਗ ਖੇਤਰ ਦਾ ਸੂਬੇ ਦੀ ਅਰਥਵਿਵਸਥਾ ਵਿੱਚ ਮਹਤੱਵਪੂਰਣ ਯੋਗਦਾਨ ਹੈ। ਵੱਧ ਵਿਕਾਸ ਦੇ ਮੱਦੇਨਜਰ ਸੂਬੇ ਦੇ ਅਗਾਮੀ ਬਜਟ ਵਿੱਚ ਉਦਯੋਗਿਕ ਖੇਤਰ 'ਤੇ ਪੂਰਾ ਧਿਆਨ ਦਿੱਤਾ ਜਾਵੇਗਾ। ਸੂਬਾ ਸਰਕਾਰ ਨੇ ਅਗਾਮੀ ਬਜਟ ਲਈ ਇਹ ਟੀਚਾ ਰੱਖਿਆ ਹੈ ਕਿ ਬਜਟ ਵੱਧ ਤੋਂ ਵੱਧ ਰੁਜ਼ਗਾਰਪਰਕ ਅਤੇ ਉਦਯੋਗਾਂ ਅਨੁਕੂਲ ਹੋਵੇ ਤਾਂ ਜੋ ਸੂਬੇ ਦੀ ਅਰਥਵਿਵਸਥਾ ਨੂੰ ਮਜਬੂਤੀ ਮਿਲੇ ਤੇ 2047 ਤੱਕ ਵਿਕਸਿਤ ਭਾਰਤ ਦੀ ਯਾਤਰਾ ਵਿੱਚ ਹਰਿਆਣਾ ਦਾ ਯੋਗਦਾਨ ਮੋਹਰੀ ਹੈ।

ਮੁੱਖ ਮੰਤਰੀ ਬੁੱਧਵਾਰ ਨੂੰ ਗੁਰੂਗ੍ਰਾਮ ਵਿੱਚ ਪ੍ਰੀ ਬਜਟ ਕੰਸਲਟੇਸ਼ਨ ਮੀਟਿੰਗ ਵਿੱਚ ਉਦਮੀਆਂ ਨਾਲ ਸਿੱਧਾ ਸੰਵਾਦ ਕਰ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ ਦਾ ਟੀਚਾ ਸਬੰਧਿਤ ਹਿੱਤਧਾਰਕਾਂ ਦੇ ਬਹੁਮੁੱਲੇ ਸੁਝਾਅ ਲੈ ਕੇ ਸੂਬੇ ਵਿੱਚ ਵੱਧ ਤੋਂ ਵੱਧ ਉਦਯੋਗਾਂ ਦੇ ਅਨੁਕੂਲ ਮਾਹੌਲ ਬਨਾਉਣਾ ਹੈ। ਬੀਤੇ ਸਾਲ ਵੀ ਉਦਯੋਗਾਂ ਦੇ ਨਾਲ ਇਸ ਤਰ੍ਹਾ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ ਕੀਤੀ ਗਈ ਸੀ, ਜਿਸ ਵਿੱਚ ਬਿਹਤਰੀਨ ਸੁਝਾਅ ਆਏ ਸਨ, ਜਿਸ ਨਾਲ ਨੀਤੀਆਂ ਨੂੰ ਵੱਧ ਮਜਬੂਤੀ ਮਿਲੀ। ਮੀਟਿੰਗ ਵਿੱਚ ਸੁਝਾਅ ਪ੍ਰਾਪਤ ਹੋਏ ਸਨ, ਜਿਸ ਵਿੱਚੋਂ 71 ਸੁਝਾਆਂ ਨੂੰ ਬਜਟ ਵਿੱਚ ਸ਼ਾਮਿਲ ਕੀਤਾ ਗਿਆ। ਉਦਯੋਗ ਅਤੇ ਕਿਰਤ ਵਿਭਾਗ ਦੇ ਲਈ ਸਾਲ 2025-26 ਬਜਟ ਵਿੱਚ ਲਗਭਗ 1 ਹਜਾਰ 95 ਕਰੋੜ 43 ਲੱਖ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ, ਇਸ ਵਿੱਚੋਂ 873 ਕਰੋੜ 51 ਲੱਖ ਰੁਪਏ ਦੀ ਰਕਮ ਖਰਚ ਕੀਤੀ ਜਾ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਬਜਟ ਨਾਲ ਜੁੜੇ ਚੰਗੇ ਸੁਝਾਅ ਮੰਗੇ ਹਨ, ਕੋਈ ਵੀ ਸਾਥੀ ਏਆਈ ਚੈਟਬੋਟ ਰਾਹੀਂ ਆਪਣੇ ਸੁਝਾਅ ਦੇ ਸਕਦਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਬਜਟ ਵਿੱਚ ਕੀਤੇ ਗਏ ਐਲਾਨਾਂ ਨੂੰ ਲਗਾਤਾਰ ਧਰਾਤਲ 'ਤੇ ਉਤਾਰਣ ਦਾ ਕੰਮ ਕਰ ਰਹੀ ਹੈ। ਪਿਛਲੇ ਬਜਟ ਵਿੱਚ ਉਦਯੋਗ ਅਤੇ ਕਿਰਤ ਵਿਭਾਗ ਦੇ ਬਜਟ ਨੂੰ 129.37 ਫੀਸਦੀ ਤੱਕ ਵਧਾਇਆ ਗਿਆ ਸੀ ਤਾਂ ਜੋ ਇਸ ਨੂੰ ਹੋਰ ਵੱਧ ਮਜਬੂਤ ਬਣਾਇਆ ਜਾਵੇ। ਹਰਿਆਣਾ ਸਰਕਾਰ ਨੇ ਮਜਦੂਰਾਂ ਲਈ ਡੋਰਮੇਟਰੀ ਅਤੇ ਸਿੰਗਲ ਰੂਮ ਦੇ ਨਿਰਮਾਣ ਤਹਿਤ ਆਈਐਮਟੀ ਬਾਵਲ ਵਿੱਚ 5 ਏਕੜ, ਆਈਐਮਟੀ ਫਰੀਦਾਬਾਦ ਵਿੱਚ 2.76 ਏਕੜ ਅਤੇ ਆਈਐਮਟੀ ਸੋਹਨਾ ਵਿੱਚ 5.47 ਏਕੜ ਭੂਮੀ ਅਥੋਰਾਇਜਡ ਕੀਤੀ ਹੈ। ਆਈਐਮਟੀ ਖਰਖੌਦਾ ਦੇ ਵਿਸਤਾਰ ਲਈ 3 ਕਰੋੜ ਰੁਪਏ ਪ੍ਰਤੀ ਏਕੜ ਦੀ ਦਰ ਨਾਲ ਲਗਭਗ 5800 ਏਕੜ ਭੂਮੀ ਦੀ ਪਹਿਚਾਣ ਕੀਤੀ ਜਾ ਚੁੱਕੀ ਹੈ। ਇਸ ਨੂੰ ਜਲਦੀ ਹੀ ਉਦਯੋਗਿਕ ਨੀਤੀ-2022 ਤਹਿਤ ਅਥੋਰਾਇਜਡ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਇਸ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ ਵਿੱਚ ਅਨੇਕ ਸੁਝਾਅ ਆਏ। ਮੈਂ ਤੁਹਾਨੂੰ ਭਰੋਸਾ ਦਵਾਉਣਾ ਹਾਂ ਕਿ ਹਰਿਆਣਾ ਦੇ ਉਦਯੋਗਿਕ ਵਿਕਾਸ ਲਈ ਬਜਟ ਪ੍ਰਾਵਧਾਨਾਂ ਵਿੱਚ ਵਿਸ਼ੇਸ਼ ਫੋਕਸ ਹੋਵੇਗਾ। ਜਿੰਨ੍ਹੇ ਠੋਸ ਅਤੇ ਲਾਗੂ ਕਰਨ ਯੋਗ ਸੁਝਾਅ ਦਿੱਤੇ ਗਏ ਹਨ, ਉਨ੍ਹਾਂ ਹੀ ਪ੍ਰਭਾਵੀ ਬਜਟ ਪੇਸ਼ ਕਰਣਗੇ। ਉਨ੍ਹਾਂ ਨੇ ਕਿਹਾ ਕਿ ਹਰ ਸੁਝਾਅ ਸਾਡੇ ਲਈ ਮਾਰਗਦਰਸ਼ਕ ਹੈ ਅਤੇ ਮੈਂ ਨਿਜੀ ਰੂਪ ਨਾਲ ਇਹ ਯਕੀਨੀ ਕਰੂੰਗਾ ਕਿ ਉਨ੍ਹਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ।

# ਗ੍ਰਿ.ਫਤਾਰ ਕੀਤੇ ਗਏ ਮੁਲਜ਼ਮਾਂ ਨੇ ਲੁਧਿਆਨਾ ਵਿੱਚ ਸਰਕਾਰੀ ਅਤੇ ਪ੍ਰਮੁੱਖ ਦ.ਫਤਰਾਂ ਦੀ ਕੀਤੀ ਸੀ ਰੇਕੀ: ਡੀਜੀਪੀ ਗੌਰਵ ਯਾਦਵ

ਲੁਧਿਆਣਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ, ਖੁਫੀਆ ਜਾਣਕਾਰੀ ਦੇ ਆਧਾਰ 'ਤੇ ਅਗਵਾਈ ਕਰਦਿਆਂ, ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਐਸਏਐਸ ਨਗਰ ਨੇ ਕਾਊਂਟਰ ਇੰਟੈਲੀਜੈਂਸ ਲੁਧਿਆਣਾ ਦੇ ਤਾਲਮੇਲ ਨਾਲ, ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਮਿੱਥ ਕੇ ਕਤਲ ਦੀ ਘਟਨਾ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਦੋ ਲੁਧਿਆਣਾ-ਅਧਾਰਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ 9 ਐਮਐਮ ਪਿਸਤੌਲ ਸਮੇਤ ਪੰਜ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਕਰਨਬੀਰ ਸਿੰਘ ਵਾਸੀ ਹੈਬੋਵਾਲ ਕਲਾਂ, ਲੁਧਿਆਣਾ ਅਤੇ ਅਵਤਾਰ ਸਿੰਘ ਵਾਸੀ ਨਿਊ ਸ਼ਿਮਲਾਪੁਰੀ, ਮਿਲਰਗੰਜ, ਲੁਧਿਆਣਾ ਵਜੋਂ ਹੋਈ ਹੈ। ਮੁਲਜ਼ਮ ਅਵਤਾਰ ਸਿੰਘ ਅਪਰਾਧਿਕ ਪਿਛੋਕੜ ਵਾਲਾ ਹੈ ਅਤੇ ਇਸ ਵਿਰੁੱਧ ਅਸਲਾ ਐਕਟ ਅਤੇ ਆਈਪੀਸੀ ਐਕਟ ਤਹਿਤ ਕਈ ਮਾਮਲੇ ਦਰਜ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਖਾਲਿਸਤਾਨ ਕਮਾਂਡੋ ਫੋਰਸ (ਕੇਸੀਐਫ) ਨਾਲ ਜੁੜੇ ਯੂਕੇ ਅਤੇ ਜਰਮਨੀ ਅਧਾਰਤ ਹੈਂਡਲਰਾਂ ਦੇ ਸੰਪਰਕ ਵਿੱਚ ਸਨ ਅਤੇ ਕੱਟੜਪੰਥੀ ਵਿਚਾਰਧਾਰਾ ਨਾਲ ਜੁੜੇ ਹੋਏ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਸਾਜ਼ਿਸ਼ ਦੇ ਹਿੱਸੇ ਵਜੋਂ ਲੁਧਿਆਣਾ ਵਿੱਚ ਸਰਕਾਰੀ ਅਤੇ ਪ੍ਰਮੁੱਖ ਦਫ਼ਤਰਾਂ ਦੀ ਰੇਕੀ ਕੀਤੀ ਸੀ।

ਡੀਜੀਪੀ ਨੇ ਦੱਸਿਆ ਕਿ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮਾਂ ਨੂੰ ਕੁਝ ਹੋਰ ਪਛਾਣੇ ਗਏ ਵਿਅਕਤੀਆਂ ਨਾਲ ਸਬੰਧਤ ਜਾਣਕਾਰੀ ਇਕੱਠੀ ਕਰਨ ਅਤੇ ਜ਼ਮੀਨੀ ਪੱਧਰ 'ਤੇ ਕਾਰਵਾਈ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ, ਏਆਈਜੀ ਐਸਐਸਓਸੀ ਐਸਏਐਸ ਨਗਰ ਡੀ ਸੁਧਰਵਿਜ਼ੀ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਵੱਲੋਂ ਇਲਾਕੇ ਵਿੱਚ ਮਿੱਥ ਕੇ ਕਤਲ ਦੀ ਸਾਜ਼ਿਸ਼ ਰਚਣ ਬਾਰੇ ਮਿਲੀ ਭਰੋਸੇਯੋਗ ਜਾਣਕਾਰੀ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ, ਐਸਐਸਓਸੀ ਐਸਏਐਸ ਨਗਰ ਦੀ ਇੱਕ ਸਾਂਝੀ ਟੀਮ ਨੇ ਸੀਆਈ ਲੁਧਿਆਣਾ ਦੇ ਨਾਲ ਮਿਲ ਕੇ ਇੱਕ ਆਪਰੇਸ਼ਨ ਚਲਾਇਆ ਅਤੇ ਦੋਵਾਂ ਮੁਲਜ਼ਮਾਂ ਨੂੰ ਲੁਧਿਆਣਾ ਤੋਂ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ, ਅਵਤਾਰ ਸਿੰਘ ਦੇ ਖੁਲਾਸੇ 'ਤੇ, ਉਸ ਦੇ ਕਬਜ਼ੇ ਵਿੱਚੋਂ ਇੱਕ 9 ਐਮਐਮ ਪਿਸਤੌਲ ਅਤੇ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ।

ਏਆਈਜੀ ਨੇ ਦੱਸਿਆ ਕਿ ਜਾਂਚ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ ਦੋਵੇਂ ਮੁਲਜ਼ਮ ਕੱਟੜਪੰਥੀ ਸਨ ਅਤੇ ਇਨ੍ਹਾਂ ਨੂੰ ਵਿਦੇਸ਼ੀ ਹੈਂਡਲਰਾਂ ਦੁਆਰਾ ਭਰਤੀ ਕਰਕੇ ਸੋਸ਼ਲ ਮੀਡੀਆ 'ਤੇ ਕੱਟੜਪੰਥੀ ਸਮੱਗਰੀ ਸਾਂਝੀ ਕਰਨ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।

ਇਸ ਸਬੰਧੀ, ਮਿਤੀ 05.01.2026 ਨੂੰ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 113(5) ਅਤੇ 61(2) ਤਹਿਤ ਥਾਣਾ ਐਸਐਸਓਸੀ ਐਸਏਐਸ ਨਗਰ ਵਿਖੇ ਐਫਆਈਆਰ ਨੰਬਰ 1 ਦਰਜ ਕੀਤੀ ਗਈ ਹੈ।

# ਡਿਪਟੀ ਕਮਿਸ਼ਨਰ ਰਾਹੁਲ ਚਾਬਾ ਵੱਲੋਂ ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਬਾਰੇ ਸਮੀਖਿਆ ਮੀਟਿੰਗ

ਸੰਗਰੂਰ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-




ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਨੇ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਬਾਰੇ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੌਮੀ ਦਿਹਾੜੇ ਨੂੰ ਪੂਰੇ ਉਤਸ਼ਾਹ, ਆਪਸੀ ਮਿਲਵਰਤਨ ਅਤੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਵੇ ਅਤੇ ਸਾਰੇ ਵਿਭਾਗ ਆਪੋ ਆਪਣੇ ਪੱਧਰ ਉਤੇ ਸਮੁੱਚੇ ਪ੍ਰਬੰਧਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ। ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਨੇ ਦੱਸਿਆ ਕਿ 26 ਜਨਵਰੀ ਨੂੰ ਪੁਲਿਸ ਲਾਈਨਜ਼ ਸਟੇਡੀਅਮ ਵਿਖੇ ਆਯੋਜਿਤ ਕੀਤੇ ਜਾਣ ਵਾਲੇ ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਰਾਸ਼ਟਰੀ ਤਿਰੰਗੇ ਨੂੰ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਮੌਕੇ ਪੰਜਾਬ ਸਰਕਾਰ ਦੇ ਵੱਖ-ਵੱਖ ਫਲੈਗਸ਼ਿਪ ਪ੍ਰੋਗਰਾਮਾਂ ਅਤੇ ਭਲਾਈ ਯੋਜਨਾਵਾਂ ਨੂੰ ਦਰਸਾਉਂਦੀਆਂ ਝਾਕੀਆਂ ਤਿਆਰ ਕੀਤੀਆਂ ਜਾਣਗੀਆਂ, ਜਿਸ ਲਈ ਸਬੰਧਤ ਵਿਭਾਗ ਲੋੜੀਂਦੀ ਤਿਆਰੀ ਨੂੰ ਯਕੀਨੀ ਬਣਾਉਣ।

ਇਸ ਮੌਕੇ ਸਹਾਇਕ ਕਮਿਸ਼ਨਰ ਕ੍ਰਿਪਾਲ ਵੀਰ ਸਿੰਘ ਨੇ ਵੱਖ ਵੱਖ ਕਾਰਜਾਂ ਲਈ ਗਠਿਤਕਮੇਟੀਆਂ ਨੂੰ ਕੰਮਾਂ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ ਅਤੇ ਸਮਾਗਮ ਦੌਰਾਨ ਹਰ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਐਸ.ਡੀ.ਐਮ ਸੰਗਰੂਰ ਦੀ ਨਿਗਰਾਨੀ ਹੇਠ ਸਭਿਆਚਾਰਕ ਪ੍ਰੋਗਰਾਮ ਦੀ ਤਿਆਰੀ ਹੋਵੇਗੀ, ਜਿਸ ਵਿੱਚ ਦੇਸ਼ਭਗਤੀ 'ਤੇ ਆਧਾਰਿਤ ਵੰਨਗੀਆਂ ਦੇ ਨਾਲ ਨਾਲ ਲੋਕ ਨਾਚਾਂ ਦੀਆਂ ਟੀਮਾਂ ਦੀ ਚੋਣ ਕੀਤੀ ਜਾਵੇਗੀ। ਸਮਾਗਮ ਸਥਾਨ ਉੱਤੇ 19 ਅਤੇ 21 ਜਨਵਰੀ ਨੂੰ ਆਮ ਰਿਹਰਸਲ ਅਤੇ 24 ਜਨਵਰੀ ਨੂੰ ਫੁੱਲ ਡਰੈੱਸ ਰਿਹਰਸਲ ਹੋਵੇਗੀ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ, ਮੰਡੀ ਬੋਰਡ, ਸਿਹਤ ਵਿਭਾਗ, ਸਿੱਖਿਆ ਵਿਭਾਗ, ਕਾਰਜਸਾਧਕ ਅਫ਼ਸਰ, ਖੇਡ ਵਿਭਾਗ, ਬਾਗਬਾਨੀ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਡਾਕਟਰ ਅੰਕੁਰ ਮਹਿੰਦ੍ਰੂ, ਬਾਰੇ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੌਮੀ ਦਿਹਾੜੇ ਨੂੰ ਪੂਰੇ ਉਤਸ਼ਾਹ, ਆਪਸੀ ਮਿਲਵਰਤਨ ਅਤੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਵੇ ਅਤੇ ਸਾਰੇ ਵਿਭਾਗ ਆਪੋ ਆਪਣੇ ਪੱਧਰ ਉਤੇ ਸਮੁੱਚੇ ਪ੍ਰਬੰਧਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ। ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਨੇ ਦੱਸਿਆ ਕਿ 26 ਜਨਵਰੀ ਨੂੰ ਪੁਲਿਸ ਲਾਈਨਜ਼ ਸਟੇਡੀਅਮ ਵਿਖੇ ਆਯੋਜਿਤ ਕੀਤੇ ਜਾਣ ਵਾਲੇ ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੇ ਐਸ.ਡੀ.ਐਮ ਚਰਨਜੋਤ ਸਿੰਘ ਵਾਲੀਆ, ਡੀ ਐਸ.ਪੀ ਸ੍ਰ ਕਰਨੈਲ ਸਿੰਘ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਨਰ ਨਰਾਇਣ ਸੇਵਾ ਸਮਿਤੀ ਨੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ

ਸ਼ਾਹਬਾਦ ਮਾਰਕੰਡਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-




ਪਿਛਲੇ 15 ਸਾਲਾਂ ਤੋਂ ਨਿਰੰਤਰ ਲੋੜਵੰਦਾਂ ਅਤੇ ਬੇਸਹਾਰਾ ਲੋਕਾਂ ਦੀ ਮਦਦ ਕਰ ਰਹੀ ਨਰ ਨਰਾਇਣ ਸੇਵਾ ਸਮਿਤੀ ਵੱਲੋਂ ਅੱਜ ਲਕਸ਼ਮੀ ਨਰਾਇਣ ਮੰਦਿਰ ਵਿੱਚ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਸਮਿਤੀ ਨੇ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰੀ ਰਾਸ਼ਨ ਵੰਡਿਆ। ਇਸ ਮੌਕੇ ਕੌਂਸਲਰ ਨਵਨਵੀਤ ਕੌਰ ਅਤੇ ਸਮਾਜ ਸੇਵੀ ਪ੍ਰਭਜੀਤ ਸਿੰਘ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਮੰਦਿਰ ਪੁੱਜਣ 'ਤੇ ਸਮਿਤੀ ਮੈਂਬਰਾਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ।

ਸਮਾਗਮ ਨੂੰ ਸੰਬੋਧਨ ਕਰਦਿਆਂ ਮਹਿਮਾਨਾਂ ਨੇ ਕਿਹਾ ਕਿ ਲੋੜਵੰਦਾਂ ਤੇ ਬੇਸਹਾਰਾ ਲੋਕਾਂ ਦੀ ਸੇਵਾ ਕਰਨ ਤੋਂ ਵੱਡੀ ਹੋਰ ਕੋਈ ਸੇਵਾ ਨਹੀਂ ਹੈ। ਉਨ੍ਹਾਂ ਕਿਹਾ ਕਿ ਨਰ ਨਰਾਇਣ ਸੇਵਾ ਸਮਿਤੀ ਪਿਛਲੇ ਡੇਢ ਦਹਾਕੇ ਤੋਂ ਇਹ ਜ਼ਿੰਮੇਵਾਰੀ ਬਾਖੂਬੀ ਨਿਭਾ ਰਹੀ ਹੈ। ਆਗੂਆਂ ਨੇ ਭਰੋਸਾ ਦਿੱਤਾ ਕਿ ਸਮਿਤੀ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕਾਰਜਾਂ ਲਈ ਉਹ ਸਦਾ ਉਨ੍ਹਾਂ ਦੇ ਨਾਲ ਖੜ੍ਹੇ ਹਨ ਅਤੇ ਭਵਿੱਖ ਵਿੱਚ ਜੋ ਵੀ ਮਦਦ ਸੰਭਵ ਹੋਵੇਗੀ, ਉਹ ਜ਼ਰੂਰ ਕਰਨਗੇ।

ਸਮਿਤੀ ਦੇ ਸੰਸਥਾਪਕ ਪ੍ਰਧਾਨ ਮੁਨੀਸ਼ ਭਾਟੀਆ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਪਿਛਲੇ 15 ਸਾਲਾਂ ਤੋਂ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਰਾਸ਼ਨ ਮੁਫ਼ਤ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਦੀ ਸਕੂਲ ਫੀਸ, ਵਰਦੀਆਂ, ਕਿਤਾਬਾਂ, ਬੂਟ ਤੇ ਜੁਰਾਬਾਂ, ਬੇਸਹਾਰਾ ਵਿਅਕਤੀਆਂ ਲਈ ਦਵਾਈਆਂ, ਸਿਹਤ ਜਾਂਚ ਕੈਂਪ, ਦਿਵਿਆਂਗਾਂ ਨੂੰ ਉਪਕਰਨ ਵੰਡਣ ਅਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਵਿੱਚ ਮਦਦ ਕਰਨ ਵਰਗੇ ਕਾਰਜ ਕੀਤੇ ਜਾਂਦੇ ਹਨ। ਸਮਿਤੀ ਝੁੱਗੀ ਝੌਂਪੜੀਆਂ ਵਿੱਚ ਜਾ ਕੇ ਭੋਜਨ, ਕੰਬਲ ਅਤੇ ਕੱਪੜੇ ਵੰਡਣ ਦੀ ਸੇਵਾ ਵੀ ਕਰ ਰਹੀ ਹੈ। ਅੰਤ ਵਿੱਚ ਸਮਿਤੀ ਦੇ ਸਕੱਤਰ ਵਿਨੋਦ ਅਰੋੜਾ ਤੇ ਪ੍ਰਾਜੈਕਟ ਚੇਅਰਮੈਨ ਪੰਕਜ ਮਿੱਤਲ ਨੇ ਦਾਨੀ ਸੱਜਣਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪੰਡਿਤ ਮਧੂਸੂਦਨ ਮੌਜੂਦ ਸਨ।

# ਲੋਕ ਨਿਰਮਾਣ ਵਿਭਾਗ ਖੁਦ ਨੂੰ ਇੱਕ ਬ੍ਰਾਂਡ ਵਜੋ ਸਥਾਪਿਤ ਕਰੇ - ਰਣਬੀਰ ਗੰਗਵਾ

ਚੰਡੀਗੜ੍ਹ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਲੋਕ ਨਿਰਮਾਣ ਅਤੇ ਜਨਸਿਹਤ ਇੰਜੀਨੀਅਰਿੰਗ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਸਰਕਾਰ ਦੀ ਪ੍ਰਾਥਮਿਕਤਾ ਹੈ ਕਿ ਸੂਬੇ ਵਿੱਚ ਭਵਨ ਅਤੇ ਸੜਕਾਂ ਵਨ-ਸਟੈਂਡਰਡ ਹੋਣ ਅਤੇ ਲੋਕ ਨਿਰਮਾਣ ਵਿਭਾਗ (ਪੀਡਬਲਿਯੂਡੀ) ਖੁਦ ਨੂੰ ਇੱਕ ਮਜਬੂਤ ਬ੍ਰਾਂਡ ਵਜੋ ਸਥਾਪਿਤ ਕਰਨ। ਇਸ ਦੇ ਲਈ ਵਿਭਾਗ ਦੇ ਅਧਿਕਾਰੀ ਪੂਰੀ ਯੋਜਨਾ ਨਾਲ ਕੰਮ ਕਰਨ। ਜਨਤਾ ਨੂੰ ਕਿਸੇ ਤਰ੍ਹਾ ਦੀ ਪਰੇਸ਼ਾਨੀ ਨਾ ਹੋਵੇ, ਅਤੇ ਉਨ੍ਹਾਂ ਦੀ ਸਮਸਿਆਵਾਂ ਦੇ ਤੁਰੰਤ ਹੱਲ ਦੀ ਦਿਸ਼ਾ ਵਿੱਚ ਵੀ ਕੰਮ ਹੋਵੇ।

ਕੈਬਨਿਟ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਬੁੱਧਵਾਰ ਨੂੰ ਹਰਿਆਣਾ ਨਿਵਾਸ ਵਿੱਚ ਲੋਕ ਨਿਰਮਾਣ ਵਿਭਾਗ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰਦੇ ਹੋਏ ਕਈ ਨਿਰਦੇਸ਼ ਦਿੱਤੇ ਹਨ। ਮੀਟਿੰਗ ਵਿੱਚ ਸਾਲ 2024-25 ਅਤੇ 2025-26 ਤਹਿਤ ਸੜਕਾਂ ਨਾਲ ਸਬੰਧਿਤ ਕੰਮਾਂ, ਸਫੇਦ ਪੱਟੀ (ਰੋਡ ਮਾਰਕਿੰਗ), ਪ੍ਰਸਤਾਵਿਤ ਮਾਡਲ ਰੋਡਸ ਅਤੇ ਭਵਨ ਅਤੇ ਸੜਕ ਨਾਲ ਜੁੜੀ ਪ੍ਰਮੁੱਖ ਪਰਿਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ।

ਮੀਟਿੰਗ ਦੌਰਾਨ ਅਧਿਕਾਰੀਆਂ ਨੇ ਮੰਤਰੀ ਨੂੰ ਜਾਣੂ ਕਰਾਇਆ ਕਿ ਕੁੱਲ ਥਾਵਾਂ 'ਤੇ ਇੱਕ ਹੀ ਠੇਕੇਦਾਰ ਵੱਲੋਂ ਕਈ-ਕਈ ਕੰਮ ਲੈਣ ਦੇ ਕਾਰਨ ਪਰਿਯੋਜਨਾ ਸਮੇਂ 'ਤੇ ਪੂਰੀ ਨਹੀਂ ਹੋ ਪਾ ਰਹੀ। ਇਸ 'ਤੇ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕੰਮ ਨੂੰ 1 ਸਾਲ ਤੱਕ ਵੀ ਪੂਰਾ ਨਹੀਂ ਕਰ ਪਾਉਣ ਵਾਲੀ ਏਜੰਸੀ 'ਤੇ ਕਾਰਵਾਈ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਥਾਨੇਸਰ ਅਤੇ ਗੁਰੁਗ੍ਰਾਮ ਖੇਤਰ ਦੀ ਅਜਿਹੀ ਏਜੰਸੀਆਂ ਨੂੰ ਬਲੈਕਲਿਸਟ ਕਰਨ ਦੇ ਨਿਰਦੇਸ਼ ਦਿੱਤੇ। ਮੰਤਰੀ ਨੇ ਸਪਸ਼ਟ ਕੀਤਾ ਕਿ ਨਿਯਮਅਨੁਸਾਰ ਵੱਧ ਟੈਂਡਰ ਕਾਰਜ ਲੈਣਾ ਗਲਤ ਨਹੀਂ ਹੈ, ਪਰ ਸਾਰੇ ਕੰਮ ਨਿਰਧਾਰਿਤ ਸਮੇਂ ਅੰਦਰ ਪੂਰੇ ਹੋਣੇ ਚਾਹੀਦੇ ਹਨ। ਕਿਸੇ ਵੀ ਤਰ੍ਹਾ ਦੀ ਲੇਟਲਤੀਫੀ ਜਾਂ ਲਾਪ੍ਰਵਾਹੀ ਪਾਏ ਜਾਣ 'ਤੇ ਸਬੰਧਿਤ ਠੇਕੇਦਾਰਾਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਠੇਕੇਦਾਰ ਦੀ ਲੇਟਲਤੀਫੀ ਦਾ ਖਾਮਿਆਜਾ ਜਨਤਾ ਨੂੰ ਕਿਉਂ ਭੁਗਤਨਾ ਪੈਂਦਾ ਹੈ। ਇਹ ਸਕੀਨੀ ਕੀਤਾ ਜਾਵੇ ਕਿ ਜੇਕਰ ਕੋਈ ਟੈਕਨੀਕਲ ਮੁਸ਼ਕਲ ਨਹੀਂ ਤਾਂ ਸਮੇਂ 'ਤੇ ਪ੍ਰੋਜੈਕਟ ਪੂਰੇ ਹੋਣ।

ਮੰਤਰੀ ਸ੍ਰੀ ਗੰਗਵਾ ਨੇ ਨਿਰਦੇਸ਼ ਦਿੱਤੇ ਕਿ ਕਿਸੇ ਵੀ ਕੰਮ ਨੂੰ ਪੂਰਾ ਹੋਣ ਦੇ ਤਿੰਨ ਮਹੀਨੇ ਦੇ ਅੰਦਰ ਵਿਤੀ ਕਲੋਜਿੰਗ ਯਕੀਨੀ ਕੀਤੀ ਜਾਵੇ, ਤਾਂ ਜੋ ਕਿਸੇ ਵੀ ਏਜੰਸੀ ਨੂੰ ਭੁਗਤਾਨ ਨੂੰ ਲੈ ਕੇ ਪਰੇਸ਼ਾਨੀ ਨਾ ਹੋਵੇ। ਉਨ੍ਹਾਂ ਨੇ ਕਿਹਾ ਕਿ ਸੜਕਾਂ ਦੇ ਨਿਰਮਾਣ ਅਤੇ ਮੁਰੰਮਤ ਕੰਮਾਂ ਵਿੱਚ ਦੇਰੀ ਮੰਜੂਰ ਨਹੀਂ ਹੈ ਅਤੇ ਇਸ ਦੇ ਲਈ ਸਾਰੇ ਅਧਿਕਾਰੀਆਂ ਨੂੰ ਨਿਯਮਤ ਮਾਨੀਟਰਿੰਗ ਕਰਨੀ ਹੋਵੇਗੀ।

ਉਨ੍ਹਾਂ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਹੈਡਕੁਆਟਰ ਤੋਂ ਸਮੇਂ-ਸਮੇਂ 'ਤੇ ਟੀਮਾਂ ਭੇਜ ਕੇ ਕੰਮਾਂ ਦੀ ਗੁਣਵੱਤਾ ਦੀ ਜਾਂਚ ਕੀਤੀ ਜਾਵੇ ਅਤੇ ਗੁਣਵੱਤਾ ਤੋਂ ਕਿਸੇ ਵੀ ਤਰ੍ਹਾ ਦਾ ਸਮਝੌਤਾ ਨਾ ਕੀਤਾ ਜਾਵੇ। ਵੱਧ ਮਾਇੰਸ ਵਾਲੇ ਟੈਂਡਰਾਂ 'ਤੇ ਵਿਸ਼ੇਸ਼ ਨਜ਼ਰ ਰੱਖਣ, ਖਰਾਬ ਹਾਲਤ ਦੀ ਸੜਕਾਂ ਦੀ ਨਵੀਂ ਸੜਕ ਬਨਣ ਤੱਕ ਮੁਰੰਮਤ ਯਕੀਨ. ਕਰਨ ਅਤੇ ਪਿਛਲੀ ਡੀਐਲਪੀ ਸਮੇਂ ਦੀ ਸੜਕਾਂ ਦੀ ਨਿਯਮਤ ਨਿਗਰਾਨੀ ਦੇ ਨਿਰਦੇਸ਼ ਵੀ ਦਿੱਤੇ ਗਏ। ਮੀਟਿੰਗ ਵਿੱਚ ਦਸਿਆ ਗਿਆ ਕਿ ਹਰਿਆਣਾ ਵਿੱਚ 3040 ਕਿਲੋਮੀਟਰ ਲੰਬੀ ਸੜਕ ਹੈ। ਇੰਨ੍ਹਾਂ ਵਿੱਚੋਂ 16435 ਕਿਲੋਮੀਟਰ ਸੜਕ ਡੀਐਲਪੀ ਦੇ ਦਾਇਰੇ ਵਿੱਚ ਹਨ। ਇਹੀ 6019 ਕਿਲੋਮੀਟਰ ਡੀਐਲਪੀ ਤੋਂ ਬਾਹਰ ਹਨ। ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਤੇ ਕਿ ਇੰਨ੍ਹਾਂ ਵਿੱਚੋਂ ਜੋ ਸੜਕ ਖਸਤਾ ਹਾਲ ਵਿੱਚ ਹੈ, ਜਦੋਂ ਤੱਕ ਉਹ ਨਵੀਂ ਨਹੀਂ ਬਣ ਜਾਂਦੀ, ਉਦੋਂ ਤੱਕ ਉਸ ਨੂੰ ਹਰ ਹਾਲਤ ਵਿੱਚ ਸੁਚਾਰੂ ਰੱਖਣ ਯਾਨੀ ਜੇਕਰ ਪੈਚਵਰਕ ਦੀ ਜਰੂਰਤ ਹੈ ਤਾਂ ਉਹ ਕੀਤਾ ਜਾਵੇ ਅਤੇ ਜੇਕਰ ਗੱਡੇ ਹਨ ਤਾਂ ਉਨ੍ਹਾਂ ਨੂੰ ਭਰਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਜਨਤਾ ਨੂੰ ਕਿਸੇ ਤਰ੍ਹਾ ਦੀ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ ਹੈ।

ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਮਾਰੀ ਸੜਕ ਐਪ 'ਤੇ ਪ੍ਰਾਪਤ ਸ਼ਿਕਾਇਤਾਂ ਨੂੰ ਰੋਜ਼ਾਨਾ ਦੇਖਣ ਅਤੇ ਉਨ੍ਹਾਂ ਦਾ ਸਮੇਂਬੱਧ ਹੱਲ ਯਕੀਨੀ ਕਰਨ ਨੂੰ ਕਿਹਾ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਅਧਿਕਾਰੀ ਖੁਦ ਐਪ ਦੀ ਨਿਗਰਾਨੀ ਕਰਨ ਅਤੇ ਸ਼ਿਕਾਇਤਾਂ ਦਾ ਜਵਾਬ ਤੈਅ ਸਮੇਂ ਵਿੱਚ ਦੇਣਮੀਟਿੰਗ ਵਿੱਚ ਫੀਲਡ ਕਰਮਚਾਰੀਆਂ, ਵਿਸ਼ੇਸ਼ਕਰ ਬੇਲਦਾਰਾਂ ਦੀ ਫੀਲਡ ਵਿੱਚ ਮੌਜੂਦਗੀ ਯਕੀਨੀ ਕਰਨ 'ਤੇ ਵੀ ਜੋਰ ਦਿੱਤਾ ਗਿਆ। ਡਿਊਟੀ ਤੋਂ ਗੈਰ-ਹਾਜਰ ਰਹਿਣ ਵਾਲੇ ਕਰਮਚਾਰੀਆਂ ਦੇ ਖਿਲਾਫ ਕਾਰਵਾਈ ਦੇ ਨਿਰਦੇਸ਼ ਦਿੱਤੇ ਗਏ। ਇਸ ਦੇ ਨਾਲ ਹੀ ਹਰੇਕ ਕੰਮ ਦੀ ਪ੍ਰਗਤੀ ਫੀਸਦੀ ਅਨੁਸਾਰ ਰਿਪੋਰਟ ਨਿਯਮਤ ਰੂਪ ਨਾਲ ਅਪਡੇਟ ਕਰਨ ਨੂੰ ਕਿਹਾ ਗਿਆ।

# ਵਿਦਿਆਰਥੀਆਂ ਨੂੰ ਮਾਨਸਿਕ ਸਿਹਤ ਬਾਰੇ ਜਾਗਰੂਕ ਕੀਤਾ

ਸ਼ਾਹਬਾਦ ਮਾਰਕੰਡਾ, 11 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਯੂਨੀਵਰਸਿਟੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਲਾਏ ਗਏ ਰਾਸ਼ਟਰੀ ਸੇਵਾ ਯੋਜਨਾ (ਐੱਨ ਐੱਸ ਐੱਸ) ਕੈਂਪ ਦੌਰਾਨ ਬ੍ਰਹਮਾ ਕੁਮਾਰੀਜ਼ ਸੰਗਠਨ ਵੱਲੋਂ ਵਿਦਿਆਰਥੀਆਂ ਲਈ ਮਾਨਸਿਕ ਸਿਹਤ ਅਤੇ ਕਦਰਾਂ-ਕੀਮਤਾਂ 'ਤੇ ਆਧਾਰਿਤਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਬੀ ਕੇ ਗੀਨਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮਨ ਦੀਆਂ ਸ਼ਕਤੀਆਂ ਅਤੇ ਆਦਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਫਲਤਾ ਲਈ ਕੋਈ ਵੀ ਛੋਟਾ ਰਾਹ (ਸ਼ਾਰਟਕੱਟ) ਨਹੀਂ ਹੁੰਦਾ ਅਤੇ ਇਮਾਨਦਾਰੀ ਹੀ ਸਭ ਤੋਂ ਉੱਤਮ ਨੀਤੀ ਹੈ। ਮਾਨਸਿਕ ਸਿਹਤ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਵਿਗਿਆਨ ਅਤੇ ਤਕਨਾਲੋਜੀ ਦੇ ਮੌਜੂਦਾ ਦੌਰ ਵਿੱਚ ਮਨੁੱਖ ਆਪਣੇ ਮਨ ਨੂੰ ਕਾਬੂ ਕਰਨਾ ਭੁੱਲ ਰਿਹਾ ਹੈ। ਜਿਸ ਤਰ੍ਹਾਂ ਸਰੀਰਕ ਸਿਹਤ ਲਈ ਖਾਣ-ਪੀਣ ਦਾ ਧਿਆਨ ਰੱਖਿਆ ਜਾਂਦਾ ਹੈ, ਉਸੇ ਤਰ੍ਹਾਂ ਵਿਚਾਰ ਮਨ ਦੀ ਖੁਰਾਕ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਹਰ ਰੋਜ਼ ਸੌਣ ਤੋਂ ਪਹਿਲਾਂ ਅਤੇ ਸਵੇਰੇ ਉੱਠਣ ਤੋਂ ਬਾਅਦ ਡਾਇਰੀ ਵਿੱਚ ਸਕਾਰਾਤਮਕ ਵਿਚਾਰ ਲਿਖਣ ਦੀ ਆਦਤ ਪਾਉਣ ਲਈ ਪ੍ਰੇਰਿਆ। ਸਮਾਗਮ ਦੌਰਾਨ ਸੰਸਥਾ ਦੇ ਮੈਂਬਰ ਅਤੇ ਸੇਵਾਮੁਕਤ ਵਿਗਿਆਨ ਅਧਿਆਪਕ ਬੀ ਕੇ ਰਾਮ ਕੁਮਾਰ ਨੇ ਨੈਤਿਕ ਕਦਰਾਂ-ਕੀਮਤਾਂ 'ਤੇ ਚਾਨਣਾ ਪਾਇਆ। ਉਨ੍ਹਾਂ ਸਮਝਾਇਆ ਕਿ ਸੱਚੀ ਸਫਲਤਾ ਸਿਰਫ਼ ਅੰਕਾਂ, ਪੈਸੇ ਜਾਂ ਅਹੁਦਿਆਂ ਨਾਲ ਨਹੀਂ ਮਾਪੀ ਜਾਂਦੀ, ਸਗੋਂ ਚੰਗੇ ਸੰਸਕਾਰ ਅਤੇ ਸੰਤੁਲਿਤ ਜੀਵਨ ਹੀ ਅਸਲ ਸਫਲਤਾ ਹੈ। ਇਸੇ ਦੌਰਾਨ ਬੀ ਕੇ ਸੀਮਾ ਨੇ ਵਿਦਿਆਰਥੀਆਂ ਦੀ ਇਕਾਗਰਤਾ ਵਧਾਉਣ ਲਈ ਰਾਜ ਯੋਗ ਧਿਆਨ ਦੀ ਸਿਖਲਾਈ ਦਿੱਤੀ।

# ਸਿਹਤ ਦਾ ਹਾਲ ਦੱਸਦੇ ਹਨ ਪੈਰ



ਅਕਸਰ ਅਸੀਂ ਆਪਣੇ ਪੈਰਾਂ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਾਂ। ਸਧਾਰਨ ਸਾਫ਼-ਸਫਾਈ ਤੋਂ ਇਲਾਵਾ ਪੈਰਾਂ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ ਜਾਂਦਾ ਪਰ ਮਾਹਿਰਾਂ ਦੀ ਰਿਪੋਰਟ ਅਨੁਸਾਰ ਪੈਰਾਂ ਦੀ ਹਾਲਤ ਨਾਲ ਸਰੀਰ ’ਚ ਹੋਣ ਵਾਲੀਆਂ ਗੰਭੀਰ ਬਿਮਾਰੀਆਂ ਦਾ ਪਤਾ ਲਗਾਇਆ ਜਾ ਸਕਦਾ ਹੈ। ਪੈਰਾਂ ਵਿਚ ਆਮ ਤੌਰ ’ਤੇ ਰੁੱਖਾਪਨ, ਅੱਡੀਆਂ ਫਟਣਾ ਅਤੇ ਛਾਲਿਆਂ ਦੀ ਸਮੱਸਿਆਵਾਂ ਦੇਖਣ ’ਚ ਆਉਂਦੀਆਂ ਹਨ। ਬਦਰੰਗ ਨਹੁੰ, ਪੈਰਾਂ ਵਿਚ ਸੋਜ਼ ਜਾਂ ਦਰਦ ਦਿੰਦੇ ਕੁਝ ਨਿਸ਼ਾਨ ਗੰਭੀਰ ਬਿਮਾਰੀ ਦਾ ਸੰਕੇਤ ਹੋ ਸਕਦੇ ਹਨ।

### ਬਦਰੰਗ ਨਹੁੰ

ਪੈਰਾਂ ਦੇ ਨਹੁੰਆਂ ’ਤੇ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕੁਝ ਬੇਹੱਦ ਅਸਾਧਾਰਨ ਪ੍ਰਸਥਿਤੀਆਂ ਵਿਚ ਜਾਂ ‘ਯੈਲੋ ਨੇਲ ਸਿੰਡਰੋਮ’ ਬਿਮਾਰੀ ਸਮੇਂ ਪੈਰਾਂ ਦੇ ਨਹੁੰ ਪੀਲੇ ਹੋਣ ਲਗਦੇ ਹਨ। ਇਸ ਨਾਲ ਫੇਫੜਿਆਂ ’ਚ ਸੋਜ਼ ਅਤੇ ਪਾਣੀ ਭਰਨ (ਅਸਾਇਟੀਜ਼) ਦੀ ਸਮੱਸਿਆ ਹੋ ਸਕਦੀ ਹੈ। ਇਹ ਸੋਰਾਇਸਿਸ ਤੇ ਐਗਜ਼ੀਮਾ ਦੀ ਵਜ੍ਹਾ ਨਾਲ ਵੀ ਹੋ ਸਕਦੇ ਹਨ। ਇਸ ਤੋਂ ਇਲਾਵਾ ਪੈਰ ’ਤੇ ਸੱਟ ਲੱਗਣ ਨਾਲ ਵੀ ਨਹੁੰਆਂ ਦਾ ਰੰਗ ਪੀਲਾ ਹੋ ਸਕਦਾ ਹੈ।

### ਅੱਡੀਆਂ ਫਟਣਾ

ਪੈਰਾਂ ਦੀ ਚਮੜੀ ਖ਼ੁਸ਼ਕ ਹੋਣਾ ਅਤੇ ਅੱਡੀਆਂ ਦੇ ਫਟਣ ਪਿੱਛੇ ਨਮੀ ਮੁੱਖ ਕਾਰਨ ਹੋ ਸਕਦੀ ਹੈ। ਮਾਹਿਰਾਂ ਦੀ ਭਾਸ਼ਾ ’ਚ ਇਸ ਨੂੰ ਹਾਈਪਰਕੇਰਾਟੋਸਿਸ ਕਹਿੰਦੇ ਹਨ। ਇਸ ’ਚ ਚਮੜੀ ਕਾਫੀ ਸਖ਼ਤ ਤੇ ਮੋਟੀ ਹੋ ਜਾਂਦੀ ਹੈ ਅਤੇ ਇਸ ’ਤੇ ਮੌਇਸਚੁਰਾਈਜ਼ਰ ਕਰੀਮ ਦਾ ਵੀ ਕੋਈ ਅਸਰ ਨਹੀਂ ਹੁੰਦਾ। ਇਸ ਤੋਂ ਇਲਾਵਾ ਡਰਮੇਟਾਈਟਿਸ, ਸੋਰਾਈਸਿਸ, ਐਗਜ਼ੀਮਾ ਜਾਂ ਐਥਲੀਟਸ ਫੁੱਟ ਤੋਂ ਕਾਰਨ ਵੀ ਪੈਰਾਂ ਦੀ ਚਮੜੀ ਖ਼ੁਸਕ ਹੋ ਸਕਦੀ ਹੈ ਅਤੇ ਅੱਡੀਆਂ ਫਟਣ ਦੀ ਸਮੱਸਿਆ ਪੈਦਾ ਹੋ ਸਕਦੀ ਹੈ।

### ਪੈਰਾਂ ’ਚੋਂ ਬਦਬੂ ਆਉਣਾ

ਕੁਝ ਲੋਕ ਚਾਹੇ ਜਿੰਨੀ ਵੀ ਸਾਫ਼-ਸਫ਼ਾਈ ਰੱਖ ਲੈਣ ਪਰ ਉਨ੍ਹਾਂ ਦੇ ਪੈਰਾਂ ਵਿੱਚੋਂ ਬਦਬੂ ਆਉਂਦੀ ਰਹਿੰਦੀ ਹੈ। ਇਸ ਲਈ ਫੰਗਸ ਅਤੇ ਬੈਕਟੀਰੀਆ ਜ਼ਿੰਮੇਵਾਰ ਹੁੰਦੇ ਹਨ। ਸਾਰਾ ਦਿਨ ਜੁੱਤੀਆਂ ਵਿਚ ਪੈਰਾਂ ਦਾ ਪਸੀਨਾ ਚੰਗੀ ਤਰ੍ਹਾਂ ਨਹੀਂ ਸੁੱਕਦਾ। ਮਾਹਿਰਾਂ ਦਾ ਕਹਿਣਾ ਹੈ ਕਿ ਜੁੱਤੀਆਂ ਨੂੰ ਕੁਝ ਸਮੇਂ ਲਈ ਬਾਹਰ ਧੁੱਪੇ ਜ਼ਰੂਰ ਰੱਖੋ ਤਾਂ ਕਿ ਉਨ੍ਹਾਂ ਵਿਚਲੇ ਕੀਟਾਣੂ ਮਰ ਜਾਣ ਅਤੇ ਬਦਬੂ ਖ਼ਤਮ ਹੋ ਸਕੇ। ਹੋ ਸਕੇ ਤਾਂ ਆਪਣੀਆਂ ਜੁਰਾਬਾਂ ਨੂੰ ਕਿਸੇ ਚੰਗੇ ਡਿਟਰਜੈਂਟ ਪਾਊਡਰ ਨਾਲ ਸਾਫ਼ ਕਰੋ ਅਤੇ ਜੁਰਾਬਾਂ ਪਾਉਣ ਤੋਂ ਪਹਿਲਾਂ ਪਾਊਡਰ ਜ਼ਰੂਰ ਲਗਾਓ।

### ਪੈਰਾਂ ਦਾ ਠੰਢੇ ਰਹਿਣਾ

*ਜੇ ਪੈਰ ਹਮੇਸ਼ਾ ਠੰਢੇ ਰਹਿੰਦੇ ਹਨ ਤਾਂ ਇਸ ਦੀ ਇਕ ਵਜ੍ਹਾ ਸਰੀਰ ਅੰਦਰ ਖ਼ੂਨ ਦੇ ਵਹਾਅ ਦਾ ਠੀਕ ਨਾ ਹੋਣਾ ਵੀ ਹੋ ਸਕਦਾ ਹੈ। ਇਹ ਇਕ ਸਰਕੂਲੇਟਰੀ ਸਮੱਸਿਆ ਹੈ, ਜੋ ਆਮ ਤੌਰ ’ਤੇ ਸਮੋਕਿੰਗ, ਹਾਈ ਬਲੱਡ ਪ੍ਰੈਸ਼ਰ ਕਾਰਨ ਹੁੰਦੀ ਹੈ।*

### ਪੈਰਾਂ ਵਿਚ ਦਰਦ

ਪੈਰਾਂ ਵਿਚ ਖ਼ੂਨ ਦਾ ਵਹਾਅ ਸਹੀ ਤਰੀਕੇ ਨਾਲ ਨਾ ਹੋਣ ਕਾਰਨ ਵੀ ਪੈਰਾਂ ਦੀਆਂ ਤਲੀਆਂ ਜਾਂ ਸਮੁੱਚੇ ਪੈਰ ਵਿਚ ਦਰਦ ਹੋ ਸਕਦਾ ਹੈ। ਇਸ ਦਾ ਇਕ ਕਾਰਨ ਪੈਰਾਂ ਵਿਚ ਆਕਸੀਜਨ ਦੀ ਸਹੀ ਮਾਤਰਾ ਦਾ ਨਾ ਪਹੁੰਚਣਾ ਵੀ ਹੈ। ਇਸ ਤੋਂ ਇਲਾਵਾ ਸਰੀਰ ਵਿਚ ਮੈਗਨੀਸ਼ੀਅਮ ਦੀ ਕਮੀ ਨਾਲ ਵੀ ਪੈਰਾਂ ਵਿਚ ਦਰਦ ਹੋ ਸਕਦਾ ਹੈ। ਇਸ ਲਈ ਮੈਗਨੀਸ਼ੀਅਮ ਸਪਲੀਮੈਂਟ ਲੈਣ ਤੋਂ ਇਲਾਵਾ ਦਰਦ ਨਿਵਾਰਕ ਸਪਰੇਅ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ।

### ਪੈਰਾਂ ’ਚ ਸੋਜ

ਇਸ ਦੀ ਵਜ੍ਹਾ ਲੰਬੇ ਸਮੇਂ ਤਕ ਖੜ੍ਹੇ ਰਹਿਣ, ਲੰਬੀ ਦੂਰੀ ਦੀ ਹਵਾਈ ਯਾਤਰਾ ਤੇ ਗਰਭਵਤੀ ਔਰਤਾਂ ਨੂੰ ਵੀ ਇਹ ਸਮੱਸਿਆ ਹੋ ਸਕਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਪੈਰਾਂ ’ਚ ਲਗਾਤਾਰ ਸੋਜ਼ਿਸ਼ ਰਹੇ ਤਾਂ ਇਹ ਗੰਭੀਰ ਬਿਮਾਰੀ ਦਾ ਲੱਛਣ ਹੋ ਸਕਦਾ ਹੈ। ਅਜਿਹਾ ਖ਼ੂਨ ਦੇ ਮਾੜੇ ਵਹਾਅ, ਲਾਸਿਕਾ ਪ੍ਰਣਾਲੀ ਦੀ ਸਮੱਸਿਆ ਜਾਂ ਨਾੜੀਆਂ ’ਚ ਖ਼ੂਨ ਜੰਮਣ ਕਾਰਨ ਵੀ ਹੋ ਸਕਦਾ ਹੈ। ਗੁਰਦੇ ਦੀ ਬਿਮਾਰੀ ਜਾਂ ਥਾਈਰਾਇਡ ਵੀ ਪੈਰਾਂ ’ਚ ਸੋਜ ਦੀ ਵਜ੍ਹਾ ਹੋ ਸਕਦੀ ਹੈ। ਸਰਜਰੀ ਕਾਰਨ ਵੀ ਛੇ ਮਹੀਨੇ ਤਕ ਪੈਰਾਂ ’ਚ ਸੋਜ਼ ਬਣੀ ਰਹਿ ਸਕਦੀ ਹੈ। •

# ਐਂਟੀਬਾਇਓਟਿਕ ਦਵਾਈਆਂ ਦੇ ਖ਼ਤਰੇ

ਐਂਟੀਬਾਇਓਟਿਕ ਦਵਾਈਆਂ ਦਾ ਉਤਪਾਦਨ 75 ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਇਨ੍ਹਾਂ ਨੂੰ ਲੈ ਕੇ ਸਾਲਾਂ ਤੋਂ ਪ੍ਰਗਟਾਈ ਜਾ ਰਹੀ ਪਰੇਸ਼ਾਨੀ ਬੇਸ਼ੱਕ ਗੰਭੀਰ ਹੁੰਦੀ ਜਾ ਰਹੀ ਹੈ ਪਰ ਹਕੀਕਤ ਇਹ ਹੈ ਕਿ ਬਹੁਤ ਸਾਰੀਆਂ ਬਿਮਾਰੀਆਂ ਦਾ ਰਾਮਬਾਣ ਇਲਾਜ ਅੱਜ ਵੀ ਇਨ੍ਹੀਂ ਦਵਾਈਆਂ ਨਾਲ ਸੰਭਵ ਹੋ ਸਕਿਆ ਹੈ। ਕਦੇ-ਕਦੇ ਇਹ ਦਵਾਈਆਂ ਸਰੀਰ ਵਿਚ ਐਲਰਜੀ ਤੇ ਹੋਰ ਨਵੀਆਂ ਬਿਮਾਰੀਆਂ ਦੇ ਪੈਦਾ ਹੋਣ ਦਾ ਸਬੱਬ ਬਣ ਜਾਂਦੀਆਂ ਹਨ।

### ਰੋਗ ’ਤੇ ਬੇਅਸਰ

ਇਹ ਦਵਾਈਆਂ ਦੁਕਾਨਾਂ ਤੋਂ ਇਲਾਵਾ ਪਿੰਡਾਂ ’ਚ ਪਰਚੂਨ ਦੀਆਂ ਦੁਕਾਨਾਂ ’ਤੇ ਵੀ ਮਿਲ ਜਾਂਦੀਆਂ ਹਨ। ਲਿਹਾਜ਼ਾ ਸਰੀਰ ’ਚ ਜੋ ਜੀਵਾਣੂ ਤੇ ਵਿਸ਼ਾਣੂ ਮੌਜੂਦ ਹਨ, ਉਹ ਇਨ੍ਹਾਂ ਦਵਾਈਆਂ ਵਿਰੁੱਧ ਆਪਣਾ ਪ੍ਰਤੀਰੋਧੀ ਤੰਤਰ ਵਿਕਸਿਤ ਕਰਨ ’ਚ ਸਫਲ ਹੋ ਰਹੇ ਹਨ। ਇਹ ਦਵਾਈਆਂ ਰੋਗ ’ਤੇ ਬੇਅਸਰ ਵੀ ਸਾਬਿਤ ਹੋ ਰਹੀਆਂ ਹਨ। ਇਸ ਲਈ ਵਿਸ਼ਵ ਸਿਹਤ ਸੰਗਠਨ ਨੇ ਆਪਣੀ ਇਕ ਰਿਪੋਰਟ ’ਚ ਐਂਟੀਬਾਇਓਟਿਕ ਦਵਾਈਆਂ ਵਿਰੁੱਧ ਪੈਦਾ ਹੋ ਰਹੀ ਪ੍ਰਤੀਰੋਧਕ ਸਮਰਥਾ ਨੂੰ ਮਨੁੱਖੀ ਸਿਹਤ ਲਈ ਖ਼ਤਰਾ ਦੱਸਿਆ ਹੈ। ਡਬਲਿਊਐੱਚਓ ਨੇ 114 ਦੇਸ਼ਾਂ ’ਚ ਸਰਵੇਖਣ ਕਰ ਕੇ ਤਿਆਰ ਕੀਤੀ ਰਿਪੋਰਟ ’ਚ ਇਕ ਅਜਿਹੇ ਪੋਸਟ ਐਂਟੀਬਾਇਓਟਿਕ ਯੁੱਗ ਦੀ ਸ਼ੰਕਾ ਪ੍ਰਗਟਾਈ ਹੈ, ਜਿਸ ’ਚ ਲੋਕਾਂ ਸਾਹਮਣੇ ਫਿਰ ਉਨ੍ਹਾਂ ਸਾਧਾਰਨ ਤੱਤਾਂ ਨਾਲ ਮੌਤ ਦਾ ਖ਼ਤਰਾ ਹੋਵੇਗਾ, ਜਿਸ ਦਾ ਪਿਛਲੇ ਕਈ ਸਾਲਾਂ ਤੋਂ ਇਲਾਜ ਸੰਭਵ ਹੋ ਰਿਹਾ ਹੈ। ਇਹ ਰਿਪੋਰਟ ਮਲੇਰੀਆ, ਨਿਊਮੋਨੀਆ, ਡਾਇਰੀਆ ਤੇ ਖ਼ੂਨ ਦੇ ਇਨਫੈਕਸ਼ਨ ਕਾਰਨ ਬਣਨ ਵਾਲੇ ਵੱਖ-ਵੱਖ ਜੀਵਾਣੂਆਂ ’ਤੇ ਆਧਾਰਿਤ ਹੈ।

### ਸੂਖ਼ਮ ਜੀਵ

ਕੁਦਰਤੀ ਤੌਰ ’ਤੇ ਸਾਡੇ ਸਰੀਰ ਵਿਚ 200 ਕਿਸਮ ਦੇ ਅਜਿਹੇ ਸੂਖ਼ਮ ਜੀਵ ਮੌਜੂਦ ਹਨ, ਜੋ ਸਾਡੇ ਸੁਰੱਖਿਅਤ ਤੰਤਰ ਨੂੰ ਮਜ਼ਬੂਤ ਤੇ ਸਰੀਰ ਨੂੰ ਨਿਰੋਗੀ ਬਣਾਉਣ ਦਾ ਕੰਮ ਕਰਦੇ ਹਨ ਪਰ ਜ਼ਿਆਦਾ ਮਾਤਰਾ ’ਚ ਖਾਧੀਆਂ ਜਾਣ ਵਾਲੀਆਂ ਐਂਟੀਬਾਇਓਟਿਕ ਦਵਾਈਆਂ ਇਨ੍ਹਾਂ ਨੂੰ ਖ਼ਤਮ ਕਰ ਦਿੰਦੀਆਂ ਹਨ। ਐਂਟੀਬਾਇਓਟਿਕ ਦਵਾਈਆਂ ਦੀ ਖੋਜ ਮਨੁੱਖੀ ਜਾਤੀ ਲਈ ਵਰਦਾਨ ਸਾਬਿਤ ਹੋਈ ਸੀ ਪਰ ਜਿਵੇਂ ਹੀ ਹਾਨੀਕਾਰਕ ਰੋਗਾਂ ਨਾਲ ਲੜਨ ਲਈ ਐਂਟੀਬਾਇਓਟਿਕ ਦਵਾਈਆਂ ਦਾ ਇਸਤੇਮਾਲ ਸ਼ੁਰੂ ਹੋਇਆ, ਵਿਗਿਆਨੀਆਂ ਨੇ ਖੋਜਿਆ ਕਿ ਪੁਰਾਣੇ ਸੂਖ਼ਮ ਜੀਵਾਂ ਨੇ ਆਪਣੇ ਸੁਭਾਅ ’ਚ ਤਬਦੀਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ, ਭਾਵ ਪੈਨਸਲੀਨ ਦੀ ਖੋਜ ਇਕ ਕ੍ਰਾਂਤੀਕਾਰੀ ਖੋਜ ਸੀ ਪਰ ਵਿਗਿਆਨੀਆਂ ਨੇ ਦੇਖਿਆ ਕਿ ਕੁਝ ਅਜਿਹੇ ਸੂਖ਼ਮ ਜੀਵ ਸਾਹਮਣੇ ਆਏ ਹਨ, ਜਿਨ੍ਹਾਂ ਉੱਪਰ ਪੈਨਸਲੀਨ ਵੀ ਬੇਅਸਰ ਹੈ।

### ਅਸੁਰੱਖਿਆ ਪੈਦਾ ਕਰ ਰਹੇ ਜੀਵਾਣੂ

*ਸਧਾਰਨ ਤੌਰ ’ਤੇ ਜੀਵਾਣੂ ਹੌਲੀ-ਹੌਲੀ ਐਂਟੀਬਾਇਓਟਿਕ ਵਿਰੁੱਧ ਆਪਣੇ ਅੰਦਰ ਸੁਰੱਖਿਅਤ ਸਮਰਥਾ ਪੈਦਾ ਕਰ ਲੈਂਦਾ ਹੈ ਪਰ ਇਨ੍ਹਾਂ ਦਵਾਈਆਂ ਦੀ ਬੇਲੋੜੀ ਵਰਤੋਂ ਨਾਲ ਇਹ ਸਥਿਤੀ ਅਨੁਮਾਨ ਤੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਸਾਹਮਣੇ ਆ ਰਹੀ ਹੈ। ਮਾਹਿਰਾਂ ਵੱਲੋਂ ਇਨ੍ਹਾਂ ਦਵਾਈਆਂ ਦੀ ਸਲਾਹ ਦੇਣਾ ਅਤੇ ਮਰੀਜ਼ ਵੱਲੋਂ ਦਵਾਈਆਂ ਦੀ ਪੂਰੀ ਮਾਤਰਾ ਨਾ ਲੈਣਾ ਵੀ ਇਸ ਦੀ ਮੁੱਖ ਵਜ੍ਹਾ ਹੈ।* •




# ਨਸ਼ਿਆਂ ਤੋਂ ਮੁਕਤੀ ਦਾ ਸਾਧਨ ਮਾਨਸਿਕ ਸ਼ਕਤੀ



ਅਤਿੰਦਰਪਾਲ ਸਿੰਘ ਪਰਮਾਰ

ਨਸ਼ਾ ਸਮਾਜ ’ਚ ਇਕ ਭਿਆਨਕ ਬੁਰਾਈ ਹੈ, ਜਿਸ ਦੀ ਅੱਗ ’ਚ ਸਾਡੀ ਜਵਾਨੀ ਪਿਘਲ ਰਹੀ ਹੈ। ਨਸ਼ਾ ਗ਼ੁਲਾਮੀ ਦਾ ਦੂਜਾ ਨਾਂ ਹੈ। ਨਸ਼ੇ ਤੋਂ ਭਾਵ ਉਸ ਤਰਲ ਜਾਂ ਠੋਸ ਪਦਾਰਥ ਤੋਂ ਹੈ, ਜਿਸ ਨਾਲ ਕੰਮ ਅਤੇ ਵਿਉਹਾਰ ’ਚ ਤਬਦੀਲੀਆਂ ਆ ਜਾਂਦੀਆਂ ਹਨ, ਜਿਸ ਨਾਲ ਸਾਡੀ ਸੁੱਧ-ਬੁੱਧ ਗੁਆਚ ਜਾਂਦੀ ਹੈ। ਨਸ਼ਾ ਬੇਹੋਸ਼ੀ ਦਾ ਪਹਿਲਾ ਪੜਾਅ ਹੈ। ਤੰਬਾਕੂ, ਸ਼ਰਾਬ, ਅਫ਼ੀਮ, ਹੈਰੋਇਨ ਵਰਗੇ ਨਸ਼ੇ ਸਰੀਰ ਉੱਪਰ ਬੇਹੱਦ ਮਾੜਾ ਅਸਰ ਪਾਉਂਦੇ ਹਨ। ਹਰ ਖੇਤਰ ਵਾਂਗ ਨਸ਼ੇ ਦੇ ਖੇਤਰ ’ਚ ਵੀ ਅੰਤਾਂ ਦਾ ਵਾਧਾ ਹੋਇਆ ਹੈ। ਸਮੁੱਚੇ ਨਸ਼ਿਆਂ ਵਿੱਚੋਂ ‘ਚਿੱਟੇ’ ਦੀ ਵਰਤੋਂ ਇਸ ਹੱਦ ਤਕ ਵਧ ਗਈ ਹੈ ਕਿ ਸਮਾਜ ਨੂੰ ਸ਼ਰਾਬ, ਅਫੀਮ ਵਰਗੇ ਨਸ਼ੇ ਲੱਗਣੋਂ ਹਟ ਗਏ ਹਨ। ਪੰਜਾਬ ਕਿਸੇ ਸਮੇਂ ਤੰਦਰੁਸਤ ਗੱਭਰੂਆਂ ਕਰਕੇ ਜਾਣਿਆ ਜਾਂਦਾ ਸੀ, ਪਰ ਅੱਜ ਇੱਥੋਂ ਦੇ ਜ਼ਿਆਦਾਤਰ ਨੌਜਵਾਨ ਨਸ਼ੇ ਦੀ ਲਪੇਟ ’ਚ ਆ ਕੇ ਮਰ ਰਹੇ ਹਨ।

### ਮਾਨਸਿਕ ਨਸ਼ਾ

ਸ਼ੁਰੂ-ਸ਼ੁਰੂ ’ਚ ਤਾਂ ਨਸ਼ਾ ਸ਼ੌਕ ਲਈ ਕੀਤਾ ਜਾਂਦਾ ਹੈ। ਫਿਰ ਇਹ ਆਦਤ ਬਣ ਜਾਂਦਾ ਹੈ। ਨਸ਼ੇ ਦੀ ਲਤ ਅਕਸਰ ਹੀ ਮਾੜੀ ਸੰਗਤ ਵਿੱਚੋਂ ਲਗਦੀ ਹੈ। ਸਰੀਰਕ ਨਸ਼ੇ ਦੇ ਨਾਲ-ਨਾਲ ਮਾਨਸਿਕ ਨਸ਼ੇ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਇਸ ਨਸ਼ੇ ਅਧੀਨ ਨੌਜਵਾਨ ਮੋਬਾਈਲਾਂ ਦੇ ਗ਼ੁਲਾਮ ਹੋ ਰਹੇ ਹਨ, ਜੋ ਸਿੱਧੇ- ਅਸਿੱਧੇ ਰੂਪ ’ਚ ਮਾਨਸਿਕਤਾ ਨੂੰ ਕਮਜ਼ੋਰ ਕਰਦਾ ਹੈ। ਗ਼ੁਲਾਮੀ ਦਾ ਦੂਸਰਾ ਨਾਂ ਨਸ਼ਾ ਹੈ। ਨਸ਼ੇ ਰੋਕਣ ਲਈ ਇਸ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਖੇਡਾਂ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰਨ ਦੀ ਲੋੜ ਹੈ, ਕਿਉਂਕਿ ਇਹ ਤੰਦਰੁਸਤੀ ਦਾ ਖਜ਼ਾਨਾ ਹਨ। ਜਿਥੇ ਤੰਦਰੁਸਤੀ ਹੋਵੇਗੀ, ਉਥੇ ਨਸ਼ੇ ਦਾ ਖ਼ਾਤਮਾ ਨਿਸ਼ਚਿਤ ਹੈ, ਕਿਉਂਕਿ ਇਕ ਥਾਂ ਦੋ ਉਲਟ ਸੁਭਾਅ ਇਕੱਠੇ ਨਹੀ ਵਧ-ਫੁਲ ਸਕਦੇ। ਨਸ਼ਿਆਂ ਤੋਂ ਬਚਣ ਲਈ ਇਨ੍ਹਾਂ ਦੋ ਉਦਾਹਰਣਾਂ ’ਤੇ ਅਮਲ ਕਰਨਾ ਜ਼ਰੂਰੀ ਹੈ :

### ਤਬਦੀਲੀਆਂ

ਹੁਣ ਦੂਸਰੀ ਉਦਾਹਰਣ ਹੈ ਤਬਦੀਲੀ ਦੀ, ਜੋ ਨਸ਼ੇ ਦੇ ਗ਼ੁਲਾਮ ਇਨਸਾਨ ਨੂੰ ਤੰਦਰੁਸਤੀ ਦੇ ਰਸਤੇ ’ਤੇ ਤੁਰਨ ’ਚ ਮਦਦ ਕਰੇਗੀ। ਬਾਜ਼ ਦੀ ਉਮਰ 70 ਸਾਲ ਹੁੰਦੀ ਹੈ ਪਰ 30 ਸਾਲ ਦੀ ਉਮਰ ਤੋਂ ਬਾਅਦ ਉਸ ਅੰਦਰ ਇਕ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ, ਜੋ ਉਸ ਦੀ ਜ਼ਿੰਦਗੀ ਨੂੰ ਉਥਲ-ਪੁਥਲ ਕਰ ਦਿੰਦੀ ਹੈ। ਉਸ ਨਾਲ ਤਿੰਨ ਚੀਜ਼ਾਂ ਵਾਪਰਦੀਆਂ ਹਨ :



- ਉਸ ਦੇ ਪੰਜਿਆਂ ਦੇ ਨਹੁੰ ਜ਼ਰੂਰਤ ਤੋਂ ਜ਼ਿਆਦਾ ਲੰਬੇ ਹੋ ਜਾਂਦੇ ਹਨ, ਜਿਸ ਕਰਕੇ ਸ਼ਿਕਾਰ ’ਤੇ ਉਸ ਦੀ ਪਕੜ ਕਮਜ਼ੋਰ ਹੋਣੀ ਸ਼ੁਰੂ ਹੋ ਜਾਂਦੀ ਹੈ।
- ਉਸ ਦੀ ਚੁੰਝ ਜ਼ਰੂਰਤ ਤੋਂ ਜ਼ਿਆਦਾ ਮੁੜ ਜਾਂਦੀ ਹੈ, ਜਿਸ ਕਾਰਨ ਉਸ ਨੂੰ ਸ਼ਿਕਾਰ ਕਰ ਕੇ ਖਾਣ ’ਚ ਮੁਸ਼ਕਿਲ ਆਉਣੀ ਸ਼ੁਰੂ ਹੋ ਜਾਂਦੀ ਹੈ।
- ਉਸ ਦੇ ਖੰਭ ਇੰਨੇ ਭਾਰੇ ਹੋ ਜਾਂਦੇ ਹਨ ਕਿ ਸ਼ਿਕਾਰ ਨੂੰ ਫੜਨਾ ਅਸੰਭਵ ਹੋ ਜਾਂਦਾ ਹੈ।

ਉਸ ਦੀ ਜ਼ਿੰਦਗੀ ਮੌਤ ਤੋਂ ਵੀ ਬੁਰੀ ਹੋ ਜਾਂਦੀ ਹੈ। ਉਦੋਂ ਉਸ ਕੋਲ ਸਿਰਫ ਤਿੰਨ ਬਦਲ ਹੁੰਦੇ ਹਨ। ‘ਭੁੱਖ ਨਾਲ ਆਪਣਾ ਸਰੀਰ ਤਿਆਗ ਦੇਵੇ’, ‘ਆਪਣਾ ਸੁਭਾਅ ਤਿਆਗ ਕੇ ਇੱਲ ਵਾਂਗ ਮਰਿਆ ਸ਼ਿਕਾਰ ਖਾਣਾ ਸ਼ੁਰੂ ਕਰ ਦੇਵੇ’ ਜਾਂ ਔਖੇ ਬਦਲ ‘ਸਰੀਰ ’ਚ ਤਬਦੀਲੀ’ ਲਿਆਵੇ। ਉਦੋਂ ਬਾਜ਼ ਇਸ ਪੀੜਦਾਇਕ ਤੇ ਔਖੇ ਬਦਲ ਨੂੰ ਚੁਣਨਾ ਪਸੰਦ ਕਰਦਾ ਹੈ। ਉਹ 150 ਦਿਨ ਦੀ ਇਕ ਔਖੀ ਤੇ ਲੰਬੀ ਪ੍ਰਕਿਰਿਆ ਲਈ ਪਹਾੜ ਦੀ ਟੀਸੀ ’ਤੇ ਆਲ੍ਹਣਾ ਬਣਾ ਕੇ ਇਸ ਪ੍ਰਕਿਰਿਆ ਨੂੰ ਸ਼ੁਰੂ ਕਰ ਦਿੰਦਾ ਹੈ। ਸਭ ਤੋਂ ਪਹਿਲਾਂ ਉਹ ਆਪਣੀ ਚੁੰਝ ਨੂੰ ਪਹਾੜ ਨਾਲ ਮਾਰ-ਮਾਰ ਕੇ ਤੋੜਦਾ ਹੈ। ਇਸ ਤੋਂ ਦਰਦਨਾਕ ਕੁਝ ਨਹੀਂ ਹੁੰਦਾ। ਜਦੋਂ ਚੁੰਝ ਕੁਝ ਸਮੇਂ ਬਾਅਦ ਨਵੇਂ ਸਿਰੇ ਤੋਂ ਆ ਜਾਂਦੀ ਹੈ ਤਾਂ ਉਹ ਇਸੇ ਚੁੰਝ ਨਾਲ ਆਪਣੇ ਨਹੁੰ ਉਖਾੜ ਦਿੰਦਾ ਹੈ। ਇਸ ਤੋਂ ਭਿਆਨਕ ਵੀ ਕੁਝ ਨਹੀਂ-ਆਪਣੇ ਨਹੁੰ ਆਪ ਪੁੱਟਣਾ। ਇਸ ਤੋਂ ਅਗਲਾ ਕਦਮ ਉਹ ਆਪਣੇ ਖੰਭ ਉਖਾੜਨੇ ਸ਼ੁਰੂ ਕਰ ਦਿੰਦਾ ਹੈ। ਆਪਣੀ ਚੁੰਝ, ਇਕ-ਇਕ ਕਰ ਕੇ ਖੰਭ ਪੁੱਟਣ ਤੋਂ ਬਾਅਦ ਉਹ ਸਿਰਫ਼ ਇੰਤਜ਼ਾਰ ਕਰਦਾ ਹੈ ਨਵੇਂ ਖੰਭ ਆਉਣ ਤਕ ਤੇ ਨਹੁੰਆਂ ਦੇ ਮੁੜ ਵੱਡੇ ਹੋਣ ਤਕ। 150 ਦਿਨ ਲੰਘਣ ਤਕ ਉਸ ਦੀ ਚੁੰਝ ਪਹਿਲਾਂ ਵਾਂਗ ਮਜ਼ਬੂਤ ਹੋ ਜਾਂਦੀ ਹੈ। ਸ਼ਿਕਾਰ ’ਤੇ ਪਕੜ ਬਣਾਉਣ ਵਾਲੇ ਪੰਜੇ ਪਹਿਲਾਂ ਨਾਲੋਂ ਵੀ ਜ਼ਿਆਦਾ ਤਾਕਤਵਰ ਹੋ ਜਾਂਦੇ ਹਨ ਤੇ ਉਸ ਦੀ ਨਵੀਂ ਉਡਾਣ ਲਈ ਉਸ ਦੇ ਨਵੇਂ ਖੰਭ ਉਸ ਦੇ ਨਾਲ ਹੁੰਦੇ ਹਨ। ਹੁਣ ਬਿਹਤਰ ਤਬਦੀਲੀਆਂ ਤੋਂ ਬਾਅਦ ਉਹ ਪਹਿਲਾਂ ਨਾਲੋਂ ਵੀ ਉੱਚੀ ਉਡਾਣ ਭਰ ਸਕਦਾ ਹੈ। ਨਸ਼ਾ ਛੱਡਣ ਲਈ ਸਿਰਫ਼ 40 ਦਿਨ ਹੀ ਕਾਫ਼ੀ ਹਨ ਪਰ ਬਾਜ਼ ਦੀ ਤਰ੍ਹਾਂ ਸਾਨੂੰ ਆਪਣੀ ਮਾਨਸਿਕਤਾ ’ਚ ਤਬਦੀਲੀਆਂ ਲਿਆਉਣੀਆਂ ਪੈਣਗੀਆਂ। ਸਰੀਰ ’ਚ ਜੋ ਨਸ਼ੇ ਨੇ ਘਰ ਕਰ ਲਿਆ ਹੈ, ਉਸ ਨੂੰ ਦਰਦ ਸਹਿ ਕੇ ਚੁੰਝ ਦੀ ਤਰ੍ਹਾਂ ਸਰੀਰ ਨਾਲੋਂ ਵੱਖ ਕਰਨਾ ਪਵੇਗਾ ਤੇ ਤੀਸਰਾ ਬਾਜ਼ ਦੇ ਪੰਜਿਆਂ ਦੀ ਤਰ੍ਹਾਂ ਆਪਣੀ ਸੁਸਾਇਟੀ ’ਚੋਂ ਉਹ ਦੋਸਤ ਉਖਾੜ ਕੇ ਸੁੱਟਣੇ ਪੈਣਗੇ, ਜਿਨ੍ਹਾਂ ਦੀ ਬਦੌਲਤ ਇਸ ਹਾਲਤ ’ਚ ਪਹੁੰਚੇ ਹੁੰਦੇ ਹੋ। ਫਿਰ ਭਰਨਾ ਉਡਾਰੀ ਉਸ ਬਾਜ਼ ਦੀ ਤਰ੍ਹਾਂ, ਜੋ ਨਾ ਮਰਿਆ, ਨਾ ਹਾਰਿਆ। •



81468-08995

### ਮਾਨਸਿਕ ਕਮਜ਼ੋਰੀ ਦੂਰ ਕਰਨਾ

*ਹਾਥੀ ਇਕ ਤਾਕਤਵਰ ਜਾਨਵਰ ਹੈ। ਜਦੋਂ ਉਸ ਨੂੰ ਸੰਗਲ ਨਾਲ ਬੰਨ੍ਹਿਆ ਹੁੰਦਾ ਹੈ, ਉਹ ਸੰਗਲ ਤੋੜ ਸਕਦਾ ਹੈ ਪਰ ਉਸ ਦੀ ਕਮਜ਼ੋਰ ਮਾਨਸਿਕਤਾ ਉਸ ਨੂੰ ਯਤਨ ਕਰਨ ਤੋਂ ਰੋਕਦੀ ਹੈ, ਕਿਉਂਕਿ ਬਚਪਨ ਵਿਚ ਸਰਕਸ ਵਾਲੇ ਹਾਥੀ ਦੇ ਬੱਚੇ ਨੂੰ ਰੱਸੇ ਨਾਲ ਬੰਨ੍ਹ ਕੇ ਰੱਖਦੇ ਹਨ। ਉਦੋਂ ਉਹ ਉਸ ਨੂੰ ਤੋੜ ਸਕਦਾ ਸੀ। ਇਹੀ ਵਿਸ਼ਵਾਸ ਵੱਡੇ ਹੋਏ ਹਾਥੀ ਨੂੰ ਵੀ ਰੋਕੀ ਰੱਖਦਾ ਹੈ। ਕੋਸਿਸ਼ ਕਰਨ ਨਾਲ ਹਰ ਚੀਜ਼ ਸੰਭਵ ਹੈ। ਨਸ਼ਾ ਛੱਡਣਾ ਉਨ੍ਹਾਂ ਵਿੱਚੋਂ ਇਕ ਹੈ।*

**ਸ਼ੁਰੂ-ਸ਼ੁਰੂ ’ਚ ਤਾਂ ਨਸ਼ਾ ਸ਼ੌਕ ਲਈ ਕੀਤਾ ਜਾਂਦਾ ਹੈ। ਫਿਰ ਜਦੋਂ ਇਹ ਆਦਤ ਬਣ ਜਾਵੇ ਤਾਂ ਛੱਡਣਾ ਔਖਾ ਹੋ ਜਾਂਦਾ ਹੈ। ਨਸ਼ੇ ਦੀ ਲਤ ਅਕਸਰ ਹੀ ਮਾੜੀ ਸੰਗਤ ਵਿਚੋਂ ਲਗਦੀ ਹੈ...**

# ਸਿਹਤ ਲਈ ਫ਼ਾਇਦੇਮੰਦ ਹਨ ਸੂਰਜਮੁਖੀ ਦੇ ਬੀਜ



ਗੁਰਭਿੰਦਰ ਗੁਰੀ

- ਸੂਰਜਮੁਖੀ ਦੇ ਬੀਜ ’ਚ ਜ਼ਰੂਰੀ ਫੈਟੀ ਐਸਿਡ, ਵਿਟਾਮਿਨ ਤੇ ਮਿਨਰਲਜ਼ ਹੁੰਦੇ ਹਨ, ਜੋ ਸਾਡੇ ਸਰੀਰ ਲਈ ਬੇਹੱਦ ਲਾਹੇਵੰਦ ਹੁੰਦੇ ਹਨ। ਇਸ ਲਈ ਇਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਖ਼ੁਰਾਕ ’ਚ ਸ਼ਾਮਲ ਕਰਨਾ ਬੇਹੱਦ ਜ਼ਰੂਰੀ ਹੈ। ਜਾਣਦੇ ਹਾਂ ਸੂਰਜਮੁਖੀ ਦੇ ਬੀਜਾਂ ਨਾਲ ਸਿਹਤ ਨੂੰ ਹੋਣ ਵਾਲੇ ਲਾਭ ਬਾਰੇ :

### ਫ਼ਾਇਦੇ

- ਸੂਰਜਮੁਖੀ ਦੇ ਬੀਜ ਵਿਚ ਫਾਈਬਰ ਵ[illegible] ਭਰਪੂਰ ਮਾਤਰਾ ’ਚ ਹੁੰਦੀ ਹੈ। ਇਸ ਨੂੰ ਖਾਣ ਨਾਲ ਕਬਜ਼ ਤੋਂ ਰਾਹਤ ਮਿਲਦੀ ਹੈ।

***ਸੂਰਜਮੁਖੀ ਦੇ ਬੀਜਾਂ ’ਚ ਮੈਗਨੀਸ਼ੀਅਮ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਇਸ ਨੂੰ ਖਾਣ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ ਤੇ ਉਨ੍ਹਾਂ ਦਾ ਲਚਕੀਲਾਪਣ ਕਾਇਮ ਰਹਿੰਦਾ ਹੈ।***

- ਇਨ੍ਹਾਂ ’ਚ ਵਿਟਾਮਿਨ-ਸੀ ਤੇ ਵਿਟਾਮਿਨ-[illegible] ਭਰਪੂਰ ਮਾਤਰਾ ਵਿਚ ਹੁੰਦਾ ਹੈ, ਜੋ ਦਿ[illegible] ਦੀ ਬਿਮਾਰੀਆਂ ਤੋਂ ਬਚਾਅ ਕਰਦਾ ਹੈ[illegible] ਵਿਟਾਮਿਨ-ਈ ਕੋਲੈਸਟਰੋਲ ਨੂੰ ਕਾਬੂ ’[illegible] ਰੱਖਦਾ ਹੈ।
- ਸੂਰਜਮੁਖੀ ਦੇ ਬੀਜਾਂ ’ਚ ਮੋਨੋ [illegible] ਪੋਲੀਸੈਚੁਰੇਟਿਡ ਫੈਟਸ ਹੁੰਦੇ ਹਨ, ਜੋ ਸਿਹ[illegible] ਲਈ ਗੁਣਕਾਰੀ ਫੈਟ ਮੰਨੇ ਜਾਂਦੇ ਹਨ। ਇ[illegible] ਖ਼ਰਾਬ ਕੋਲੈਸਟਰੋਲ ਨੂੰ ਘੱਟ ਕਰਨ ਦਾ ਕੰ[illegible] ਕਰਦੇ ਹਨ। ਇਨ੍ਹਾਂ ਵਿਚ ਕਾਫ਼ੀ ਮਾਤਰਾ ’[illegible] ਫਾਈਬਰ ਵੀ ਹੁੰਦਾ ਹੈ, ਜੋ ਕੋਲੈਸਟਰੋਲ [illegible] ਘਟਾਉਂਦਾ ਹੈ।
- ਸੂਰਜਮੁਖੀ ਦੇ ਬੀਜ ਗਠੀਆ ਦੇ ਰੋਗੀ[illegible] ਲਈ ਲਈ ਕਾਫ਼ੀ ਫ਼ਾਇਦੇਮੰਦ ਹਨ।
- ਇਹ ਕੈਂਸਰ ਦੀ ਰੋਕਥਾਮ ਕਰਨ ’ਚ ਵੀ ਮਦਦ ਕਰਦੇ ਹਨ। ਇਸ ਦੇ ਐਂਟੀਆਕਸੀਡੈਂਟ ਗੁਣ ਸਿਹਤ ਲਈ ਫਾਇਦੇਮੰਦ ਹਨ। •

99157-2731

# ਨਹੀਂ ਸਤਾਏਗਾ ਜੋੜਾਂ ਦਾ ਦਰਦ

ਤਾਪਮਾਨ ਡਿੱਗਣ ਨਾਲ ਹੀ ਕੁਝ ਲੋਕਾਂ ਨੂੰ ਹੱਡੀਆਂ ਨਾਲ ਸਬੰਧਤ ਕਈ ਸਮੱਸਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਮਾਹਿਰ ਇਸ ਸਥਿਤੀ ਤੋਂ ਬਚਣ ਲਈ ਦੁੱਧ ਪੀਣ ਦੀ ਸਲਾਹ ਦਿੰਦੇ ਹਨ ਪਰ ਦੁੱਧ ਤੋਂ ਇਲਾਵਾ ਅਜਿਹੇ ਦੂਸਰੇ ਕਈ ਸਰੋਤ ਹਨ, ਜਿਸ ਨਾਲ ਸਰੀਰ ਨੂੰ ਸਿਹਤਮੰਦ ਰੱਖਿਆ ਜਾ ਸਕਦਾ ਹੈ। ਇਸ ਲਈ ਅਜਿਹੀਆਂ ਚੀਜ਼ਾਂ ਦਾ ਸੇਵਨ ਵਧਾਉਣਾ ਚਾਹੀਦਾ ਹੈ, ਜਿਨ੍ਹਾਂ ਵਿਚ ਕੈਲਸ਼ੀਅਮ ਵਧੇਰੇ ਮਾਤਰਾ ਵਿਚ ਹੋਵੇ।


### ਦੁੱਧ

ਡਾਈਟ ਵਿਚ ਦੁੱਧ ਨੂੰ ਲਾਜ਼ਮੀ ਸ਼ਾਮਲ ਕਰੋ। ਦੁੱਧ ਦੀ ਪੌਸ਼ਟਿਕਤਾ ’ਚ ਵਾਧਾ ਕਰਨ ਲਈ ਇਸ ਵਿਚ ਡਰਾਈ ਫਰੂਟ ਮਿਲਾਏ ਜਾ ਸਕਦੇ ਹਨ। ਬਦਾਮ ਖਾਣ ਨਾਲ ਵੀ ਹੱਡੀਆਂ ਮਜ਼ਬੂਤ ਹੁੰਦੀਆਂ ਹਨ, ਕਿਉਂਕਿ ਇਸ ਵਿਚ ਵੀ ਕਾਫ਼ੀ ਕੈਲਸ਼ੀਅਮ ਹੁੰਦਾ ਹੈ। ਜੇ ਤੁਹਾਨੂੰ ਦੁੱਧ ਪਸੰਦ ਨਹੀਂ ਤਾਂ ਸੋਇਆ ਦੁੱਧ ਜਾਂ ਟੋਫੂ ਦਾ ਸੇਵਨ ਕਰੋ। ਇਸ ਦਾ ਸੁਆਦ ਦੁੱਧ ਦੇ ਸੁਆਦ ਨਾਲੋਂ ਕਾਫ਼ੀ ਵੱਖਰਾ ਹੁੰਦਾ ਹੈ ਪਰ ਇਸ ਵਿਚ ਕੈਲਸ਼ੀਅਮ ਦੀ ਮਾਤਰਾ ਭਰਪੂਰ ਹੁੰਦੀ ਹੈ।

### ਸੰਤਰੇ ਦਾ ਰਸ

ਸੰਤਰੇ ਦੇ ਰਸ ਵਿਚ ਵੀ ਵਿਟਾਮਿਨ-ਸੀ ਅਤੇ ਵਿਟਾਮਿਨ-ਡੀ ਮੌਜੂਦ ਹੁੰਦਾ ਹੈ। ਕੋਸ਼ਿਸ਼ ਕਰੋ ਕਿ ਜੂਸ ਵਿਚ ਸ਼ੂਗਰ ਦੀ ਮਾਤਰਾ ਜ਼ਿਆਦਾ ਨਾ ਹੋਵੇ। ਮੱਛੀ ਵਿਚ ਮੌਜੂਦ ਵਿਟਾਮਿਨਜ਼ ਤੇ ਹੋਰ ਅਹਿਮ ਤੱਤ ਵੀ ਹੱਡੀਆਂ ਨਾਲ ਸਬੰਧਤ ਸਮੱਸਿਆਵਾਂ ਨੂੰ ਦੂਰ ਰੱਖਣ ਵਿਚ ਸਹਾਇਤਾ ਕਰਦੇ ਹਨ। ਮੱਛੀ ਦਾ ਤੇਲ ਜਾਂ ਕੌਡ ਲਿਵਰ ਆਇਲ ਵਿਚ ਵਿਟਾਮਿਨ-ਡੀ ਭਰਪੂਰ ਮਾਤਰਾ ’ਚ ਹੁੰਦਾ ਹੈ। ਇਸ ਲਈ ਬਾਜ਼ਾਰ ਵਿੱਚੋਂ ਮਿਲਣ ਵਾਲੇ ਕੌਡ ਲਿਵਰ ਆਇਲ ਦੇ ਕੈਪਸੂਲ ਵੀ ਖਾ ਸਕਦੇ ਹੋ।





### ਪਨੀਰ

*ਪਨੀਰ ਖਾਣਾ ਤਾਂ ਹਰ ਕਿਸੇ ਨੂੰ ਪਸੰਦ ਹੁੰਦਾ ਹੈ। ਸੁਆਦੀ ਹੋਣ ਦੇ ਨਾਲ -ਨਾਲ ਸਿਹਤ ਲਈ ਵੀ ਲਾਭਕਾਰੀ ਹੈ। ਸਰਦੀਆਂ ’ਚ ਪਨੀਰ ਜ਼ਰੂਰ ਖਾਓ। ਪਨੀਰ ’ਚ ਵੀ ਜ਼ਿਆਦਾਤਰ ਮਾਤਰਾ ਵਿਚ ਕੈਲਸ਼ੀਅਮ ਹੁੰਦਾ ਹੈ। ਪਨੀਰ ਦੇ ਸੇਵਨ ਨਾਲ ਸਰੀਰ ਵਿਚ ਕੈਲਸ਼ੀਅਮ ਦੇ ਨਾਲ-ਨਾਲ ਪ੍ਰੋਟੀਨ ਦੀ ਕਮੀ ਵੀ ਪੂਰੀ ਹੋ ਜਾਂਦੀ ਹੈ, ਜੋ ਹੱਡੀਆਂ ਨੂੰ ਮਜ਼ਬੂਤੀ ਦਿੰਦਾ ਹੈ। ਜੇ ਪਨੀਰ ਦੇ ਅਸਲ ਗੁਣਾਂ ਨੂੰ ਬਣਾ ਕੇ ਰੱਖਣਾ ਚਾਹੁੰਦੇ ਹੋ ਤਾਂ ਇਸ ਨੂੰ ਜ਼ਿਆਦਾ ਤੇਲ ਵਿਚ ਨਾ ਬਣਾਓ।*

### ਬੀਨਜ਼

ਬੀਨਜ਼ ਵੀ ਕੈਲਸ਼ੀਅਮ ਦਾ ਚੰਗਾ ਸਰੋਤ ਹਨ। ਬੀਨਜ਼ ਦੀ ਇਕ ਕਟੌਰੀ ਵਿਚ 24 ਫ਼ੀਸਦੀ ਤਕ ਕੈਲਸ਼ੀਅਮ ਹੁੰਦਾ ਹੈ। ਸਰੀਰ ਵਿਚ ਕੈਲਸ਼ੀਅਮ ਦੀ ਕਮੀ ਨੂੰ ਪੂਰਾ ਕਰਨ ਲਈ ਬੀਨਜ਼ ਨੂੰ ਆਪਣੀ ਖ਼ੁਰਾਕ ਦਾ ਹਿੱਸਾ ਜ਼ਰੂਰ ਬਣਾਓ।

### ਦਹੀਂ

ਜੇ ਤੁਸੀ ਰੋਜ਼ਾਨਾ ਦਹੀਂ ਨੂੰ ਡਾਈਟ ਵਿਚ ਸ਼ਾਮਲ ਕਰਦੇ ਹੋ ਤਾਂ ਇਹ ਵੀ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਖੰਡ ਦੀ ਜਗ੍ਹਾ ਇਸ ਵਿਚ ਜ਼ੀਰਾ ਪਾਊਡਰ ਅਤੇ ਨਮਕ ਮਿਲਾ ਕੇ ਖਾਓ। ਇਕ ਕਟੌਰੀ ਦਹੀਂ ਵਿਚ 30 ਫ਼ੀਸਦੀ ਕੈਲਸ਼ੀਅਮ ਦੇ ਨਾਲ-ਨਾਲ ਫਾਸਫੋਰਸ, ਪੋਟਾਸ਼ੀਅਮ, ਵਿਟਾਮਿਨ ਬੀ-2 ਤੇ ਬੀ-12 ਹੁੰਦਾ ਹੈ, ਇਸ ਲਈ ਜੇ ਦੁੱਧ ਨਹੀਂ ਪਸੰਦ ਤਾਂ ਦਹੀਂ ਖਾਧਾ ਜ[illegible] ਸਕਦਾ ਹੈ।

### ਮਸ਼ਰੂਮ

ਵਡੇਰੀ ਉਮਰ ਦੇ ਲੋਕਾਂ ਲਈ ਮਸ਼ਰੂ[illegible] ਜਾਂ ਖੁੰਭਾਂ ਵਿਚ ਮੌਜੂਦ ਵਿਟਾਮਿਨਜ਼ ਕਾਫ਼[illegible] ਲਾਭਦਾਇਕ ਹੁੰਦੇ ਹਨ। ਸਬਜ਼ੀ, ਸੂਪ ਜਾਂ ਕਿਸੇ ਵੀ ਰੂਪ ਵਿਚ ਮਸ਼ਰੂਮ ਦਾ ਸੇਵਨ ਕੀਤਾ ਜਾ ਸਕਦਾ ਹੈ।

### ਪਾਲਕ

ਪਾਲਕ ਵਿਚ ਆਇਰਨ ਤੋਂ ਇਲਾਵਾ ਕੈਲਸ਼ੀਅਮ ਵੀ ਕਾਫ਼ੀ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ। 100 ਗ੍ਰਾਮ ਪਾਲਕ ਵਿਚ 99 ਮਿਲੀਗ੍ਰਾਮ ਕੈਲਸ਼ੀਅਮ ਹੁੰਦਾ ਹੈ। ਇਸ ਲਈ ਹਫ਼ਤੇ ਵਿਚ ਘੱਟੋ ਘੱਟ ਤਿੰਨ ਵਾਰ ਪਾਲਕ ਦਾ ਸੇਵਨ ਜ਼ਰੂਰ ਕਰੋ। •

# ਸਿਰਦਰਦ ਦੇ ਕਾਰਨ ਤੇ ਇਲਾਜ

**ਜ਼ੁਕਾਮ ਦੌਰਾਨ ਖਾਧੀ ਤੇਜ਼ ਦਵਾਈ ਕਾਰਨ ਰੇਸ਼ਾ ਸਿਰ, ਅੱਖਾਂ, ਕੰਨਾਂ ਆਦਿ ਦੀਆਂ ਬਾਰੀਕ ਨਾੜੀਆਂ ’ਚ ਜੰਮ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਸਿਰਦਰਦ ਦੀ ਸਮੱਸਿਆ ਸਾਹਮਣੇ ਆਉਂਦੀ ਹੈ...**



ਗੁਰਵਿੰਦਰ ਸਿੰਘ

ਧਰਤੀ ਦੇ ਉੱਤਰੀ ਤੇ ਦੱਖਣੀ ਧਰੁਵਾਂ ਵਾਂਗ ਮਨੁੱਖੀ ਸਰੀਰ ਦੇ ਵੀ ਦੋ ਉੱਤਰੀ ਤੇ ਦੱਖਣੀ ਧਰੁਵ ਹੁੰਦੇ ਹਨ। ਸਿਰਦਰਦ ਲਈ 80 ਫ਼ੀਸਦੀ ਤਕ ਇਹੀ ਧਰੁਵ ਜ਼ਿੰਮੇਵਾਰ ਹੁੰਦੇ ਹਨ।

### ਸਮੱਸਿਆ

ਸਿਰਦਰਦ ਔਰਤਾਂ ਦੀ ਇਕ ਵੱਡੀ ਸਮੱਸਿਆ ਹੈ। ਮਰਦਾਂ ਦੇ ਮੁਕਾਬਲੇ ਔਰਤਾਂ ਇਸ ਤੋ ਵੱਧ ਪੀੜਤ ਹੁੰਦੀਆਂ ਹਨ। ਸਿਰਦਰਦ ਆਪਣੇ ਆਪ ’ਚ ਕੋਈ ਬਿਮਾਰੀ ਨਹੀਂ, ਸਗੋਂ ਕਈ ਹੋਰ ਬਿਮਾਰੀਆਂ ਦਾ ਲੱਛਣ ਹੈ। ਇਸ ਦੇ ਲਈ ਅਨੇਕਾਂ ਕਾਰਨ ਜ਼ਿੰਮੇਵਾਰ ਹੁੰਦੇ ਹਨ ਪਰ ਆਮ ਤੌਰ ’ਤੇ ਸਿਰਦਰਦ ਤੋਂ ਰਾਹਤ ਲਈ ਆਸਾਨੀ ਨਾਲ ਉਪਲੱਬਧ ਹੋਣ ਵਾਲੀਆਂ ਦਰਦ-ਰੋਕੂ ਦਵਾਈਆਂ ਵਰਤੀਆਂ ਜਾਂਦੀਆਂ ਹਨ। ਇਸ ਨਾਲ ਸਿਰਦਰਦ ਤੋਂ ਆਰਜ਼ੀ ਤੌਰ ’ਤੇ ਰਾਹਤ ਤਾਂ ਮਿਲਦੀ ਹੈ ਪਰ ਸਥਾਈ ਹੱਲ ਨਹੀਂ ਨਿਕਲਦਾ। ਇਸ ਤੋਂ ਉਲਟ ਲੰਬੇ ਸਮੇਂ ਤਕ ਦਰਦ ਰੋਕਣ ਵਾਲੀਆਂ ਦਵਾਈਆਂ ਦੀ ਵਰਤੋਂ ਨਾਲ ਜਿਗਰ, ਗੁਰਦੇ ਅਤੇ ਸਰੀਰ ਦੇ ਹੋਰ ਅੰਗਾਂ ’ਤੇ ਮਾੜਾ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ।

### ਕਾਰਨ

ਹਾਈਪਰ-ਐਸਡਿਟੀ ਜਾਂ ਤੇਜ਼ਾਬ ਦਾ ਜ਼ਿਆਦਾ ਬਣਨਾ, ਪੇਟ ਦਾ ਇਨਫੈਕਸ਼ਨ, ਟਾਈਫਾਇਡ, ਜਿਗਰ ਦਾ ਇਨਫੈਕਸ਼ਨ, ਫੈਟੀ ਲਿਵਰ, ਧਰਨ ਦਾ ਆਪਣੀ ਜਗ੍ਹਾ ਤੋਂ ਹਿੱਲਣਾ, ਕਮਜ਼ੋਰੀ, ਖ਼ੂਨ ਦੀ ਕਮੀ, ਕਬਜ਼, ਗੈਸ ਦਾ ਦਿਮਾਗ਼ ਨੂੰ ਚੜ੍ਹਨਾ, ਗਾਇਨੋਰੀਆ ਜਾਂ ਸੁਜ਼ਾਕ, ਸਰਵਾਈਕਲ, ਜ਼ੁਕਾਮ, ਮੌਸਮ ਬਦਲਣ ਨਾਲ ਦਿਮਾਗ਼ੀ ਨਸ ਵਿਚ ਸੋਜ਼ਿਸ਼ ਹੋਣਾ, ਜ਼ੁਕਾਮ ਦੌਰਾਨ ਖਾਧੀ ਤੇਜ਼ ਦਵਾਈ ਕਾਰਨ ਰੇਸ਼ਾ ਸਿਰ, ਅੱਖਾਂ, ਕੰਨਾਂ ਆਦਿ ਦੀਆਂ ਬਾਰੀਕ ਨਾੜੀਆਂ ਵਿਚ ਜੰਮ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਸਿਰਦਰਦ ਦੀ ਸਮੱਸਿਆ ਸਾਹਮਣੇ ਆਉਂਦੀ ਹੈ।

ਦੰਦਾਂ ਵਿਚ ਰੇਸ਼ਾ ਹੋਣਾ, ਕੰਨ ਵਿਚ ਸੋਜ਼ਿਸ਼ ਜਾਂ ਇਨਫੈਕਸ਼ਨ, ਨਿਗ੍ਹਾ ਦੀ ਕਮਜ਼ੋਰੀ, ਸਿਰ ’ਚ ਟਿਊਮਰ ਹੋਣਾ, ਦਿਮਾਗ਼ ਦੀਆਂ ਝਿੱਲੀਆਂ ’ਚ ਪਾਣੀ ਵਾਲੀ ਰਸੌਲੀਆ ਹੋਣਾ, ਹਾਈ ਬਲੱਡ ਪ੍ਰੈਸ਼ਰ ਆਦਿ ਕਾਰਨਾਂ ਕਰਕੇ ਵੀ ਸਿਰਦਰਦ ਹੁੰਦਾ ਹੈ। ਤਣਾਅ, ਬੇਚੈਨੀ, ਮਾਨਸਿਕ ਕਮਜ਼ੋਰੀ, ਲਾਈਫ ਸਟਾਈਲ ਤਬਦੀਲ ਹੋਣਾ, ਕਾਹਲਾਪਨ, ਤੇਜ਼ ਤਰਾਰ ਜ਼ਿੰਦਗੀ ਜਿਊਣਾ, ਡੂੰਘੀ ਉਦਾਸੀ, ਨੀਂਦ ਨਾ ਆਉਣਾ, ਸੌਣ ਅਤੇ ਜਾਗਣ ਦੇ ਸਮੇਂ ਵਿਚ ਅਚਾਨਕ ਤਬਦੀਲੀ ਕਰਨਾ, ਤੇਜ਼ ਰੌਸ਼ਨੀ ਤੇ ਉੱਚੀ ਆਵਾਜ਼ ਵੀ ਸਿਰਦਰਦ ਦਾ ਕਾਰਨ ਬਣਦੀ ਹੈ।

ਕੁਝ ਭੋਜਨ ਪਦਾਰਥ ਤੇ ਉਨ੍ਹਾਂ ਵਿਚਲੇ ਕੈਮੀਕਲ, ਜਿਵੇਂ ਤੇਜ਼ ਲੂਣ, ਮਸਾਲੇਦਾਰ ਤਲਿਆ ਹੋਇਆ ਭੋਜਨ, ਮੋਨੋਸੋਡੀਅਮ ਗਲੌਟਾਮੇਜ਼ ਯੁਕਤ ਭੋਜਨ, ਸਿਗਰਟ, ਸ਼ਰਾਬ ਤੇ ਕੈਫੀਨ ਯੁਕਤ ਪਦਾਰਥ, ਸੰਤੁਲਿਤ ਭੋਜਨ ਨਾ ਖਾਣ ਨਾਲ ਸਰੀਰ ਵਿਚ ਸ਼ੂਗਰ ਤੇ ਰਸਾਇਣਕ ਪੱਧਰ ਪ੍ਰਭਾਵਿਤ ਹੁੰਦਾ ਹੈ, ਜਿਸ ਨਾਲ ਸਿਰਦਰਦ ਹੁੰਦਾ ਹੈ। ਤਿੱਖੀ ਮਹਿਕ ਵਾਲੇ ਪਦਾਰਥ ਜਿਵੇਂ ਰੰਗ-ਰੋਗਨ, ਸੈਂਟ, ਫੁੱਲਾਂ ਦੀ ਤਿੱਖੀ ਖ਼ੁਸ਼ਬੂ, ਸਫ਼ਾਈ ਕਰਨ ਲਈ ਵਰਤੇ ਜਾਣ ਵਾਲੇ ਪਦਾਰਥ ਵੀ ਦਿਮਾਗ਼ ’ਚ ਉਤੇਜਨਾ ਪੈਦਾ ਕਰ ਕੇ ਸਿਰ ਦਰਦ ਦਾ ਕਾਰਨ ਬਣਦੇ ਹਨ। ਔਰਤਾਂ ਦਾ ਸੁਭਾਅ ਨਾਜ਼ੁਕ ਹੁੰਦਾ ਹੈ। ਉਹ ਜ਼ਿਆਦਾ ਸੋਚਣ, ਜ਼ਿਆਦਾ ਬੋਲਣ, ਜ਼ਿਆਦਾ ਸੰਵੇਦਨਸ਼ੀਲ, ਕਿਸੇ ਗੱਲ ਨੂੰ ਬਹੁਤ ਗੰਭੀਰਤਾ ਨਾਲ ਸੋਚਣ ਵਾਲੀਆਂ ਹੁੰਦੀਆਂ ਹਨ। ਜੇ ਕੋਈ ਉਨ੍ਹਾਂ ਨੂੰ ਸਖ਼ਤ ਜਵਾਬ ਦੇ ਦੇਵੇ ਤਾਂ ਉਹ ਛੇਤੀ ਉਸ ਗਲ ਨੂੰ ਮਨ ਦੀਆਂ ਗਹਿਰਾਈਆਂ ਤਕ ਮਹਿਸੂਸ ਕਰਨ ਲਗਦੀਆਂ ਹਨ ਤੇ ਝੱਟ ਸਿਰ ਫੜ ਕੇ ਬੈਠ ਜਾਂਦੀਆਂ ਹਨ। ਅਜਿਹੀਆਂ ਚੁੱਭਵੀਆਂ ਗੱਲਾਂ ਕਈ ਦਿਨਾਂ ਤਕ ਉਨ੍ਹਾਂ ਦੇ ਦਿਮਾਗ਼ ’ਚ ਘੁੰਮਦੀਆਂ ਰਹਿੰਦੀਆਂ ਹਨ ਤੇ ਸਿਰਦਰਦ ਦਾ ਕਾਰਨ ਬਣਦੀ ਹੈ।



### ਇਲਾਜ

ਇਲੈਕਟ੍ਰੋਪੈਥੀ ਦਵਾਈਆਂ, ਜੋ ਪੌਦਿਆਂ ਦੇ ਸੰਪਰੈਜਰਿਕ ਅਸੈਂਸ (ਅਰਕ) ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹ ਦਿਮਾਗ਼ ਦੇ ਉੱਤਰੀ ਤੇ ਦੱਖਣੀ ਧਰੁਵਾਂ ਨੂੰ ਬੈਲੇਂਸ ਕਰਦੀਆਂ ਹਨ। ਦਿਮਾਗ਼ ਵਿੱਚੋਂ ਸੋਜ਼ਿਸ਼ ਨੂੰ ਹਟਾਉਂਦੀਆਂ ਹਨ। ਨੜੀਆਂ ’ਚ ਜੰਮੇ ਹੋਏ ਰੇਸ਼ੇ ਤੇ ਹੋਰ ਜ਼ਹਿਰੀਲੇ ਮਾਦੇ ਨੂੰ ਬਾਹਰ ਕੱਢਦੀਆਂ ਹਨ। ਦਿਮਾਗ਼ ਨੂੰ ਸ਼ਾਂਤ ਰੱਖਦੀਆਂ ਤੇ ਤਣਾਅ ਸਹਿਣ ਦੀ ਸਮਰਥਾ ਵਧਾਉਂਦੀਆਂ ਹਨ ਅਤੇ ਸਿਰਦਰਦ ਦੇ ਕਾਰਨਾਂ ਦਾ ਸਥਾਈ ਇਲਾਜ ਕਰਦੀਆਂ ਹਨ। •

98147-00975

### ਲੱਛਣ

*ਸਿਰਦਰਦ ਦੀ ਪਰੇਸ਼ਾਨੀ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਹੋ ਸਕਦੀ ਹੈ। ਸਿਰਦਰਦ ਦੇ ਕਈ ਲੱਛਣ ਹੁੰਦੇ ਹਨ, ਜਿਵੇਂ ਪੁੜਪੁੜੀਆਂ ਵੱਜਣੀਆਂ, ਅੱਧਾ ਸਿਰਦਰਦ ਜਾਂ ਮਾਈਗ੍ਰੇਨ, ਸਾਹਮਣਿਓਂ ਮੱਥਾ ਦਰਦ ਕਰਨਾ, ਸਿਰ ਵਿੱਚੋਂ ਚੱਲ ਕੇ ਅੱਖ ’ਚ ਪੀੜ ਆਉਣੀ, ਗਰਦਨ ਵੱਲ ਨੂੰ ਪੀੜ ਦਾ ਜਾਣਾ, ਚੱਕਰ ਆਉਣ ’ਤੇ ਦਰਦ ਹੋਣਾ, ਸਿਰ ਦੁਆਲੇ ਚੱਕਰੀ ਘੁੰਮਦੀ ਮਹਿਸੂਸ ਹੋਣੀ, ਦਿਮਾਗ਼ ਵਿਚ ਹਥੌੜੇ ਚੱਲਣੇ, ਸੂਰਜ ਚੜ੍ਹਨ ਨਾਲ ਸਿਰਦਰਦ ਦਾ ਵਧਦਾ ਜਾਣਾ, ਸਿਰ ਦਰਦ ਦੇ ਨਾਲ ਉਲਟੀ ਆਉਣੀ, ਸੂਰਜ ਡੁੱਬਣ ਨਾਲ ਸਿਰ ਦਰਦ ਹਟ ਜਾਣਾ ਆਦਿ।*

# ਰੋਗਾਂ ਤੋਂ ਨਿਜਾਤ ਦਿਵਾਉਂਦੀ ਨਿੰਮ



ਐਂਟੀਬਾਇਓਟਿਕ ਤੱਤਾਂ ਨਾਲ ਭਰਪੂਰ ਨਿੰਮ ਨੂੰ ਵਧੀਆ ਦਵਾਈ ਦੇ ਰੂਪ ’ਚ ਜਾਣਿਆ ਜਾਂਦਾ ਹੈ। ਇਹ ਸੁਆਦ ’ਚ ਬੇਸ਼ੱਕ ਕੌੜੀ ਹੁੰਦੀ ਹੋਵੇ ਪਰ ਇਸ ਤੋਂ ਕਈ ਲਾਭ ਹੁੰਦੇ ਹਨ। ਵੈਸੇ ਤਾਂ ਨਿੰਮ ’ਚ ਹਰ ਸਮੱਸਿਆ ਦਾ ਇਲਾਜ ਹੈ।


- ਛੋਟੇ ਜ਼ਹਿਰੀਲੇ ਜੀਵਾਂ ਦੇ ਕੱਟਣ ’ਤੇ ਨਿੰਮ ਦੇ ਪੱਤਿਆਂ ਨੂੰ ਬਾਰੀਕ ਪੀਸ ਕੇ ਕੱਟੇ ਹੋਏ ਜ਼ਖ਼ਮ ’ਤੇ ਲੇਪ ਕਰਨ ਨਾਲ ਰਾਹਤ ਮਿਲਦੀ ਹੈ ਅਤੇ ਜ਼ਹਿਰ ਵੀ ਨਹੀਂ ਫੈਲਦੀ।
- ਕਿਸੇ ਤਰ੍ਹਾਂ ਦੇ ਜ਼ਖ਼ਮ ਹੋਣ ’ਤੇ ਵੀ ਨਿੰਮ ਦੇ ਪੱਤਿਆਂ ਦਾ ਲੇਪ ਲਾਉਣ ਨਾਲ ਲਾਭ ਮਿਲਦਾ ਹੈ। ਇਸ ਤੋਂ ਇਲਾਵਾ ਜੈਤੂਨ ਦੇ ਤੇਲ ਨਾਲ ਨਿੰਮ ਦੇ ਪੱਤਿਆਂ ਦਾ ਪੇਸਟ ਬਣਾ ਕੇ ਲਾਉਣ ਨਾਲ (ਨਾਸੂਰ) ਵੀ ਠੀਕ ਹੋ ਜਾਂਦਾ ਹੈ।
- ਖਾਰਿਸ਼ ਦੀ ਸਮੱਸਿਆ ਹੋਣ ’ਤੇ ਨਿੰਮ ਦੇ ਪੱਤਿਆਂ ਨੂੰ ਦਹੀਂ ਨਾਲ ਪੀਸ ਕੇ ਲਾਉਣ ਨਾਲ ਜਲਦ ਫਾਇਦਾ ਹੁੰਦਾ ਹੈ ਅਤੇ ਖਾਰਿਸ਼ ਦੀ ਸਮੱਸਿਆ ਖ਼ਤਮ ਹੋ ਜਾਂਦੀ ਹੈ।
- ਗੁਰਦੇ ਵਿਚ ਪੱਥਰੀ ਹੋਣ ’ਤੇ ਨਿੰਮ ਦੇ ਪੱਤਿਆਂ ਦੀ ਰਾਖ ਨੂੰ 2 ਗ੍ਰਾਮ ਰੋਜ਼ ਪਾਣੀ ਨਾਲ ਖਾਣ ’ਤੇ ਪੱਥਰੀ ਗ਼ਲਣ ਲਗਦੀ ਹੈ ਤੇ ਪਿਸ਼ਾਬ ਜ਼ਰੀਏ ਬਾਹਰ ਨਿਕਲ ਜਾਂਦੀ ਹੈ।
- ਮਲੇਰੀਆ ਬੁਖ਼ਾਰ ਹੋਣ ’ਤੇ ਨਿੰਮ ਦੇ ਛਿਲਕੇ ਨੂੰ ਪਾਣੀ ਵਿਚ ਉਬਾਲ ਕੇ ਉਸ ਦਾ ਕਾੜ੍ਹਾ ਬਣਾ ਲਓ। ਇਸ ਕਾੜ੍ਹੇ ਨੂੰ ਦਿਨ ਵਿਚ ਤਿੰਨ ਵਾਰ ਦੋ ਵੱਡੇ ਚਮਚ ਪਾਣੀ ਨਾਲ ਲਵੋ, ਬੁਖ਼ਾਰ ਠੀਕ ਹੁੰਦਾ ਹੈ ਅਤੇ ਕਮਜ਼ੋਰੀ ਵੀ ਠੀਕ ਹੁੰਦੀ ਹੈ।
- ਸਿਰ ਦਰਦ, ਦੰਦ ਦਰਦ, ਹੱਥ-ਪੈਰ ਦਰਦ ਦੀ ਸਮੱਸਿਆ ਹੋਣ ’ਤੇ ਨਿੰਮ ਦੇ ਤੇਲ ਦੀ ਮਾਲਿਸ਼ ਨਾਲ ਕਾਫ਼ੀ ਲਾਭ ਮਿਲਦਾ ਹੈ।
- ਨਿੰਮ ਦੀ ਦਾਤਣ ਨਾਲ ਦੰਦ ਮਜ਼ਬੂਤ ਹੁੰਦੇ ਹਨ। ਨਿੰਮ ਦੇ ਪੱਤਿਆਂ ਦਾ ਕਾੜ੍ਹਾ ਬਣਾ ਕੇ ਉਸ ਨਾਲ ਕੁਰਲੀ ਕਰਨ ਨਾਲ ਦੰਦ ਤੇ ਮਸੂੜੇ ਠੀਕ ਰਹਿੰਦੇ ਹਨ ਤੇ ਮੂੰਹ ਵਿੱਚੋਂ ਬਦਬੂ ਨਹੀਂ ਆਉਂਦੀ।
- ਚਿਹਰੇ ਉੱਪਰ ਕਿੱਲ ਹੋਣ ’ਤੇ ਨਿੰਮ ਦੇ ਛਿਲਕੇ ਨੂੰ ਪਾਣੀ ਵਿਚ ਮਿਲਾ ਕੇ ਲਗਾਉਣ ਨਾਲ ਫ਼ਾਇਦਾ ਹੁੰਦਾ ਹੈ। ਨਿੰਮ ਦੇ ਪੱਤਿਆਂ ਦਾ ਲੇਪ ਕਰਨ ਨਾਲ ਵੀ ਚਮੜੀ ਠੀਕ ਰਹਿੰਦੀ ਹੈ। •

***ਚਮੜੀ ਦੇ ਰੋਗਾਂ ਲਈ ਨਿੰਮ ਦੇ ਤੇਲ ਦੀ ਵਰਤੋਂ ਲਾਭਕਾਰੀ ਹੈ। ਨਿੰਮ ਦੇ ਤੇਲ ਵਿਚ ਥੋੜ੍ਹਾ ਜਿਹਾ ਕਪੂਰ ਜਾਂ ਕਾਫੂਰ ਮਿਲਾ ਕੇ ਸਰੀਰ ’ਤੇ ਮਾਲਿਸ਼ ਕਰਨ ਨਾਲ ਚਮੜੀ ਦੇ ਰੋਗ ਠੀਕ ਹੁੰਦੇ ਹਨ।***

# ਸੁਖਪਾਲ ਖਹਿਰਾ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਵੀਡੀਓਜ਼ ਦੀ ਫੋਰੈਂਸਿਕ ਜਾਂਚ ਦੀ ਮੰਗ

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਜਲੰਧਰ 11 ਜਨਵਰੀ। ਸੀਨੀਅਰ ਕਾਂਗਰਸੀ ਆਗੂ ਅਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਕਥਿਤ ਤੌਰ ’ਤੇ ਜੁੜੀਆਂ ਇਤਰਾਜ਼ਯੋਗ ਵੀਡੀਓਜ਼ ਦੇ ਗੰਭੀਰ ਮਾਮਲੇ ਨੂੰ ਜਨਤਕ ਮੰਚ ’ਤੇ ਲਿਆਂਦੇ ਜਾਣ ਦੇ ਫ਼ੈਸਲੇ ਦਾ ਸਵਾਗਤ ਕੀਤਾ। ਖਹਿਰਾ ਨੇ ਮੰਗ ਕੀਤੀ ਕਿ ਇਨ੍ਹਾਂ ਸਾਰੀਆਂ ਵੀਡੀਓਜ਼ ਜਿਨ੍ਹਾਂ ਵਿਚ ਕੁਝ ਹਫ਼ਤੇ ਪਹਿਲਾਂ ਸੋਸ਼ਲ ਮੀਡੀਆ ’ਤੇ ਵਾਇਰਲ ਹੋਈਆਂ ਅਸ਼ਲੀਲ ਵੀਡੀਓਜ਼ ਵੀ ਸ਼ਾਮਲ ਹਨ ਦੀ ਅਜ਼ਾਦ, ਨਿਰਪੱਖ ਅਤੇ ਭਰੋਸੇਯੋਗ ਫੋਰੈਂਸਿਕ ਜਾਂਚ ਕਰਵਾਈ ਜਾਵੇ। ਖਹਿਰਾ ਨੇ ਕਿਹਾ ਕਿ ਜਦੋਂ ਖ਼ੁਦ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਐਲਾਨ ਕੀਤਾ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਇੱਕ ਨਿਮਾਣੇ ਸਿੱਖ ਵਜੋਂ ਪੇਸ਼ ਹੋਣਗੇ, ਨਾ ਕਿ ਮੁੱਖ ਮੰਤਰੀ ਦੇ ਤੌਰ ’ਤੇ, ਤਾਂ ਇੰਨਸਾਫ਼ ਦੀ ਪਵਿੱਤਰਤਾ ਅਤੇ ਜਾਂਚ ਦੀ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਆਪਣੀ ਪੇਸ਼ੀ ਤੋਂ ਪਹਿਲਾਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ। ਖਹਿਰਾ ਨੇ ਕਿਹਾ, “ਜੇ ਭਗਵੰਤ ਮਾਨ ਸੱਚਮੁੱਚ ਨਿਮਰਤਾ ਅਤੇ ਇਮਾਨਦਾਰੀ ਨਾਲ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣਾ ਚਾਹੁੰਦੇ ਹਨ, ਤਾਂ ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਅਸਤੀਫ਼ਾ ਦੇ ਕੇ ਸਪਸ਼ਟ ਕਰਨ ਕਿ ਸਰਕਾਰੀ ਤਾਕਤ ਜਾਂ ਸਰਕਾਰੀ ਅਹੁਦਾ ਕਿਸੇ ਵੀ ਤਰ੍ਹਾਂ ਨਾਲ ਫੋਰੈਂਸਿਕ ਜਾਂਚ ਜਾਂ ਧਾਰਮਿਕ ਪ੍ਰਕਿਰਿਆ ਨੂੰ ਪ੍ਰਭਾਵਿਤ ਨਹੀਂ ਕਰੇਗੀ। ਖਹਿਰਾ ਨੇ ਦੋਸ਼ ਲਗਾਇਆ ਕਿ ਸੱਚਾਈ ਸਾਹਮਣੇ ਲਿਆਉਣ ਲਈ ਫੋਰੈਂਸਿਕ ਜਾਂਚ ਕਰਵਾਉਣ ਦੀ ਬਜਾਏ, ਆਮ ਆਦਮੀ ਪਾਰਟੀ ਸਰਕਾਰ ਨੇ ਬਿਨਾਂ ਕਿਸੇ ਤਕਨੀਕੀ ਤਸਦੀਕ ਦੇ ਜਲਦਬਾਜ਼ੀ ਵਿਚ ਇਨ੍ਹਾਂ ਵੀਡੀਓਜ਼ ਨੂੰ 19 ਨਾਲ ਬਣੀਆਂ ਦੱਸ ਦਿੱਤਾ ਅਤੇ ਸਿਆਸੀ ਤਾਕਤ ਦੀ ਦੁਰਵਰਤੋਂ ਕਰਕੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਇਨ੍ਹਾਂ ਨੂੰ ਬਲੌਕ ਕਰਵਾਇਆ, ਜਿਸ ਨਾਲ ਜਨਤਕ ਨਿਗਰਾਨੀ ਅਤੇ ਪਾਰਦਰਸ਼ਿਤਾ ਨੂੰ ਦਬਾਇਆ ਗਿਆ। ਹੁਣ ਜਦੋਂ ਇਹ ਮਾਮਲਾ ਸਿੱਖ ਕੌਮ ਦੀ ਸਭ ਤੋਂ ਉੱਚੀ ਧਾਰਮਿਕ-ਸੰਸਾਰੀ ਅਥਾਰਟੀ ਅੱਗੇ ਆ ਗਿਆ ਹੈ, ਤਾਂ ਕਿਸੇ ਵੀ ਕਿਸਮ ਦੀ ਗੁੰਝਲ ਜਾਂ ਪਰਦਾ ਨਹੀਂ ਹੋਣਾ ਚਾਹੀਦਾ। ਸਿਰਫ਼ ਅਜ਼ਾਦ ਫੋਰੈਂਸਿਕ ਜਾਂਚ ਹੀ ਸੱਚਾਈ ਸਾਹਮਣੇ ਲਿਆ ਸਕਦੀ ਹੈ ਅਤੇ ਅਟਕਲਾਂ ਦਾ ਅੰਤ ਕਰ ਸਕਦੀ ਹੈ। ਵੀਡੀਓ ਵਿਵਾਦ ਤੋਂ ਇਲਾਵਾ, ਖਹਿਰਾ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਵੀ ਸਿੱਖ ਪੰਥ ਨਾਲ ਜੁੜੇ ਸਭ ਤੋਂ ਸੰਵੇਦਨਸ਼ੀਲ ਅਤੇ ਦਰਦਨਾਕ ਮਾਮਲਿਆਂ ਜਿਵੇਂ 2015 ਦੀਆਂ ਬੇਅਦਬੀ ਘਟਨਾਵਾਂ, ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਦੇ ਕਤਲ, ਅਤੇ ਮੌੜ ਬੰਬ ਧਮਾਕਾ ਮਾਮਲੇ ਵਿਚ ਇੰਨਸਾਫ਼ ਨਾ ਦਿਵਾਉਣ ਅਤੇ ਜਾਣਬੁੱਝ ਕੇ ਦੇਰੀ ਲਈ ਜਵਾਬਦੇਹ ਬਣਾਉਣ। ਖਹਿਰਾ ਨੇ ਕਿਹਾ ਕਿ ਇਹ ਮਾਮਲੇ ਆਮ ਆਦਮੀ ਪਾਰਟੀ ਅਤੇ ਖ਼ੁਦ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿਚ ਸੱਤਾ ਵਿਚ ਆਉਣ ਤੋਂ ਪਹਿਲਾਂ ਕੀਤੇ ਗਏ ਸਭ ਤੋਂ ਵੱਡੇ ਵਾਅਦੇ ਸਨ। ਲਗਭਗ ਚਾਰ ਸਾਲ ਬੀਤ ਜਾਣ ਬਾਵਜੂਦ, ਪੀੜਤ ਪਰਿਵਾਰਾਂ ਨੂੰ ਧੋਖੇ, ਦੇਰੀ ਅਤੇ ਝੂਠੇ ਭਰੋਸਿਆਂ ਤੋਂ ਇਲਾਵਾ ਕੁਝ ਨਹੀਂ ਮਿਲਿਆ।” ਖਹਿਰਾ ਨੇ ਸਰਕਾਰ ਦੀ ਉਸ ਨੀਤੀ ਦੀ ਤਿੱਖੀ ਆਲੋਚਨਾ ਕੀਤੀ ਜਿਸ ਨੂੰ ਉਨ੍ਹਾਂ ਨੇ ਚੁਣਿੰਦੀ ਅਤੇ ਸਿਰਫ਼ ਦਿਖਾਵੇ ਵਾਲੀਆ ਕਾਰਵਾਈਆਂ ਕਿਹਾ। ਉਨ੍ਹਾਂ ਕਿਹਾ ਕਿ ਸਿਰਫ਼ 328 ਪਾਵਨ ਸਰੂਪਾਂ ਦੀ ਚੋਰੀ ’ਤੇ ਕਾਰਵਾਈ ਕਰਨਾ ਕਤਈ ਕਬੂਲਯੋਗ ਨਹੀਂ, ਜਦ ਤੱਕ ਬੇਅਦਬੀ ਦੇ ਅਸਲ ਸਾਜ਼ਿਸ਼ਕਾਰਾਂ ਅਤੇ ਦੋਸ਼ੀਆਂ ਜਿਨ੍ਹਾਂ ਵਿੱਚ ਡੇਰਾ ਸੱਚਾ ਸੌਦਾ ਦਾ ਮੁਖੀ ਅਤੇ ਉਸ ਦੇ ਸਾਥੀ ਵੀ ਸ਼ਾਮਲ ਹਨ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਨਹੀਂ ਲਿਆਂਦਾ ਜਾਂਦਾ। ਖਹਿਰਾ ਨੇ ਅਖੀਰ ਵਿਚ ਕਿਹਾ, “ਨਿਆਂ ਚੁਣਿੰਦਾ ਨਹੀਂ ਹੋ ਸਕਦਾ। ਸਿੱਖ ਕੌਮ ਖੋਖਲੇ ਕਦਮ ਕਦੇ ਵੀ ਸਵੀਕਾਰ ਨਹੀਂ ਕਰੇਗੀ। ਜਵਾਬਦੇਹੀ ਪੂਰਨ, ਨਿਰਪੱਖ ਅਤੇ ਨਿਡਰ ਹੋਣੀ ਚਾਹੀਦੀ ਹੈ।



### ਸਿੱਖ ਗੁਰੂ ਸਾਹਿਬਾਨ ਬਾਰੇ ਮਾੜੀ ਭਾਸ਼ਾ ਬਰਦਾਸ਼ਤਯੋਗ ਨਹੀਂ, ਮੁਆਫੀ ਮੰਗੇ ਆਤਿਸ਼ੀ : ਗਿਆਨੀ ਹਰਪ੍ਰੀਤ ਸਿੰਘ

ਅੰਮ੍ਰਿਤਸਰ 11 ਜਨਵਰੀ। ਆਮ ਆਦਮੀ ਪਾਰਟੀ ਦੀ ਸੀਨੀਅਰ ਆਗੂ ਆਤਿਸ਼ੀ ਵੱਲੋਂ ਵਿਧਾਨ ਸਭਾ ਵਿਚ ਸਿੱਖ ਗੁਰੂਆਂ ਬਾਰੇ ਕੀਤੀ ਗਈ ਕਥਿਤ ਅਪਮਾਨਜਨਕ ਟਿੱਪਣੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਇਸ ਟਿੱਪਣੀ ਨੂੰ ਬੇਹੱਦ ਨਿੰਦਣਯੋਗ ਕਰਾਰ ਦਿੰਦਿਆਂ ਕਿਹਾ ਕਿ ਇਸ ਮਾਮਲੇ ਵਿੱਚ ਸੰਬੰਧਤ ਆਮ ਆਦਮੀ ਪਾਰਟੀ ਦੀ ਆਗੂ ਨੂੰ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਇਸ ਸਬੰਧੀ ਟਵੀਟ ਕਰਦੇ ਹੋਏ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਵਿਰੁੱਧ ਅਜਿਹੀ ਭਾਸ਼ਾ ਕਿਸੇ ਵੀ ਕੀਮਤ ’ਤੇ ਬਰਦਾਸ਼ਤਯੋਗ ਨਹੀਂ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੂੰ ਵੀ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਆਪਣੀ ਪਾਰਟੀ ਦੇ ਆਗੂ ਵੱਲੋਂ ਤੁਰੰਤ ਮੁਆਫ਼ੀ ਯਕੀਨੀ ਬਣਾਉਣ।

## ਸਰਦੀਆਂ ’ਚ ਜ਼ੁਰਾਬਾਂ ਪਾ ਕੇ ਸੌਣਾ ਫਾਇਦੇਮੰਦ ਜਾਂ ਨੁਕਸਾਨਦੇਹ?

ਵੈੱਬ ਡੈਸਕ 11 ਜਨਵਰੀ। ਸਰਦੀਆਂ ਦੇ ਮੌਸਮ ’ਚ ਅਕਸਰ ਰਾਤ ਨੂੰ ਸੌਂਦੇ ਸਮੇਂ ਪੈਰ ਬਹੁਤ ਜ਼ਿਆਦਾ ਠੰਡੇ ਹੋ ਜਾਂਦੇ ਹਨ, ਜਿਸ ਨੂੰ ‘ਕੋਲਡ ਫੀਟ’ ਕਿਹਾ ਜਾਂਦਾ ਹੈ। ਇਸ ਕਾਰਨ ਕਈ ਵਾਰ ਅਚਾਨਕ ਨੀਂਦ ਟੁੱਟ ਜਾਂਦੀ ਹੈ। ਮਾਹਿਰਾਂ ਅਨੁਸਾਰ, ਰਾਤ ਨੂੰ ਜ਼ੁਰਾਬਾਂ ਪਾ ਕੇ ਸੌਣਾ ਇਸ ਸਮੱਸਿਆ ਦਾ ਇਕ ਸੌਖਾ ਅਤੇ ਸਿਹਤਮੰਦ ਹੱਲ ਹੋ ਸਕਦਾ ਹੈ। ਸਿਹਤ ਮਾਹਿਰ ਅਨੁਸਾਰ, ਰਾਤ ਨੂੰ ਜ਼ੁਰਾਬਾਂ ਪਾਉਣ ਨਾਲ ਪੈਰ ਗਰਮ ਰਹਿੰਦੇ ਹਨ, ਜਿਸ ਨਾਲ ਖ਼ੂਨ ਦੀਆਂ ਨਾੜੀਆਂ ਫੈਲਦੀਆਂ ਹਨ। ਇਸ ਪ੍ਰਕਿਰਿਆ ਨੂੰ ‘ਵੇਸੋਡਿਲੇਸ਼ਨ’ ਕਿਹਾ ਜਾਂਦਾ ਹੈ, ਜੋ ਸਰੀਰ ਨੂੰ ਆਰਾਮ ਦੇ ਮੋਡ ’ਚ ਲੈ ਜਾਂਦੀ ਹੈ ਅਤੇ ਦਿਮਾਗ ਨੂੰ ਨੀਂਦ ਦੇ ਸੰਕੇਤ ਭੇਜਦੀ ਹੈ। ਨੈਸ਼ਨਲ ਸਲੀਪ ਫਾਊਂਡੇਸ਼ਨ ਮੁਤਾਬਕ, ਇਸ ਨਾਲ ਆਮ ਨਾਲੋਂ 10-15 ਮਿੰਟ ਪਹਿਲਾਂ ਨੀਂਦ ਆ ਸਕਦੀ ਹੈ। ਫਟੀਆਂ ਅੱਡੀਆਂ ਤੋਂ ਰਾਹਤ: ਜੇਕਰ ਸੌਣ ਤੋਂ ਪਹਿਲਾਂ ਪੈਰਾਂ ’ਤੇ ਮੁਇਸਚਰਾਈਜ਼ਰ ਜਾਂ ਨਾਰੀਅਲ ਤੇਲ ਲਗਾ ਕੇ ਸੂਤੀ ਜ਼ੁਰਾਬਾਂ ਪਾਈਆਂ ਜਾਣ, ਤਾਂ ਅੱਡੀਆਂ ਮੁਲਾਇਮ ਹੁੰਦੀਆਂ ਹਨ। ਹੌਟ ਫਲੈਸ਼ੇਜ਼: ਮੀਨੋਪੌਜ਼ ਦੇ ਪੜਾਅ ’ਚੋਂ ਲੰਘ ਰਹੀਆਂ ਔਰਤਾਂ ਲਈ ਇਹ ਫਾਇਦੇਮੰਦ ਹੈ ਕਿਉਂਕਿ ਇਹ ਸਰੀਰ ਦੇ ਅੰਦਰੂਨੀ ਤਾਪਮਾਨ ਨੂੰ ਕੰਟਰੋਲ ’ਚ ਰੱਖਦਾ ਹੈ। ਰੇਨੌਲਡਸ ਅਟੈਕ ਤੋਂ ਬਚਾਅ: ਜਿਨ੍ਹਾਂ ਲੋਕਾਂ ਨੂੰ ਠੰਡ ਕਾਰਨ ਉਂਗਲਾਂ ’ਚ ਖ਼ੂਨ ਦਾ ਪ੍ਰਵਾਹ ਘੱਟ ਹੋਣ ਦੀ ਸਮੱਸਿਆ ਹੁੰਦੀ ਹੈ, ਉਨ੍ਹਾਂ ਲਈ ਜ਼ੁਰਾਬਾਂ ਪਾ ਕੇ ਸੌਣਾ ਲਾਭਦਾਇਕ ਹੈ। ਰੱਖੋ ਇਨ੍ਹਾਂ ਸਾਵਧਾਨੀਆਂ ਦਾ ਖਾਸ ਧਿਆਨ ਸਰੋਤਾਂ ਅਨੁਸਾਰ, ਜ਼ੁਰਾਬਾਂ ਪਾ ਕੇ ਸੌਣ ਵੇਲੇ ਕੁਝ ਗੱਲਾਂ ਦਾ ਧਿਆਨ ਰੱਖਣਾ ਬੇਹੱਦ ਜ਼ਰੂਰੀ ਹੈ: ਤੰਗ ਜ਼ੁਰਾਬਾਂ ਤੋਂ ਪਰਹੇਜ਼:ਬਹੁਤ ਜ਼ਿਆਦਾ ਟਾਈਟ ਜ਼ੁਰਾਬਾਂ ਪਾਉਣ ਨਾਲ ਖ਼ੂਨ ਦਾ ਪ੍ਰਵਾਹ ਪ੍ਰਭਾਵਿਤ ਹੋ ਸਕਦਾ ਹੈ। ਸਿੰਥੈਟਿਕ ਫੈਬਰਿਕ: ਸਿੰਥੈਟਿਕ ਜ਼ੁਰਾਬਾਂ ਪਾਉਣ ਨਾਲ ਪਸੀਨਾ ਆ ਸਕਦਾ ਹੈ, ਜਿਸ ਨਾਲ ਫੰਗਲ ਇਨਫੈਕਸ਼ਨ ਦਾ ਖਤਰਾ ਵਧ ਜਾਂਦਾ ਹੈ। ਇਸ ਲਈ ਹਮੇਸ਼ਾ ਸਾਫ਼ ਅਤੇ ਸੂਤੀ ਜਾਂ ਉੱਨੀ ਜ਼ੁਰਾਬਾਂ ਦੀ ਚੋਣ ਕਰੋ।

## ਸੈਲੂਨ ਮਾਲਕ ਨੇ ਪਤਨੀ ਤੇ 2 ਧੀਆਂ ਸਣੇ ਖ਼ੁਦ ਨੂੰ ਮਾਰੀ ਸੀ ਗੋਲੀ

ਫ਼ਰੀਦਕੋਟ/ਫਿਰੋਜ਼ਪੁਰ 11 ਜਨਵਰੀ। ਫਿਰੋਜ਼ਪੁਰ ਵਿਖੇ ਬੀਤੇ ਦਿਨ ਵਾਪਰੇ ਦਰਦਨਾਕ ਹਾਦਸੇ ’ਚ ਇਕ ਸੈਲੂਨ ਮਾਲਕ ਵੱਲੋਂ ਆਪਣੀਆਂ ਦੋ ਧੀਆਂ ਅਤੇ ਪਤਨੀ ਨੂੰ ਗੋਲੀ ਮਾਰਨ ਤੋਂ ਬਾਅਦ ਖ਼ੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ਗਈ ਸੀ। ਅੱਜ ਉਨ੍ਹਾਂ ਚਾਰਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਲਿਆਂਦਾ ਗਿਆ। ਇੱਥੇ ਲਾਸ਼ਾਂ ਦਾ ਪੋਸਟਮਾਰਟਮ ਹੋਣ ਤੋਂ ਬਾਅਦ ਮ੍ਰਿਤਕਾਂ ਦਾ ਫਿਰੋਜ਼ਪੁਰ ਵਿਖੇ ਅੰਤਿਮ ਸੰਸਕਾਰ ਕੀਤਾ ਜਾਵੇਗਾ। ਮ੍ਰਿਤਕ ਮਾਹੀ ਸੋਢੀ ਦੇ ਗੁਆਂਢੀ ਕਰਨਬੀਰ ਸਿੰਘ ਨੇ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ ਸਵੇਰ ਜਦੋਂ ਉਨ੍ਹਾਂ ਦੇ ਕਿਰਾਏਦਾਰਾਂ ਨੇ ਆ ਕੇ ਦੱਸਿਆ ਕਿ ਮਾਹੀ ਸੋਢੀ ਵੱਲੋਂ ਨਾ ਤਾਂ ਫੋਨ ਚੁੱਕਿਆ ਜਾ ਰਿਹਾ ਅਤੇ ਨਾ ਹੀ ਦਰਵਾਜ਼ਾ ਖੋਲ੍ਹਿਆ ਜਾ ਰਿਹਾ ਹੈ ਤਾਂ ਇਸ ਤੋਂ ਬਾਅਦ ਜਦੋਂ ਉਹ ਉਸ ਦੇ ਘਰ ਪੁੱਜੇ ਅਤੇ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ। ਜਦੋਂ ਦਰਵਾਜ਼ਾ ਖੋਲ੍ਹ ਕੇ ਅੰਦਰ ਦੇਖਿਆ ਤਾਂ ਅੰਦਰ ਦਾ ਮੰਜ਼ਰ ਬਹੁਤ ਹੀ ਦਰਦਨਾਕ ਸੀ, ਜਿੱਥੇ ਮਾਹੀ ਸੋਢੀ ਸਮੇਤ ਉਸ ਦੀਆਂ ਦੋਵੇਂ ਧੀਆਂ ਅਤੇ ਉਸ ਦੀ ਪਤਨੀ ਦੀ ਮ੍ਰਿਤਕ ਦੇਹ ਪਈ ਹੋਈ ਸੀ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਕੱਢੀਆਂ ਜਾਣਗੀਆਂ ਪੈਦਲ ਯਾਤਰਾਵਾਂ

ਅੰਮ੍ਰਿਤਸਰ, 11 ਜਨਵਰੀ: ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਨਸ਼ਿਆਂ ਵਿਰੁੱਧ ਜੰਗ ਹੋਰ ਤੇਜ ਕਰਦੇ ਹੋਏ ਇਸ ਦਾ ਦੂਜਾ ਪੜਾਅ ਸ਼ੁਰੂ ਕਰ ਦਿੱਤਾ ਹੈ ਅਤੇ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਪੈਦਲ ਯਾਤਰਾਵਾਂ ਕੱਢੀਆਂ ਜਾਣਗੀਆਂ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਅੰਮ੍ਰਿਤਸਰ ਨਗਰ ਨਿਗਮ ਦੇ ਮੇਅਰ ਸ: ਜਤਿੰਦਰ ਸਿੰਘ ਮੋਤੀ ਭਾਟੀਆ ਨੇ ਹਲਕਾ ਪੂਰਬੀ ਅਤੇ ਦੱਖਣੀ ਦੀਆਂ ਵਾਰਡਾਂ ਦੇ ਇੰਚਾਰਜ਼ ਸਾਹਿਬਾਨਾਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ ਨਸ਼ਿਆਂ ਵਿਰੁੱਧ ਜੰਗ ਨੂੰ ਹੋਰ ਤੇਜ ਕਰ ਦਿੱਤਾ ਹੈ ਅਤੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਇਸ ਜੰਗ ਵਿੱਚ ਸਾਰੇ ਵੱਧ ਚੜ੍ਹ ਕੇ ਹਿੱਸਾ ਲਈਏ ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ। ਉਨਾਂ ਕਿਹਾ ਕਿ ਪੁਲਿਸ ਅਤੇ ਪ੍ਰਸ਼ਾਸਨ ਮਿੱਲ ਕੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਲੱਗੇ ਹੋਏ ਹਨ ਪਰ ਹੁਣ ਸਾਡੇ ਵਲੰਟੀਅਰ ਵੀ ਇਸ ਕੰਮ ਨੂੰ ਇਕੱਠੇ ਹੋ ਕੇ ਨਸ਼ੇ ਨੂੰ ਖ਼ਤਮ ਕਰਨਗੇ। ਉਨਾਂ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਕਿਹਾ ਕਿ ਉਹ ਪੰਜਾਬ ਦੀ ਹਰ ਗਲੀ ਕੋਨੇ-ਮਹੱਲੇ ਅਤੇ ਪਿੰਡ ਵਿੱਚ ਜਾਣ ਅਤੇ ਨਸ਼ਾ ਕਰਨ ਵਾਲੇ ਵਿਅਕਤੀਆਂ ਦੀ ਪਹਿਚਾਣ ਕਰਕੇ ਉਨਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਲੈ ਕੇ ਆਉਣ। ਮੇਅਰ ਭਾਟੀਆ ਨੇ ਕਿਹਾ ਕਿ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਨੂੰ ਇਕ ਜੁੱਟ ਹੋਣਾ ਪਵੇਗਾ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਨਸ਼ਾ ਮੁਕਤੀ ਮੋਰਚਾ ਦੇ ਜਿਲ੍ਹਾ ਪ੍ਰਧਾਨ ਸ੍ਰੀ ਦੀਕਸ਼ਤ ਧਵਨ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਦੂਜਾ ਪੜਾਅ ਸ਼ੁਰੂ ਹੋ ਚੁੱਕਾ ਹੈ ਅਤੇ 11 ਜਨਵਰੀ ਤੋਂ ਲੈ ਕੇ 25 ਜਨਵਰੀ ਤੱਕ ਹਰ ਪਿੰਡ ਸ਼ਹਿਰ ਪੈਦਲ ਯਾਤਰਾਵਾਂ ਕੱਢੀਆਂ ਜਾਣਗੀਆਂ, ਜਿਸਦਾ ਮੁੱਖ ਮਕਸਦ ਨਸ਼ੇ ਰੂਪੀ ਕੋਹੜ ਦੇ ਖਿਲਾਫ਼ ਇਕ ਲੋਕ ਲਹਿਰ ਪੈਦਾ ਕਰਨਾ ਹੈ ਤਾਂ ਜੋ ਨਸ਼ੇ ਨੂੰ ਜੜ੍ਹ ਤੇ ਮੁਕਾਇਆ ਜਾ ਸਕੇ। ਉਨਾਂ ਦੱਸਿਆ ਕਿ ਸਰਕਾਰ ਵਲੋਂ ਪਿੰਡਾ ਦੇ ਪਹਿਰੇਦਾਰ ਦੇ ਨਾਂ ਤੇ ਇਹ ਕੈਂਪੇਅਨ ਲਾਂਚ ਕੀਤੀ ਗਈ ਹੈ ਜਿਸਦੇ ਨਾਲ ਇਕ ਫੋਨ ਨੰਬਰ 98991-00002 ਜਿਸਦੇ ਉੱਪਰ ਲੋਕ ਮਿਸ ਕਾਲ ਦੇ ਕੇ ਪਿੰਡ ਦੇ ਪਹਿਰੇਦਾਰਾ ਵਜੋਂ ਆਪਣੀ ਭੂਮਿਕਾ ਨਿਭਾ ਸਕਣਗੇ। ਸ੍ਰੀ ਧਵਨ ਨੇ ਕਿਹਾ ਕਿ ਸਰਕਾਰ ਵਲੋਂ ਲਾਂਚ ਕੀਤੀ ਗਈ ਐਪ ਰਾਹੀਂ ਲੋਕ ਆਪਣੇ ਇਲਾਕੇ ਵਿੱਚ ਨਸ਼ਾ ਤਸਕਰ ਦੀ ਜਾਣਕਾਰੀ ਵੀ ਸਾਂਝੀ ਕਰ ਸਕਦੇ ਹਨ ਅਤੇ ਇਸ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਸ੍ਰੀ ਧਵਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ। ਇਸ ਮੀਟਿੰਗ ਵਿੱਚ ਵਧੀਕ ਕਮਿਸ਼ਨਰ ਨਗਰ ਨਿਗਮ ਜੈ ਇੰਦਰ ਸਿੰਘ, ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਪ੍ਰਭਬੀਰ ਸਿੰਘ ਬਰਾੜ, ਐਸ.ਪੀ. ਪਰਵੇਸ਼ ਚੋਪੜਾ, ਏ.ਸੀ.ਪੀ. ਅਨੁਭਵ ਜੈਨ, ਹਰਨੂਰ ਸਿੰਘ, ਮਨਜੀਤ ਸਿੰਘ ਫੌਜੀ, ਨੋਡਲ ਅਫ਼ਸਰ ਸੰਜੀਵ ਕਾਲੀਆ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

### ਨਾਰੀ ਨਿਕੇਤਨ ਕੰਪਲੈਕਸ, ਅੰਮ੍ਰਿਤਸਰ ਵਿਖੇ ਵਿਸ਼ੇਸ਼ ਜਰੂਰਤਾਂ ਵਾਲੇ ਬੱਚਿਆਂ ਨਾਲ ਮਨਾਇਆ ਗਿਆ ਲੋਹੜੀ ਦਾ ਤਿਉਹਾਰ

ਅੰਮ੍ਰਿਤਸਰ, 11 ਜਨਵਰੀ: ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਅਧੀਨ ਚੱਲ ਰਹੇ ਕਮਿਊਨਟੀ ਹੋਮ ਫਾਰ ਮੈਂਟਲੀ ਰਿਟਾਰਡਿਡ, ਨਾਰੀ ਨਿਕੇਤਨ ਕੰਪਲੈਕਸ, ਅੰਮ੍ਰਿਤਸਰ ਵਿਖੇ ਵਿਸ਼ੇਸ਼ ਜਰੂਰਤਾਂ ਵਾਲੇ ਬੱਚਿਆਂ ਨਾਲ ਲੋਹੜੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ । ਇਸ ਤਿਉਹਾਰ ਦੇ ਮੋਕੇ ਤੇ ਸੰਸਥਾ ਵਿੱਚ ਰਹਿ ਰਹੀਆਂ ਸਹਿਵਾਸਣਾਂ ਨੇ ਡਾਂਸ ਪਰਫਾਰਮੈਂਸ ਦਿੱਤੀ। ਵਿਸ਼ੇਸ਼ ਜਰੂਰਤਾਂ ਵਾਲੇ ਬੱਚਿਆਂ ਨੇ ਰਵਾਇਤੀ ਗੀਤਾਂ ਅਤੇ ਨਾਚ ਰਾਹੀਂ ਤਿਉਹਾਰ ਦਾ ਪੂਰਾ ਆਨੰਦ ਮਾਣਿਆ। ਲੋਹੜੀ ਦੇ ਤਿਉਹਾਰ ਨੇ ਸੰਸਥਾ ਦੇ ਮਾਹੌਲ ਨੂੰ ਖੁਸ਼ੀਆਂ, ਉਤਸ਼ਾਹ ਅਤੇ ਆਪਸੀ ਸਾਂਝ ਨਾਲ ਭਰ ਦਿੱਤਾ।

## ‘ਕਦੋਂ ਵੱਢ ਲੈਣ, ਕੋਈ ਨਹੀਂ ਜਾਣਦਾ’, ਆਵਾਰਾ ਕੁੱਤਿਆਂ ਵਿਰੁੱਧ ਸੁਪਰੀਮ ਕੋਰਟ ਦੀ ਸਖ਼ਤ ਕਾਰਵਾਈ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 11 ਜਨਵਰੀ। ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਇੱਕ ਵਾਰ ਫਿਰ ਦੇਸ਼ ਭਰ ਵਿੱਚ ਆਵਾਰਾ ਕੁੱਤਿਆਂ ਦੇ ਵਧ ਰਹੇ ਖ਼ਤਰੇ ’ਤੇ ਸਖ਼ਤ ਰੁਖ਼ ਅਪਣਾਇਆ। ਅਦਾਲਤ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਕਿਸੇ ਵੀ ਕੁੱਤੇ ਦੇ ਵਿਵਹਾਰ ਦਾ ਪਹਿਲਾਂ ਤੋਂ ਅੰਦਾਜ਼ਾ ਲਗਾਉਣਾ ਅਸੰਭਵ ਹੈ ਅਤੇ ਇਹ ਭਵਿੱਖਬਾਣੀ ਕਰਨਾ ਗਲਤ ਹੋਵੇਗਾ ਕਿ ਕੁੱਤਾ ਕਦੋਂ ਹਮਲਾ ਕਰੇਗਾ। ਇਸ ਆਧਾਰ ’ਤੇ ਅਦਾਲਤ ਨੇ ਨਿਯਮਾਂ ਦੀ ਪਾਲਣਾ ਕਰਨ ਵਿੱਚ ਢਿੱਲ ਵਰਤਣ ਵਾਲੇ ਰਾਜਾਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਹ ਜਵਾਬ ਨਹੀਂ ਦਿੰਦੇ ਹਨ, ਤਾਂ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਸੁਣਵਾਈ ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐਨ.ਵੀ. ਅੰਜਾਰੀਆ ਦੀ ਬੈਂਚ ਦੇ ਸਾਹਮਣੇ ਹੋਈ। ਅਦਾਲਤ ਨੇ ਦੁਹਰਾਇਆ ਕਿ ਉਸਦਾ ਉਦੇਸ਼ ਨਵੇਂ ਕਾਨੂੰਨ ਬਣਾਉਣਾ ਨਹੀਂ ਸੀ, ਸਗੋਂ ਇਹ ਯਕੀਨੀ ਬਣਾਉਣਾ ਸੀ ਕਿ ਮੌਜੂਦਾ ਨਿਯਮਾਂ ਅਤੇ ਆਦੇਸ਼ਾਂ ਦੀ ਸਹੀ ਢੰਗ ਨਾਲ ਪਾਲਣਾ ਕੀਤੀ ਜਾ ਰਹੀ ਹੈ। ਜਸਟਿਸ ਮਹਿਤਾ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਬਹੁਤ ਸਾਰੇ ਰਾਜਾਂ ਨੇ ਹੁਣ ਤੱਕ ਨਾ ਤਾਂ ਤਸੱਲੀਬਖ਼ਸ਼ ਜਵਾਬ ਦਿੱਤੇ ਹਨ ਅਤੇ ਨਾ ਹੀ ਜ਼ਮੀਨੀ ਪੱਧਰ ’ਤੇ ਕਾਰਵਾਈ ਕੀਤੀ ਹੈ। ਇੱਕ ਪਹਿਲਾਂ ਦੇ ਹੁਕਮ ਵਿੱਚ,



ਸੁਪਰੀਮ ਕੋਰਟ ਨੇ ਨਿਰਦੇਸ਼ ਦਿੱਤਾ ਸੀ ਕਿ ਅਵਾਰਾ ਕੁੱਤਿਆਂ ਨੂੰ ਸੰਸਥਾਗਤ ਅਹਾਤਿਆਂ ਤੋਂ ਹਟਾ ਦਿੱਤਾ ਜਾਵੇ ਅਤੇ ਨਸਬੰਦੀ ਅਤੇ ਟੀਕਾਕਰਨ ਤੋਂ ਬਾਅਦ ਢੁਕਵੇਂ ਆਸਰਾ ਸਥਾਨਾਂ ਵਿੱਚ ਰੱਖਿਆ ਜਾਵੇ। ਅਦਾਲਤ ਨੇ ਮੰਨਿਆ ਕਿ ਇਸ ਪ੍ਰਣਾਲੀ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ ਹੈ, ਜਿਸ ਕਾਰਨ ਆਮ ਲੋਕਾਂ ਨੂੰ ਨੁਕਸਾਨ ਹੋ ਰਿਹਾ ਹੈ। ਸੁਣਵਾਈ ਦੌਰਾਨ ਅਦਾਲਤ ਨੇ ਰਾਜਸਥਾਨ ਦੀ ਉਦਾਹਰਣ ਦਿੰਦੇ ਹੋਏ ਇੱਕ ਗੰਭੀਰ ਟਿੱਪਣੀ ਕੀਤੀ। ਅਦਾਲਤ ਨੇ ਨੋਟ ਕੀਤਾ ਕਿ ਰਾਜਸਥਾਨ ਹਾਈ ਕੋਰਟ ਦੇ ਦੋ ਜੱਜ ਇੱਕ ਸੜਕ ਹਾਦਸੇ ਵਿੱਚ ਸ਼ਾਮਲ ਸਨ, ਜਿਨ੍ਹਾਂ ਵਿੱਚੋਂ ਇੱਕ ਅਜੇ ਵੀ ਰੀੜ੍ਹ ਦੀ ਹੱਡੀ ਦੀ ਗੰਭੀਰ ਸੱਟ ਤੋਂ ਪੀੜਤ ਹੈ। ਇਸ ਹਵਾਲੇ ਨੂੰ ਅਦਾਲਤ ਵੱਲੋਂ ਇੱਕ ਬਹੁਤ ਹੀ ਗੰਭੀਰ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਦੋਵਾਂ ਧਿਰਾਂ ਨੂੰ ਪੂਰੀ ਤਰ੍ਹਾਂ ਸੁਣਨਾ ਚਾਹੁੰਦੀ ਹੈ। ਬੈਂਚ ਨੇ ਕਿਹਾ ਕਿ ਪਹਿਲਾਂ ਪੀੜਤਾਂ ਦੀ ਗੱਲ ਸੁਣੀ ਜਾਵੇਗੀ, ਉਸ ਤੋਂ ਬਾਅਦ ਜਾਨਵਰ ਪ੍ਰੇਮੀਆਂ ਨੂੰ ਆਪਣੀਆਂ ਦਲੀਲਾਂ ਪੇਸ਼ ਕਰਨ ਦਾ ਪੂਰਾ ਮੌਕਾ ਮਿਲੇਗਾ, ਤਾਂ ਜੋ ਕਿਸੇ ਨੂੰ ਇਹ ਸ਼ਿਕਾਇਤ ਨਾ ਹੋਵੇ ਕਿ ਉਸਦੀ ਆਵਾਜ਼ ਨੂੰ ਦਬਾ ਦਿੱਤਾ ਗਿਆ ਸੀ। ਕੁੱਤੇ ਪ੍ਰੇਮੀਆਂ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਸਾਰੇ ਆਵਾਰਾ ਕੁੱਤਿਆਂ ਨੂੰ ਸ਼ੈਲਟਰਾਂ ਵਿੱਚ ਰੱਖਣਾ ਨਾ ਤਾਂ ਵਿਹਾਰਕ ਹੈ ਅਤੇ ਨਾ ਹੀ ਆਰਥਿਕ ਤੌਰ ’ਤੇ ਸੰਭਵ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਣਾਲੀ ਕੁੱਤਿਆਂ ਅਤੇ ਮਨੁੱਖਾਂ ਦੋਵਾਂ ਲਈ ਜੋਖਮ ਭਰੀ ਹੋ ਸਕਦੀ ਹੈ।

## ਵੋਟਰ ਸੂਚੀ ’ਚੋਂ ਕਟੇ ਕਾਂਗਰਸੀ ਆਗੂ ਗੁਰਦੀਪ ਸੱਪਲ ਤੇ ਉਨ੍ਹਾਂ ਦੇ ਪੂਰੇ ਪਰਿਵਾਰ ਦੇ ਨਾਂ

**ਕੌਮੀ ਪਤ੍ਰਿਕਾ**

ਨੋਇਡਾ 11 ਜਨਵਰੀ। ਸੀਨੀਅਰ ਕਾਂਗਰਸੀ ਆਗੂ ਗੁਰਦੀਪ ਸਿੰਘ ਸੱਪਲ ਨੇ ਬੁੱਧਵਾਰ ਨੂੰ ਦਾਅਵਾ ਕੀਤਾ ਕਿ ਉੱਤਰ ਪ੍ਰਦੇਸ਼ ਵਿੱਚ ਵੋਟਰ ਸੂਚੀਆਂ ਦੇ ਡਰਾਫਟ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਵਿੱਚੋਂ ਉਨ੍ਹਾਂ ਅਤੇ ਉਨ੍ਹਾਂ ਦੇ ਪੂਰੇ ਪਰਿਵਾਰ ਦੇ ਨਾਮ ਹਟਾ ਦਿੱਤੇ ਗਏ ਹਨ। ਹਾਲ ਹੀ ਵਿੱਚ ਗਾਜ਼ੀਆਬਾਦ ਤੋਂ ਨੋਇਡਾ ਤਬਦੀਲ ਕੀਤੇ ਗਏ ਸਪਲ ਨੇ ਸੋਸ਼ਲ ਮੀਡੀਆ ਰਾਹੀਂ ਬੀਐਲਓ ’ਤੇ ਦੋਸ਼ ਲਗਾਇਆ। ਉਨ੍ਹਾਂ ਨੇ ਇਸ ਬਾਰੇ ਚਿੰਤਾ ਪ੍ਰਗਟ ਕੀਤੀ ਕਿ ਕੀ ਉਹ ਫਾਰਮ 6 ਭਰ ਕੇ ਵੋਟਰ ਸੂਚੀ ਵਿੱਚ ਆਪਣੇ ਨਾਮ ਦੁਬਾਰਾ ਸ਼ਾਮਲ ਕਰ ਸਕਣਗੇ। ਹਾਲਾਂਕਿ, ਚੋਣ ਕਮਿਸ਼ਨ ਨੇ ਕਾਂਗਰਸੀ ਨੇਤਾ ਨੂੰ ਜਵਾਬ ਦਿੰਦੇ ਹੋਏ ਕਿਹਾ ਕਿ ਬੀਐਲਓ ਨੇ ਸਹੀ ਕੰਮ ਕੀਤਾ ਹੈ ਅਤੇ ਹਰ ਕੋਈ ਉਸੇ ਤਰ੍ਹਾਂ ਫਾਰਮ 6 ਭਰ ਸਕਦਾ ਹੈ ਜਿਵੇਂ ਉਸਨੇ ਕੀਤਾ ਸੀ। ਕਾਂਗਰਸੀ ਨੇਤਾ ਨੇ ✓ ’ਤੇ ਇੱਕ ਪੋਸਟ ਵਿੱਚ ਕਿਹਾ, ਉੱਤਰ ਪ੍ਰਦੇਸ਼ ਦੀ ਡਰਾਫਟ ਵੋਟਰ ਸੂਚੀ ਵਿੱਚੋਂ ਉਨ੍ਹਾਂ ਦਾ ਅਤੇ ਉਨ੍ਹਾਂ ਦੇ ਪਰਿਵਾਰ ਦੇ ਨਾਂ ਗਾਇਬ ਹਨ, ਜਦਕਿ ਉਨ੍ਹਾਂ ਦਾ ਨਾਂ 2003 ਦੀ ਵੋਟਰ ਸੂਚੀ ਵਿੱਚ ਸ਼ਾਮਲ ਸੀ। ਉਨ੍ਹਾਂ ਦੇ ਮਾਪਿਆਂ ਦੇ ਨਾਮ ਵੀ 2003 ਦੀ ਵੋਟਰ ਸੂਚੀ ਵਿੱਚ ਸ਼ਾਮਲ ਸਨ। ਮੈਂ ਕਮਿਸ਼ਨ ਦੇ ਨਿਯਮਾਂ ਅਨੁਸਾਰ ਜ਼ਰੂਰੀ ਦਸਤਾਵੇਜ਼ ਜਮ?ਹਾਂ ਕਰਵਾਏ। ਸੱਪਲ ਨੇ ਕਿਹਾ, ਮੈਂ ਖੁਦ ਭਾਰਤ ਦੇ ਉਪ ਰਾਸ਼ਟਰਪਤੀ ਨਾਲ ਸੇਵਾ ਨਿਭਾਈ ਹੈ ਅਤੇ ਰਾਜ ਸਭਾ ਸਕੱਤਰੇਤ ਵਿੱਚ ਸੰਯੁਕਤ ਸਕੱਤਰ ਸੀ। ਮੈਂ ਕਾਂਗਰਸ ਪਾਰਟੀ ਦੀ ਸਭ ਤੋਂ ਉੱਚ ਕਮੇਟੀ, ਸੀਡਬਲਯੂਸੀ ਦਾ ਮੈਂਬਰ ਵੀ ਹਾਂ। ਇਸ ਤੋਂ ਇਲਾਵਾ ਮੈਂ ਐਸਆਈਆਰ ਅਤੇ ਹੋਰ ਮਾਮਲਿਆਂ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ’ਤੇ ਕਮਿਸ਼ਨ ਨੂੰ ਕਾਂਗਰਸ ਦੇ ਵਫ਼ਦਾਂ ਦਾ ਹਿੱਸਾ ਰਿਹਾ ਹਾਂ। ਬੀਐਲਓ ਇਸ ਸਭ ਤੋਂ ਜਾਣੂ ਹਨ। ਫਿਰ ਵੀ, ਸਾਡੇ ਨਾਮ ਮਿਟਾ ਦਿੱਤੇ ਗਏ ਸਨ। ਕਾਂਗਰਸੀ ਨੇਤਾ ਨੇ ਕਿਹਾ ਕਿ ਉਨ੍ਹਾਂ ਦਾ ਘਰ ਪਹਿਲਾਂ ਉੱਤਰ ਪ੍ਰਦੇਸ਼ ਦੇ ਸਾਹਿਬਾਬਾਦ ਵਿਧਾਨ ਸਭਾ ਹਲਕੇ ਵਿੱਚ ਸੀ ਪਰ ਹੁਣ ਉਹ ਨੋਇਡਾ ਵਿਧਾਨ ਸਭਾ ਹਲਕੇ ਵਿੱਚ ਚਲੇ ਗਏ ਹਨ। ਸੱਪਲ ਨੇ ਕਿਹਾ ਕਿ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਐਸਆਈਆਰ ਵਿੱਚ ਮੁੜ ਵਸੇ ਹੋਏ ਵੋਟਰਾਂ ਦੇ ਨਾਮ ਬਰਕਰਾਰ ਰੱਖਣ ਦਾ ਕੋਈ ਪ੍ਰਬੰਧ ਨਹੀਂ ਹੈ। ਉਦਾਹਰਣ ਵਜੋਂ, ਜੇਕਰ ਕੋਈ ਵੋਟਰ ਕਿਸੇ ਨਵੇਂ ਖੇਤਰ ਵਿੱਚ ਚਲਾ ਗਿਆ ਹੈ, ਤਾਂ ਉਨ੍ਹਾਂ ਦਾ ਨਾਮ ਮਿਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ, ਮੇਰੇ ਵਰਗੇ ਕਰੋੜਾਂ ਸਹੀ ਵੋਟਰ ਹਨ। ਮੈਂ ਸ਼ਾਇਦ ਅਜੇ ਵੀ ਇੱਕ ਨਵਾਂ ਫਾਰਮ 6 ਭਰ ਸਕਦਾ ਹਾਂ ਅਤੇ ਆਪਣੇ ਪਰਿਵਾਰ ਦੇ ਨਾਮ ਜੋੜ ਸਕਦਾ ਹਾਂ ਪਰ ਕਿੰਨੇ ਲੋਕ ਅਜਿਹਾ ਕਰ ਸਕਣਗੇ? ਰਾਜ ਦੇ ਮੁੱਖ ਚੋਣ ਅਧਿਕਾਰੀ ਨੇ ’✓’ ’ਤੇ ਕਾਂਗਰਸੀ ਨੇਤਾ ਨੂੰ ਜਵਾਬ ਦਿੰਦੇ ਹੋਏ ਕਿਹਾ ਕਿ ਬੀਐਲਓ ਨੇ ਨਿਯਮਾਂ ਅਨੁਸਾਰ ਆਪਣਾ ਕੰਮ ਕੀਤਾ ਹੈ ਅਤੇ ਉਸਨੂੰ ਫਾਰਮ 6 ਭਰਨਾ ਚਾਹੀਦਾ ਹੈ। ਉਸਨੇ ਕਿਹਾ, ਗੁਰਦੀਪ ਜੀ, ਤੁਹਾਡਾ ਧੰਨਵਾਦ। ਤੁਸੀਂ ਆਪਣੀ ਪੋਸਟ ਵਿੱਚ, ਆਪਣੇ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੇ ਨਾਮ ਵੋਟਰ ਸੂਚੀ ਵਿੱਚੋਂ ਕੱਟੇ ਜਾਣ ਦਾ ਸਹੀ ਕਾਰਨ ਵੀ ਦੱਸਿਆ ਹੈ: ਕਿ ਤੁਸੀਂ ਗਾਜ਼ੀਆਬਾਦ ਤੋਂ ਨੋਇਡਾ ਚਲੇ ਗਏ ਹੋ। ਬੀਐਲਓ ਨੇ ਗਾਜ਼ੀਆਬਾਦ ਜ਼ਿਲ੍ਹੇ ਦੀ ਵੋਟਰ ਸੂਚੀ ਵਿੱਚੋਂ ਤੁਹਾਡਾ ਨਾਮ ਕੱਟ ਕੇ ਆਪਣਾ ਕੰਮ ਸਹੀ ਢੰਗ ਨਾਲ ਕੀਤਾ ਹੈ। ਤੁਹਾਨੂੰ ਅਤੇ ਤੁਹਾਡੇ ਪਰਿਵਾਰਕ ਮੈਂਬਰਾਂ ਨੂੰ ਗੌਤਮ ਬੁੱਧ ਨਗਰ ਜ਼ਿਲ੍ਹੇ ਦੀ ਵੋਟਰ ਸੂਚੀ ਵਿੱਚ ਆਪਣੇ ਨਾਮ ਸ਼ਾਮਲ ਕਰਨ ਲਈ ਫਾਰਮ 6 ਭਰਨਾ ਚਾਹੀਦਾ ਹੈ। ਅਧਿਕਾਰੀ ਨੇ ਕਿਹਾ, ਜਿਵੇਂ ਤੁਸੀਂ ਫਾਰਮ-6 ਭਰ ਸਕਦੇ ਹੋ, ਉਸੇ ਤਰ੍ਹਾਂ ਦੀ ਸਥਿਤੀ ਵਿੱਚ ਹੋਰ ਲੋਕ ਵੀ ਫਾਰਮ-6 ਭਰ ਸਕਦੇ ਹਨ ਅਤੇ ਉਨ੍ਹਾਂ ਨੂੰ ਫਾਰਮ 6 ਭਰਨਾ ਚਾਹੀਦਾ ਹੈ।



## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਹੋਇਆ ਸ਼ੁਰੂ - ਵਿਧਾਇਕ ਟੌਂਗ

ਅੰਮ੍ਰਿਤਸਰ, 011 ਜਨਵਰੀ: ਹਲਕਾ ਬਾਬਾ ਬਕਾਲਾ ਤੋਂ ਵਿਧਾਇਕ ਸ: ਦਲਬੀਰ ਸਿੰਘ ਟੌਂਗ ਨੇ ਅੱਜ ਰਈਆ ਰੈਸਟ ਹਾਊਸ ਵਿਖੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਨਸ਼ਿਆਂ ਵਿਰੁੱਧ ਜੰਗ ਹੋਰ ਤੇਜ ਕਰਦੇ ਹੋਏ ਇਸ ਦਾ ਦੂਜਾ ਪੜਾਅ ਸ਼ੁਰੂ ਕਰ ਦਿੱਤਾ ਹੈ। ਉਨਾਂ ਕਿਹਾ ਕਿ ਸੂਬੇ ਵਿਚ ਕਿਸੇ ਵੀ ਨਸ਼ਾ ਤਸਕਰ ਨੂੰ ਨਹੀਂ ਰਹਿਣ ਦਿੱਤਾ ਜਾਵੇਗਾ ਅਤੇ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੀ ਸਰਕਾਰੀ ਸ਼ੁਰੂਆਤ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਲੁਧਿਆਣਾ ਵਿਖੇ ਕਰ ਦਿੱਤੀ ਗਈ ਹੈ। ਸ: ਟੌਂਗ ਨੇ ਕਿਹਾ ਕਿ ਦੂਜੇ ਪੜਾਅ ਤਹਿਤ ਪੰਜਾਬ ਦੇ ਲਗਭਗ 15 ਹਜ਼ਾਰ ਪਿੰਡਾਂ ਅਤੇ ਵਾਰਡਾਂ ਵਿੱਚ ਪੈਦਲ ਯਾਤਰਾ ਕੀਤੀ ਜਾਵੇਗੀ ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ਼ ਇਕਜੁੱਟ ਕੀਤਾ ਜਾ ਸਕੇ। ਸ: ਟੌਂਗ ਨੇ ਕਿਹਾ ਕਿ ਸਰਕਾਰ ਵੱਲੋਂ ਪਿੰਡ ਦੇ ਪਹਿਰੇਦਾਰ ਬਣਨ ਲਈ 98991-00002 ਨੰਬਰ ਜਾਰੀ ਕੀਤਾ ਗਿਆ ਹੈ, ਜਿਸ ’ਤੇ ਮਿਸਡ ਕਾਲ ਦੇ ਕੇ ਲੋਕ ਆਪਣੀ ਰਜਿਸਟ?ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਨੰਬਰ ਤੇ ਮਿਸ ਕਾਲ ਦੇ ਕੇ ਕੋਈ ਵੀ ਨਾਗਰਿਕ ਨਸ਼ਾ ਤਸਕਰ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋ ਸਕਦਾ ਹੈ। ਇਸਦੇ ਨਾਲ ਹੀ “ਯੁੱਧ ਨਸ਼ਿਆਂ ਵਿਰੁੱਧ”ਮੋਬਾਇਲ ਐਪ ਵੀ ਲੋਕਾਂ ਨੂੰ ਸਮਰਪਿਤ ਕੀਤਾ ਗਿਆ। ਵਿਧਾਇਕ ਟੌਂਗ ਨੇ ਭਰੋਸਾ ਜਤਾਇਆ ਕਿ ਪਰਮਾਤਮਾ ਦੀ ਮਿਹਰ ਅਤੇ ਪੰਜਾਬ ਸਰਕਾਰ ਦੀ ਮਜ਼ਬੂਤ ਕਾਰਗੁਜ਼ਾਰੀ ਸਦਕਾ “ਯੁੱਧ ਨਸ਼ਿਆਂ ਵਿਰੁੱਧ”ਮੁਹਿੰਮ ਦੇ ਦੂਜੇ ਪੜਾਅ ਤਹਿਤ ਅਗਲੇ ਛੇ ਮਹੀਨਿਆਂ ਵਿੱਚ ਪੰਜਾਬ ਨੂੰ ਪੂਰਨ ਤੌਰ ’ਤੇ ਨਸ਼ਾ ਮੁਕਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਹੋ ਰਹੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਮੋੜਨ ਲਈ ਪੰਜਾਬ ਸਰਕਾਰ ਵੱਲੋਂ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਸਦੇ ਨਾਲ ਹੀ ਪਿੰਡ-ਪਿੰਡ ਖੇਡ ਮੈਦਾਨ ਅਤੇ ਲਾਇਬਰੇਰੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਨੌਜਵਾਨਾਂ ਨੂੰ ਸਕਾਰਾਤਮਕ ਵਾਤਾਵਰਨ ਅਤੇ ਰੁਜ਼ਗਾਰ ਦੇ ਮੌਕੇ ਮਿਲ ਸਕਣ। ਇਸ ਮੌਕੇ ਡੀ.ਐਸ.ਪੀ. ਅਰੁਣ ਸ਼ਰਮਾ, ਪ੍ਰਧਾਨ ਨਿਰਮਲ ਸਿੰਘ, ਬਲਜਿੰਦਰ ਸਿੰਘ, ਸਰਵਿੰਦਰ ਸਿੰਘ, ਸੁਖਦੇਵ ਸਿੰਘ ਪੱਡਾ, ਨਾਇਬ ਤਹਿਸੀਲ ਮਨੀ ਮਹਾਜਨ, ਐਸ.ਐਚ.ਓ. ਗੁਰਵਿੰਦਰ ਸਿੰਘ, ਹਰਜਿੰਦਰ ਸਿੰਘ ਟੌਂਗ, ਬਲਵਿੰਦਰ ਸਿੰਘ, ਬਲਦੇਵ ਸਿੰਘ ਬੋਟੇਵਾਲ, ਰਣਧੀਰ ਸਿੰਘ, ਮੀਡੀਆ ਇੰਚਾਰਜ ਵਿਸ਼ਾਲ ਮੰਨਣ, ਜਿਲ੍ਹਾ ਵਾਈਜ਼ ਪ੍ਰਧਾਨ ਕੁਲਦੀਪ ਸਿੰਘ ਛੱਜਵੱਡੀ, ਜਗਦੀਪ ਸਿੰਘ, ਦਵਿੰਦਰ ਸਿੰਘ, ਗੁਰਚਰਨ ਸਿੰਘ, ਗੁਰਮੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

## ਪੰਜਾਬ ਦੀ ਸਿਆਸਤ ’ਚ ਹਲਚਲ ! ਭਾਜਪਾ ਨੇ ਐਲਾਨੇ ਨਵੇਂ ਅਹੁਦੇਦਾਰ

**ਏਜੰਸੀਆਂ**

ਚੰਡੀਗੜ੍ਹ/ਜਲੰਧਰ 11 ਜਨਵਰੀ। ਆਗਾਮੀ ਨਗਰ ਨਿਗਮ ਚੋਣਾਂ ਦੀਆਂ ਤਿਆਰੀਆਂ ਨੂੰ ਤੇਜ਼ ਕਰਦੇ ਹੋਏ ਭਾਰਤੀ ਜਨਤਾ ਪਾਰਟੀ ਪੰਜਾਬ ਨੇ ਵੱਖ-ਵੱਖ ਨਗਰ ਨਿਗਮਾਂ ਲਈ ਇੰਚਾਰਜ ਅਤੇ ਸਹਿ-ਇੰਚਾਰਜਾਂ ਦਾ ਐਲਾਨ ਕੀਤਾ ਹੈ। ਸੂਚੀ ਜਾਰੀ ਕਰਦਿਆਂ ਭਾਜਪਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਰਾਕੇਸ਼ ਰਾਠੌਰ ਨੇ ਦੱਸਿਆ ਕਿ ਮੋਗਾ ਨਗਰ ਨਿਗਮ ਲਈ ਕੇ. ਡੀ. ਭੰਡਾਰੀ ਨੂੰ ਇੰਚਾਰਜ ਅਤੇ ਜਤਿੰਦਰ ਮਿੱਤਲ ਨੂੰ ਸਹਿ-ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਪਠਾਨਕੋਟ ਨਗਰ ਨਿਗਮ ਲਈ ਰਾਜੇਸ਼ ਬਾਘਾ ਨੂੰ ਇੰਚਾਰਜ ਅਤੇ ਰਾਜੇਸ਼ ਹਨੀ ਨੂੰ ਸਹਿ-ਇੰਚਾਰਜ ਬਣਾਇਆ ਗਿਆ ਹੈ। ਮੋਹਾਲੀ ਨਗਰ ਨਿਗਮ ਲਈ ਹਰਮਿੰਦਰ ਜੱਸੀ ਨੂੰ ਇੰਚਾਰਜ ਅਤੇ ਪੁਸ਼ਪਿੰਦਰ ਸਿੰਘਲ ਨੂੰ ਸਹਿ-ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸੇ ਲੜੀ ਵਿਚ ਬਠਿੰਡਾ ਨਗਰ ਨਿਗਮ ਲਈ ਜੀਵਨ ਗੁਪਤਾ ਨੂੰ ਇੰਚਾਰਜ ਅਤੇ ਮੋਨਾ ਜਾਇਸਵਾਲ ਨੂੰ ਸਹਿ-ਇੰਚਾਰਜ ਬਣਾਇਆ ਗਿਆ ਹੈ। ਹੁਸ਼ਿਆਰਪੁਰ ਨਗਰ ਨਿਗਮ ਲਈ ਸੀਨੀਅਰ ਆਗੂ ਮਨੋਰੰਜਨ ਕਾਲੀਆ ਨੂੰ ਇੰਚਾਰਜ ਅਤੇ ਸੁਸ਼ੀਲ ਸ਼ਰਮਾ ਨੂੰ ਸਹਿ-ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਅਬੋਹਰ ਨਗਰ ਨਿਗਮ ਲਈ ਮਨਜੀਤ ਸਿੰਘ ਰਾਏ ਨੂੰ ਇੰਚਾਰਜ ਅਤੇ ਡੀ. ਪੀ. ਚੰਦਨ ਨੂੰ ਸਹਿ-ਇੰਚਾਰਜ ਬਣਾਇਆ ਗਿਆ ਹੈ। ਕਪੂਰਥਲਾ ਨਗਰ ਨਿਗਮ ਲਈ ਸੁਸ਼ੀਲ ਰਿੰਕੂ ਨੂੰ ਇੰਚਾਰਜ ਅਤੇ ਅਨਿਲ ਸੱਚਰ ਨੂੰ ਸਹਿ-ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਭਾਜਪਾ ਨੇ ਕਿਹਾ ਕਿ ਇਹ ਨਿਯੁਕਤੀਆਂ ਜਥੇਬੰਦੀ ਨੂੰ ਜ਼ਮੀਨੀ ਪੱਧਰ ’ਤੇ ਹੋਰ ਮਜ਼ਬੂਤ ਕਰਨ, ਬਿਹਤਰ ਤਾਲਮੇਲ ਯਕੀਨੀ ਬਣਾਉਣ ਅਤੇ ਆਗਾਮੀ ਨਗਰ ਨਿਗਮ ਚੋਣਾਂ ਵਿਚ ਪਾਰਟੀ ਦੀ ਪ੍ਰਭਾਵਸ਼ਾਲੀ ਤਿਆਰੀ ਅਤੇ ਮਜ਼ਬੂਤ ਪ੍ਰਦਰਸ਼ਨ ਦੇ ਉਦੇਸ਼ ਨਾਲ ਕੀਤੀਆਂ ਗਈਆਂ ਹਨ।

## 328 ਪਾਵਨ ਸਰੂਪਾਂ ਦੇ ਮਾਮਲੇ ’ਤੇ ਐਸਜੀਪੀਸੀ ’ਤੇ ਕਾਬਜ਼ ਧਿਰ ਦੀ ਚੁੱਪ ‘ਗੁਨਾਹ’ ਦੀ ਗਵਾਹੀ : ਕੁਲਤਾਰ ਸਿੰਘ ਸੰਧਵਾਂ

**ਕੌਮੀ ਪਤ੍ਰਿਕਾ**

ਚੰਡੀਗੜ੍ਹ 11 ਜਨਵਰੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੇ ਸੰਵੇਦਨਸ਼ੀਲ ਮਸਲੇ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ’ਤੇ ਕਾਬਜ਼ ਧਿਰ ਨੂੰ ਘੇਰਦੀਆਂ ਕਿਹਾ ਕਿ ਇੱਕ ਪਾਸੇ ਕਾਬਜ਼ ਧਿਰ ਦਾਅਵਾ ਕਰ ਰਹੀ ਹੈ ਕਿ ਈਸ਼ਰ ਸਿੰਘ ਕਮੇਟੀ ਅਤੇ ਅੰਤ੍ਰਿੰਗ ਕਮੇਟੀ ਨੇ ਦੋਸ਼ੀਆਂ ਖ਼?ਲਾਫ਼ ਸਪਸ਼ਟ ਕਾਰਵਾਈ ਦੀ ਸਿਫ਼ਾਰਸ਼ ਕੀਤੀ ਸੀ, ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਉਹ ਸਿਫ਼ਾਰਸ਼ਾਂ ਅੱਜ ਤੱਕ ਲਾਗੂ ਕਿਉਂ ਨਹੀਂ ਹੋਈਆਂ? ਕੀ ਇਹ ਮੰਨ ਲਿਆ ਜਾਵੇ ਕਿ ਕਾਰਵਾਈ ਨਾ ਕਰਨਾ ਹੀ ਦੋਸ਼ੀਆਂ ਨੂੰ ਸੁਰੱਖਿਅਤ ਰਸਤਾ ਦੇਣ ਦੀ ਸਿਆਸੀ ਸਾਜ਼ਿਸ਼ ਸੀ? ਸੰਧਵਾਂ ਨੇ ਤਿੱਖਾ ਹਮਲਾ ਕਰਦਿਆਂ ਪੁੱਛਿਆ ਕਿ ਕੀ ਦੋਸ਼ੀ ਇੰਨੇ ਪ੍ਰਭਾਵਸ਼ਾਲੀ ਸਨ ਜਾਂ ਅਪਣੇ ਹੀ ਘੇਰੇ ਵਿਚੋਂ ਸਨ ਕਿ ਉਨ੍ਹਾਂ ਨੂੰ ਸਜ਼ਾ ਦੇਣ ਦੀ ਬਜਾਏ ਪੰਥਕ ਮਰਿਆਦਾ ਨੂੰ ਛਿੱਕੇ ’ਤੇ ਟੰਗ ਦਿੱਤਾ ਗਿਆ? ਉਨ੍ਹਾਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਸਿੱਖ ਕੌਮ ਦੀਆਂ ਭਾਵਨਾਵਾਂ ਅਤੇ ਮਰਿਆਦਾ ਨਾਲੋਂ ਸਿਆਸੀ ਮੁਫ਼ਾਦਾਂ ਨੂੰ ਉੱਪਰ ਰੱਖਿਆ ਗਿਆ ਹੈ। ਜੇਕਰ ਰਿਪੋਰਟਾਂ ਵਿੱਚ ਸਭ ਕੁਝ ਸਾਫ਼ ਸੀ, ਤਾਂ ਸੱਚ ਨੂੰ ਜਾਣਬੁੱਝ ਕੇ ਸੰਗਤ ਤੋਂ ਲੁਕਾਉਣ ਪਿੱਛੇ ਕਿਹੜੀ ਮਜਬੂਰੀ ਸੀ? ਇਹ ਚੁੱਪ ਸਿੱਧੇ ਤੌਰ ’ਤੇ ਗੁਨਾਹਗਾਰਾਂ ਦੀ ਪਿੱਠ ਥਾਪੜਨ ਦੇ ਬਰਾਬਰ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਜਾਂਚ ਕਮੇਟੀਆਂ ਦੀਆਂ ਰਿਪੋਰਟਾਂ ਸਹੀ ਸਨ, ਤਾਂ ਉਹਨਾਂ ’ਤੇ ਅਮਲ ਨਾ ਕਰਨਾ ਇੱਕ ਗੰਭੀਰ ਪੰਥਕ ਅਪਰਾਧ ਹੈ ਜਿਸ ਲਈ ਮੌਜੂਦਾ ਐਸਜੀਪੀਸੀ ਆਗੂ ਸਿੱਧੇ ਤੌਰ ’ਤੇ ਜ਼ਿੰਮੇਵਾਰ ਹਨ। ਅਤੇ ਜੇਕਰ ਉਹ ਰਿਪੋਰਟਾਂ ਗਲਤ ਸਨ, ਤਾਂ ਅੱਜ ਤੱਕ ਸਿੱਖ ਜਗਤ ਨੂੰ ਅਸਲੀ ਸੱਚ ਤੋਂ ਵਾਂਝਾ ਕਿਉਂ ਰੱਖਿਆ ਗਿਆ? ਐਸਜੀਪੀਸੀ ਦੀ ਇਸ ਦੋਹਰੀ ਨੀਤੀ ਨੇ ਸੰਸਥਾ ਦੀ ਭਰੋਸੇਯੋਗਤਾ ਨੂੰ ਭਾਰੀ ਸੱਟ ਮਾਰੀ ਹੈ, ਜਿਸ ਦਾ ਜਵਾਬ ਸੰਗਤ ਨੂੰ ਦੇਣਾ ਹੀ ਪਵੇਗਾ। ਸੰਧਵਾਂ ਨੇ ਸਪਸ਼ਟ ਕੀਤਾ ਕਿ ਅੱਜ ਸਿੱਖ ਕੌਮ ਨੂੰ ਇਹ ਜਾਣਨ ਦਾ ਪੂਰਾ ਹੱਕ ਹੈ ਕਿ ਉਹ ਕਿਹੜੀਆਂ ਤਾਕਤਾਂ ਸਨ ਜਿਨ੍ਹਾਂ ਨੇ ਇਨਸਾਫ਼ ਦੇ ਰਾਹ ਵਿੱਚ ਰੋੜਾ ਅਟਕਾਇਆ। ਸਵਾਲ ਸਿਰਫ਼ ਸਿਫ਼ਾਰਸ਼ਾਂ ਬਣਾਉਣ ਵਾਲਿਆਂ ਦਾ ਨਹੀਂ, ਸਗੋਂ ਉਨ੍ਹਾਂ ਨੂੰ ਰੋਕਣ ਵਾਲੇ ਹੱਥਾਂ’ ਦਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਪਵਿੱਤਰ ਸਰੂਪਾਂ ਦੀ ਬੇਅਦਬੀ ਅਤੇ ਲਾਪਰਵਾਹੀ ਦੇ ਮਾਮਲੇ ਵਿੱਚ ਚੁੱਪ ਰਹਿਣ ਵਾਲੇ ਅਤੇ ਦੋਸ਼ੀਆਂ ਨੂੰ ਪਨਾਹ ਦੇਣ ਵਾਲੇ ਇਤਿਹਾਸ ਦੇ ਕਟਹਿਰੇ ਵਿੱਚ ਹਮੇਸ਼ਾ ਗੁਨਾਹਗਾਰ ਰਹਿਣਗੇ।



### ਬਿਸਤਰ ਗਿੱਲਾ ਕਰਨ ’ਤੇ ਸੌਤੇਲੀ ਮਾਂ ਬਣ ਗਈ ਹੈਵਾਨ, ਗਰਮ ਚਮਚ ਨਾਲ ਦਾਗੀ ਕੁੜੀ

ਪਲੱਕੜ 11 ਜਨਵਰੀ। ਇਕ ਔਰਤ ਨੇ ਬਿਸਤਰ ਗਿੱਲਾ ਕਰਨ ’ਤੇ 5 ਸਾਲ ਦੀ ਆਪਣੀ ਸੌਤੇਲੀ ਧੀ ਦੇ ਗੁਪਤ ਅੰਗ ਨੂੰ ਸਟੀਲ ਦੀ ਗਰਮ ਚਮਚ ਨਾਲ ਦਾਗ਼ ਦਿੱਤਾ। ਪੁਲਸ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਹ ਘਟਨਾ ਪਿਛਲੇ ਹਫ਼ਤੇ ਉੱਤਰੀ ਕੇਰਲ ਜ਼ਿਲ੍ਹੇ ਦੇ ਕਾਂਜੀਕੋਡ ਕੋਲ ਹੋਈ ਅਤੇ ਇਸ ਦਾ ਪਤਾ ਉਦੋਂ ਲੱਗਾ, ਜਦੋਂ ਬੱਚੀ ਦੀ ਆਂਗਣਵਾੜੀ ਅਧਿਆਪਕਾ ਨੇ ਦੇਖਿਆ ਕਿ ਉਸ ਨੂੰ ਜਮਾਤ ’ਚ ਬੈਠਣ ’ਚ ਪਰੇਸ਼ਾਨੀ ਹੋ ਰਹੀ ਹੈ। ਆਂਗਣਵਾੜੀ ਅਧਿਆਪਕਾ ਨੇ ਪੁਲਸ ਨੂੰ ਸੂਚਿਤ ਕੀਤਾ, ਜਿਸ ਨੇ ਵੀਰਵਾਰ ਨੂੰ ਸੌਤੇਲੀ ਮਾਂ ਨੂੰ ਗ੍ਰਿਫ਼ਤਾਰ ਕਰ ਕੇ ਉਸ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ’ਚ ਭੇਜ ਦਿੱਤਾ। ਔਰਤ ਬਿਹਾਰ ਦੀ ਰਹਿਣ ਵਾਲੀ ਹੈ। ਪੁਲਸ ਨੇ ਦੱਸਿਆ ਕਿ ਔਰਤ ’ਤੇ ਭਾਰਤੀ ਨਿਆਂ ਸੰਹਿਤਾ ਅਤੇ ਕਿਸ਼ੋਰ ਨਿਆਂ ਐਕਟ ਦੀਆਂ ਸੰਬੰਧਤ ਧਾਰਾਵਾਂ ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।